ਸ਼ਨੀਵਾਰ, 23 ਅਗਸਤ, 2025
8 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 82

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 23 AUGUST, 2025 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਵੋਟ ਬਣਾਉਣ ਲਈ ਆਧਾਰ ਕਾਰਡ ਵੀ ਚੱਲੇਗਾ

## ਸੁਪਰੀਮ ਕੋਰਟ ਵੱਲੋਂ ਚੋਣ ਕਮਿਸ਼ਨ ਨੂੰ ਆਨਲਾਈਨ ਦਾਅਵੇ ਵੀ ਪ੍ਰਵਾਨ ਕਰਨ ਦੇ ਹੁਕਮ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਭਾਰਤੀ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤਾ ਕਿ ਉਹ ਚੋਣਾਂ ਵਾਲੇ ਸੂਬੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ (ਐੱਸ ਆਈ ਆਰ) ਅਭਿਆਸ ਦੌਰਾਨ ਖਰੜਾ ਸੂਚੀ ’ਚੋਂ ਬਾਹਰ ਰੱਖੇ ਗਏ ਵੋਟਰਾਂ ਨੂੰ ਦਾਅਵੇ ਨਿੱਜੀ ਤੌਰ ’ਤੇ ਜਮ੍ਹਾਂ ਕਰਵਾਉਣ ਦੇ ਨਾਲ-ਨਾਲ ਆਨਲਾਈਨ ਮੋਡ ਰਾਹੀਂ ਜਮ੍ਹਾਂ ਕਰਵਾਉਣ ਦੀ ਆਗਿਆ ਦੇਵੇ। ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਜੋਇਆਮਾਲਾ ਬਾਗਚੀ ਦੀ ਬੈਂਚ ਨੇ ਵੋਟਰਾਂ ਨੂੰ ਦਾਅਵਾ ਫਾਰਮ ਆਧਾਰ ਕਾਰਡ ਨੰਬਰ ਅਤੇ ਐੱਸ ਆਈ ਆਰ ਲਈ 11 ਸਵੀਕਾਰਯੋਗ ਦਸਤਾਵੇਜ਼ਾਂ ਵਿੱਚੋਂ ਕਿਸੇ ਇੱਕ ਦੇ ਨਾਲ ਜਮ੍ਹਾਂ ਕਰਨ ਦੀ ਖੁੱਲ੍ਹ ਦੇ ਦਿੱਤੀ।

ਸੂਚੀ ’ਚੋਂ ਬਾਹਰ ਰੱਖੇ ਗਏ 65 ਲੱਖ ਵੋਟਰਾਂ ਨਾਲ ਸੰਬੰਧਤ ਇਤਰਾਜ਼ ਦਾਇਰ ਕਰਨ ਲਈ ਸਿਆਸੀ ਪਾਰਟੀਆਂ ਦੇ ਅੱਗੇ ਨਾ ਆਉਣ ’ਤੇ ਹੈਰਾਨੀ ਪ੍ਰਗਟ ਕਰਦਿਆਂ ਕੋਰਟ ਨੇ ਬਿਹਾਰ ਦੇ ਮੁੱਖ ਚੋਣ ਅਧਿਕਾਰੀ ਨੂੰ ਨਿਰਦੇਸ਼ ਦਿੱਤੇ ਕਿ ਉਹ ਇਨ੍ਹਾਂ ਪਾਰਟੀਆਂ ਨੂੰ



ਅਦਾਲਤੀ ਕਾਰਵਾਈ ਵਿੱਚ ਸ਼ਾਮਲ ਕਰੇ। ਬੈਂਚ ਨੇ ਮਾਮਲੇ ਦੀ ਸੁਣਵਾਈ 8 ਸਤੰਬਰ ਤੱਕ ਮੁਲਤਵੀ ਕਰਦਿਆਂ ਕਿਹਾ, “ਸਾਰੀਆਂ ਸਿਆਸੀ ਪਾਰਟੀਆਂ ਅਗਲੀ ਸੁਣਵਾਈ ਮੌਕੇ ਦਾਅਵਿਆਂ ਬਾਰੇ ਸਥਿਤੀ ਸਪੱਸ਼ਟ ਕਰਨਗੀਆਂ।”

ਬੈਂਚ ਨੇ ਚੋਣ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਸਿਆਸੀ ਪਾਰਟੀਆਂ ਦੇ ਬੂਥ ਪੱਧਰ ਦੇ ਏਜੰਟਾਂ, ਜੋ ਬਾਹਰ ਕੱਢੇ ਗਏ ਵੋਟਰਾਂ ਦੇ ਦਾਅਵੇ ਫਾਰਮ ਵਿਅਕਤੀਗਤ ਤੌਰ ’ਤੇ ਜਮ੍ਹਾਂ ਕਰਦੇ ਹਨ, ਨੂੰ ਰਸੀਦ ਦੇਣ। ਚੋਣ ਕਮਿਸ਼ਨ ਵੱਲੋਂ ਪੇਸ਼ ਸੀਨੀਅਰ ਵਕੀਲ ਰਾਜੇਸ਼ ਦਿਵੇਦੀ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਉਹ ਚੋਣ ਕਮਿਸ਼ਨ ਨੂੰ 15 ਦਿਨਾਂ ਦਾ ਸਮਾਂ ਦੇਵੇ ਤਾਂ ਜੋ ਇਹ ਦਿਖਾਇਆ ਜਾ ਸਕੇ ਕਿ ਕਿਤੇ ਕੋਈ ਕੁਤਾਹੀ ਨਹੀਂ ਵਰਤੀ ਗਈ। ਦਿਵੇਦੀ ਨੇ ਦੱਸਿਆ, “ਸਿਆਸੀ ਪਾਰਟੀਆਂ ਰੌਲਾ ਪਾ ਰਹੀਆਂ ਹਨ, ਪਰ ਹਾਲਾਤ ਇੰਨੇ ਵੀ ਮਾੜੇ ਨਹੀਂ ਹਨ। ਸਾਡੇ ’ਤੇ ਭਰੋਸਾ ਰੱਖੋ ਅਤੇ ਸਾਨੂੰ ਕੁਝ ਹੋਰ ਸਮਾਂ ਦਿਓ। ਤਾਂ ਕਿ ਅਸੀਂ ਤੁਹਾਨੂੰ ਦਿਖਾ ਸਕੀਏ ਕਿ ਕੋਈ ਵੀ ਕੁਤਾਹੀ ਨਹੀਂ ਵਰਤੀ ਹੈ।”

ਚੋਣ ਕਮਿਸ਼ਨ ਨੇ ਬੈਂਚ ਨੂੰ ਦੱਸਿਆ ਕਿ ਖਰੜਾ ਸੂਚੀਆਂ ਵਿੱਚ ਬਾਹਰ ਕੱਢੇ ਗਏ 85,000 ਵੋਟਰਾਂ ਨੇ ਵਿਅਕਤੀਗਤ ਤੌਰ ’ਤੇ ਆਪਣੇ ਦਾਅਵੇ ਦੇ ਫਾਰਮ ਜਮ੍ਹਾਂ ਕਰਵਾਏ ਹਨ ਅਤੇ ਦੋ ਲੱਖ ਤੋਂ ਵੱਧ ਨਵੇਂ ਵੋਟਰ ਰਾਜ ਵਿੱਚ ਐੱਸ ਆਈ ਆਰ ਅਭਿਆਸ ਤਹਿਤ ਵੋਟਰ ਸੂਚੀਆਂ ਵਿੱਚ ਆਪਣੇ ਨਾਂਅ ਦਰਜ ਕਰਵਾਉਣ ਲਈ ਅੱਗੇ ਆਏ ਹਨ। ਕੋਰਟ ਨੇ 14 ਅਗਸਤ ਨੂੰ ਚੋਣ ਪੈਨਲ ਨੂੰ 19 ਅਗਸਤ ਤੱਕ ਬਿਹਾਰ ਵਿੱਚ ਵੋਟਰ ਸੂਚੀਆਂ ਦੇ ਖਰੜੇ ਤੋਂ ਬਾਹਰ ਰੱਖੇ ਗਏ 65 ਲੱਖ ਵੋਟਰਾਂ ਦੇ ਵੇਰਵੇ ਪ੍ਰਕਾਸ਼ਤ ਕਰਨ ਦਾ ਨਿਰਦੇਸ਼ ਦਿੱਤਾ ਸੀ ਤਾਂ ਜੋ ਵੋਟਰ ਸੂਚੀ ਦੀ ਵਿਸ਼ੇਸ਼ ਵਿਆਪਕ ਸੋਧ ਵਿੱਚ ਪਾਰਦਰਸ਼ਤਾ ਨੂੰ ਉਤਸ਼ਾਹਤ ਕੀਤਾ ਜਾ ਸਕੇ ਅਤੇ ਆਧਾਰ ਕਾਰਡ ਨੂੰ ਪਛਾਣ ਦੇ ਸਬੂਤ ਲਈ ਇੱਕ ਸਵੀਕਾਰਯੋਗ ਦਸਤਾਵੇਜ਼ ਵਜੋਂ ਇਜਾਜ਼ਤ ਦਿੱਤੀ ਜਾ ਸਕੇ।

## ਰੂਹਾਂ ਖੁਸ਼ ਕਰਕੇ ਚਲੇ ਗਿਆ ਚਾਚਾ ਚਤਰਾ



**ਮੁਹਾਲੀ** : ਹਸਾ ਹਸਾ ਕੇ ਢਿੱਡੀ ਪੀੜਾਂ ਪਵਾਉਣ ਵਾਲੇ ਡਾ. ਜਸਵਿੰਦਰ ਭੱਲਾ ਸ਼ੁੱਕਰਵਾਰ ਤੜਕੇ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾ ਨੂੰ ਸਿਹਤ ਠੀਕ ਨਾ ਹੋਣ ਕਾਰਨ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਸੀ, ਜਿੱਥੇ ਸ਼ੁੱਕਰਵਾਰ ਤੜਕੇ ਅੰਤਮ ਸਾਹ ਲਏ। ਮੌਤ ਬ੍ਰੇਨ ਸਟਰੋਕ ਨਾਲ ਹੋਈ ਦੱਸੀ ਜਾ ਰਹੀ ਹੈ। ਉਨ੍ਹਾ ਦਾ ਸਸਕਾਰ ਧੀ ਦੇ ਵਿਦੇਸ਼ ਤੋਂ ਆਉਣ ਮਗਰੋਂ ਸ਼ਨਿੱਚਰਵਾਰ ਮੁਹਾਲੀ ਦੇ ਬਲੌਂਗੀ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਜਾਵੇਗਾ। ਉਹ ਆਪਣੇ ਪਿੱਛੇ ਪਤਨੀ ਪਰਮਦੀਪ ਢਿੱਲੋਂ, ਪੁੱਤਰ ਪੁਖਰਾਜ ਭੱਲਾ ਅਤੇ ਧੀ ਅਰਸ਼ਦੀਪ ਕੌਰ ਛੱਡ ਗਏ ਹਨ। ਪਰਮਦੀਪ ਭੱਲਾ ਫਾਈਨ ਆਰਟਸ ਟੀਚਰ ਹਨ। ਪੁਖਰਾਜ ਭੱਲਾ ਫਿਲਮ ਜਗਤ ’ਚ ਪਛਾਣ ਬਣਾ ਰਿਹਾ ਹੈ। ਭੱਲਾ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰੱਕਬਾ ਵਿਖੇ ਬਹਾਦਰ ਸਿੰਘ ਭੱਲਾ ਅਤੇ ਮਾਤਾ ਸਤਵੰਤ ਕੌਰ ਦੇ ਘਰ 4 ਮਈ 1960 ਨੂੰ ਪੈਦਾ ਹੋਏ। ਪਿਤਾ ਸਿੱਖਿਆ ਵਿਭਾਗ ’ਚ ਅਫਸਰ ਸਨ। ਉਨ੍ਹਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਐੱਮ ਐੱਸਸੀ ਐਗਰੀਕਲਚਰ ਕਰਨ ਤੋਂ ਬਾਅਦ ਚੌਧਰੀ ਚਰਨ ਸਿੰਘ ਪੋਸਟ ਗ੍ਰੈਜੂਏਟ ਕਾਲਜ ਮੇਰਠ ਤੋਂ ਪੀਐੱਚ ਡੀ ਕੀਤੀ। ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਸਹਾਇਕ ਪ੍ਰੋਫੈਸਰ ਵਜੋਂ ਭਰਤੀ ਹੋਏ ਅਤੇ 31 ਮਈ 2020 ਨੂੰ ਵਿਸਥਾਰ ਸਿੱਖਿਆ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਵਜੋਂ ਸੇਵਾਮੁਕਤ ਹੋਏ ਸਨ। ਉਨ੍ਹਾ ਦੀ ਵਿਦਿਆਰਥੀ ਜੀਵਨ ਤੋਂ ਹੀ ਕਲਾਕਾਰੀ ਵੱਲ ਰੁਚੀ ਸੀ। 1975 ਵਿੱਚ ਆਲ ਇੰਡੀਆ ਰੇਡੀਓ ਦੇ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਪਰ 1988 ਤੋਂ ਬਾਲ ਮੁਕੰਦ ਸ਼ਰਮਾ ਨਾਲ ਉਨ੍ਹਾ ਨੇ ‘ਛਣਕਾਟਾ’ ਰਾਹੀਂ ਪੱਕੇ ਪੈਰੀਂ ਕਾਮੇਡੀ ਖੇਤਰ ਵਿੱਚ ਐਂਟਰੀ ਕੀਤੀ। ਇਸ ਮਗਰੋਂ ਉਹ ਹਰ ਵਰ੍ਹੇ ਛਣਕਾਟਾ ਕੱਢਦੇ ਰਹੇ, ਜਿਸ ਵਿੱਚ ਲੋਕ ਮਸਲਿਆਂ ਨੂੰ ਪ੍ਰਮੁੱਖ ਤੌਰ ’ਤੇ ਉਭਾਰਿਆ ਜਾਂਦਾ ਸੀ। ਉਨ੍ਹਾ ਨੇ 27 ਤੋਂ ਵੱਧ ਆਡੀਓ ਕੈਸੇਟਾਂ ਕੱਢੀਆਂ। ਉਨ੍ਹਾ ਨੇ ਕਈ ਫਿਲਮਾਂ ਵਿੱਚ ਕੰਮ ਕੀਤਾ, ਜਿਨ੍ਹਾਂ ਵਿੱਚ ਮਾਹੌਲ ਠੀਕ ਹੈ, ਬਾਬਲ ਦਾ ਵਿਹੜਾ, ‘ਜੀਹਨੇ ਮੇਰਾ ਦਿਲ ਲੁੱਟਿਆ’, ਪਾਵਰ ਕੱਟ, ਚੱਕ ਦੇ ਫੱਟੇ, ਮੇਲ ਕਰਾ ਦੇ ਰੱਬਾ, ਕੈਰੀ ਔਨ ਜੱਟਾ ਕਾਫੀ ਮਕਬੂਲ ਹੋਈਆਂ।

ਡਾ. ਭੱਲਾ ਦੀ ਜਿੱਥੇ ਕਾਮੇਡੀ ਨੂੰ ਦਰਸ਼ਕਾਂ/ਸਰੋਤਿਆਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ ਉੱਥੇ ਉਨ੍ਹ ਵੱਲੋਂ ਬੋਲੇ ਡਾਇਲਾਗ ਵੀ ਬੇਹੱਦ ਮਸ਼ਹੂਰ ਹੋਏ। ਇਨ੍ਹਾਂ ’ਚੋਂ ਕੁਝ ਡਾਇਲਾਗ ਦਾ ਜ਼ਿਕਰ ਕਰਨਾ ਜ਼ਰੂਰ ਬਣਦਾ ਹੈ, ਜਿਵੇਂ ਕਿ ਐਡਵੋਕੇਟ ਢਿੱਲੋਂ ਨੇ ਕਾਲਾ ਕੋਟ ਐਵੇਂ ਨੀਂ ਪਾਇਆ, ਗੰਦੀ ਔਲਾਦ ਨਾ ਮਜ਼ਾ ਨਾ ਸਵਾਦ (ਫਿਲਮ ਕੈਰੀ ਔਨ ਜੱਟਾ), 365 ਚਲਿੱਤਰ ਨਾਰ ਦੇ, ਸਾਰਾ ਸਾਲ ਬੰਦੇ ਨੂੰ ਮਾਰਦੇ (ਲੱਕੀ ਦੀ ਅਨਲੱਕੀ ਸਟੋਰੀ), ਆਂਡੇ ਮੋਗੇ ਤੇ ਕੁੜ ਕੁੜ ਮਲੋਟ, ਮੈਂ ਤਾਂ ਭੰਨ ਦਊਂ ਬੁੱਲਾਂ ਨਾਲ ਅਖਰੋਟ (ਚੱਕ ਦੇ ਫੱਟੇ), ਹਵੇਲੀ ਤੇ ਸਹੇਲੀ ਏਨੀ ਛੇਤੀ ਨਹੀਂ ਬਣਦੀ (ਜੀਹਨੇ ਮੇਰਾ ਦਿਲ ਲੁੱਟਿਆ), ਜੇ ਚੰਡੀਗੜ੍ਹ ਢਹਿ ਜੂ ਤਾਂ ਪਿੰਡਾਂ ਵਰਗਾ ਤਾਂ ਰਹਿ ਜੂ (ਜੱਟ ਐਂਡ ਜੂਲੀਅਟ), ਮਾੜੀ ਸੋਚ ਤੇ ਪੈਰ ਦੀ ਮੋਚ, ਬੰਦੇ ਨੂੰ ਅੱਗੇ ਵਧਣ ਨਹੀਂ ਦਿੰਦੀ (ਜੱਟ ਬੁਆਏਜ਼ ਪੁੱਤ ਜੱਟਾਂ ਦੇ), ਇਕ ਤੇਰੀ ਅੜ ਭੰਨਣੀ, ਲੱਸੀ ਪੀਣ ਦਾ ਸ਼ੌਕ ਨਾ ਕੋਈ (ਰੰਗੀਲੇ), ਜ਼ਮੀਨ ਬੰਜਰ ਤੇ ਔਲਾਦ ਕੰਜਰ, ਰੱਬ ਕਿਸੀ ਨੂੰ ਨਾ ਦੇਵੇ (ਜੱਟ ਏਅਰਵੇਜ਼)। ਮੁੱਖ ਮੰਤਰੀ ਭਗਵੰਤ ਮਾਨ ਨੇ ਐਕਸ ’ਤੇ ਇੱਕ ਪੋਸਟ ਵਿੱਚ ਕਿਹਾ, “ਜਸਵਿੰਦਰ ਭੱਲਾ ਜੀ ਦੇ ਅਚਾਨਕ ਇਸ ਦੁਨੀਆਂ ਤੋਂ ਚਲੇ ਜਾਣਾ ਬੇਹੱਦ ਅਫਸੋਸਜਨਕ ਹੈ..ਛਣਕਾਟਿਆਂ ਦੀ ਛਣਕਾਰ ਬੰਦ ਹੋਣ ’ਤੇ ਮਨ ਉਦਾਸ ਹੈ ... ਵਾਹਿਗੁਰੂ ਚਰਨਾਂ ’ਚ ਨਿਵਾਸ ਬਖਸ਼ਣ। ਚਾਚਾ ਚਤਰਾ ਹਮੇਸ਼ਾ ਸਾਡੇ ਦਿਲਾਂ ’ਚ ਵਸਦੇ ਰਹਿਣਗੇ ...।”

## ਕਰਨ ਥਾਪਰ ਤੇ ਸਿਧਾਰਥ ਵਰਧਰਾਜਨ ਦੀ ਗ੍ਰਿਫਤਾਰੀ ’ਤੇ ਰੋਕ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਇੱਕ ਆਰਟੀਕਲ ਨੂੰ ਲੈ ਕੇ ਵੈੱਬ ਪੋਰਟਲ ‘ਦੀ ਵਾਇਰ’ ਦੇ ਬਾਨੀ ਸੰਪਾਦਕ ਸਿਧਾਰਥ ਵਰਧਰਾਜਨ ਅਤੇ ਸਲਾਹਕਾਰ ਸੰਪਾਦਕ ਕਰਨ ਥਾਪਰ ਖਿਲਾਫ ਅਸਾਮ ਪੁਲਸ ਵੱਲੋਂ ਦਰਜ ਕੀਤੀ ਗਈ ਐੱਫ ਆਈ ਆਰ ਦੇ ਸੰਬੰਧ ਵਿੱਚ ਸ਼ੁੱਕਰਵਾਰ ਉਨ੍ਹਾਂ ਦੀ ਗ੍ਰਿਫਤਾਰੀ ’ਤੇ ਰੋਕ ਲਾ ਦਿੱਤੀ। ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਜੋਏਮਾਲਿਆ ਬਾਗਚੀ ਦੀ ਬੈਂਚ ਨੇ ਫਾਊਂਡੇਸ਼ਨ ਫਾਰ ਇੰਡੀਪੈਂਡੈਂਟ ਜਰਨਲਿਜ਼ਮ (ਐੱਫ ਆਈ ਜੇ) ਦੀ ਪਟੀਸ਼ਨ ’ਤੇ ਇਹ ਹੁਕਮ ਦਿੱਤਾ। ਐੱਫ ਆਈ ਜੇ ਤੇ ਵਰਧਰਾਜਨ ਕੋਲ ‘ਦੀ ਵਾਇਰ’ ਦੀ ਮਾਲਕੀ ਹੈ। ਪੱਤਰਕਾਰਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਨਿਤਿਆ ਰਾਮਕ੍ਰਿਸ਼ਨਨ ਨੇ ਕਿਹਾ ਕਿ ਅਸਾਮ ਪੁਲਸ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰ ਰਹੀ ਹੈ। ਉਨ੍ਹਾ ਕਿਹਾ ਕਿ ਮੋਰੀਗਾਓਂ ਪੁਲਸ ਵੱਲੋਂ ਦਰਜ ਐੱਫ ਆਈ ਆਰ ਵਿੱਚ ਗ੍ਰਿਫਤਾਰੀ ਤੋਂ



ਕਰਨ ਥਾਪਰ ਸਿਧਾਰਥ ਵਰਧਰਾਜਨ

ਅੰਤਰਮ ਰਾਹਤ ਦੇਣ ਦੇ ਅਦਾਲਤ ਦੇ ਹੁਕਮ ਦੇ ਬਾਵਜੂਦ ਗੁਹਾਟੀ ਕ੍ਰਾਈਮ ਬ੍ਰਾਂਚ ਵੱਲੋਂ ਦਰਜ ਇੱਕ ਹੋਰ ਮਾਮਲੇ ਵਿੱਚ ਪੱਤਰਕਾਰਾਂ ਨੂੰ ਸੰਮਨ ਜਾਰੀ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਪੱਤਰਕਾਰਾਂ ਨੂੰ ਮਈ ਵਿੱਚ ਦਰਜ ਇੱਕ ਪੁਰਾਣੀ ਐੱਫ ਆਈ ਆਰ ਵਿੱਚ ਬਿਆਨ ਦਰਜ ਕਰਨ ਲਈ ਸ਼ੁੱਕਰਵਾਰ ਨੂੰ ਤਲਬ ਕੀਤਾ ਗਿਆ ਹੈ ਅਤੇ ਡਰ ਹੈ ਕਿ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਪੱਤਰਕਾਰਾਂ ਨੂੰ ਸੁਰੱਖਿਆ ਦਿੰਦਿਆਂ ਬੈਂਚ ਨੇ ਕਿਹਾ ਕਿ ਸਾਰਿਆਂ ਤੋਂ ਕਾਨੂੰਨ ਦੀ ਪਾਲਣਾ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਅਦਾਲਤ ਨੇ ਪੱਤਰਕਾਰਾਂ ਨੂੰ ਜਾਂਚ ਵਿੱਚ ਸਹਿਯੋਗ ਦੇਣ ਲਈ ਵੀ ਕਿਹਾ। ਸੁਪਰੀਮ ਕੋਰਟ ਨੇ 12 ਅਗਸਤ ਨੂੰ ਵਰਧਰਾਜਨ ਨੂੰ ਸੁਰੱਖਿਆ ਦਿੰਦਿਆਂ ‘ਅਪਰੇਸ਼ਨ ਸਿੰਧੂਰ’ ਬਾਰੇ ਇੱਕ ਲੇਖ ਨੂੰ ਲੈ ਕੇ ਉਨ੍ਹਾ ਖਿਲਾਫ ਦਰਜ ਕੀਤੀ ਗਈ ਐੱਫ ਆਈ ਆਰ ਦੇ ਸੰਬੰਧ ਵਿੱਚ ਅਸਾਮ ਪੁਲਸ ਨੂੰ ਉਨ੍ਹਾ ਵਿਰੁੱਧ ਕੋਈ ਵੀ ਸਖਤ ਕਾਰਵਾਈ ਕਰਨ ਤੋਂ ਰੋਕ ਦਿੱਤਾ ਸੀ। ਗੁਹਾਟੀ ਕ੍ਰਾਈਮ ਬ੍ਰਾਂਚ ਨੇ 9 ਮਈ ਨੂੰ ਵਰਧਰਾਜਨ ਅਤੇ ਥਾਪਰ ਖਿਲਾਫ ਭਾਰਤ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖਤਰੇ ਵਿੱਚ ਪਾਉਣ ਦੇ ਦੋਸ਼ ਤਹਿਤ ਪਹਿਲੀ ਐੱਫ ਆਈ ਆਰ ਦਰਜ ਕੀਤੀ ਸੀ। ਐੱਫ ਆਈ ਆਰ ਵਿੱਚ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਵਿਰੁੱਧ 14 ਇੰਟਰਵਿਊ ਅਤੇ ਲੇਖ ਸੂਚੀਬੱਧ ਕੀਤੇ ਗਏ ਸਨ।

## ਅਮਰੀਕਾ ਵੱਲੋਂ ਡਰਾਈਵਰਾਂ ਨੂੰ ਵਰਕ ਵੀਜ਼ਾ ਦੇਣ ’ਤੇ ਪਾਬੰਦੀ

**ਵਾਸ਼ਿੰਗਟਨ** : ਅਮਰੀਕੀ ਸਰਕਾਰ ਨੇ ਕਮਰਸ਼ੀਅਲ ਟਰੱਕ ਡਰਾਈਵਰਾਂ ਨੂੰ ਦਿੱਤੇ ਜਾਣ ਵਾਲੇ ਵਰਕ ਵੀਜ਼ੇ ’ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾਉਣ ਦਾ ਫੈਸਲਾ ਲਿਆ ਹੈ। ਇਸਦਾ ਅਸਰ ਭਾਰਤ ਸਣੇ ਕਈ ਦੇਸ਼ਾਂ ਦੇ ਉਨ੍ਹਾਂ ਚਾਲਕਾਂ ’ਤੇ ਪਵੇਗਾ, ਜੋ ਅਮਰੀਕੀ ਟਰਾਂਸਪੋਰਟ ਸੈਕਟਰ ’ਚ ਕੰਮ ਕਰਨ ਦੀ ਉਮੀਦ ’ਚ ਬੈਠੇ ਸਨ।

ਜ਼ਿਕਰਯੋਗ ਹੈ ਕਿ ਕੁੱਝ ਦਿਨ ਪਹਿਲਾਂ ਇੱਕ ਪੰਜਾਬੀ ਡਰਾਈਵਰ ਨੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਦਿਆਂ ਟਰੱਕ ਗਲਤ ਦਿਸ਼ਾ ’ਚ ਮੋੜ ਦਿੱਤਾ ਸੀ, ਜਿਸ ਕਾਰਨ ਇੱਕ ਕਾਰ ’ਚ ਸਵਾਰ ਤਿੰਨ ਜਣੇ ਦਰੜੇ ਗਏ ਅਤੇ ਉਨ੍ਹਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਅਮਰੀਕੀ ਸਰਕਾਰ ਦਾ ਫੈਸਲਾ ਇਸ ਘਟਨਾ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਅਮਰੀਕੀ ਵਿਦੇਸ਼ ਮੰਤਰੀ ਮਾਰਕ ਰੂਬਿਓ ਨੇ ਕਿਹਾ ਕਿ ਇਹ ਕਦਮ ਕਿਸੇ ਖਾਸ ਦੇਸ਼ ਨੂੰ ਨਿਸ਼ਾਨਾ ਬਣਾਉਣ ਲਈ ਨਹੀਂ ਹੈ, ਬਲਕਿ ਵਿਦੇਸ਼ ਤੋਂ ਆਉਣ ਵਾਲੇ ਟਰੱਕ ਡਰਾਈਵਰਾਂ ਦੀ ਯੋਗਤਾ ਅਤੇ ਸੁਰੱਖਿਆ ਮਾਪਦੰਡਾਂ ਦੀ ਸਮੀਖਿਆ ਲਈ ਚੁੱਕਿਆ ਗਿਆ ਹੈ। ਉਨ੍ਹਾ ਸੋਸ਼ਲ ਮੀਡੀਆ ’ਤੇ ਲਿਖਿਆ, “ਅਮਰੀਕੀ ਸੜਕਾਂ ’ਤੇ ਵੱਡੇ ਟਰੱਕ ਚਲਾਉਣ ਵਾਲੇ ਵਿਦੇਸ਼ੀ ਡਰਾਈਵਰਾਂ ਦੀ ਗਿਣਤੀ ਵਧਣ ਨਾਲ ਆਮ ਲੋਕਾਂ ਦੀ ਜਾਨ ਨੂੰ ਖਤਰਾ ਵਧ ਰਿਹਾ ਹੈ ਅਤੇ ਨਾਲ ਹੀ ਅਮਰੀਕੀ ਟਰੱਕ ਡਰਾਈਵਰਾਂ ਦੀ ਰੋਜ਼ੀ-ਰੋਟੀ ਵੀ ਪ੍ਰਭਾਵਤ ਹੋ ਰਹੀ ਹੈ।”

ਵਿਦੇਸ਼ ਵਿਭਾਗ ਨੇ ਦੱਸਿਆ ਕਿ ਸਾਰੇ ਵੀਜ਼ਾ ਧਾਰਕਾਂ ’ਤੇ ‘ਕੰਟੀਨਿਊਸ ਵੇਟਿੰਗ’ ਭਾਵ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਜੇ ਕੋਈ ਵੀ ਸੁਰੱਖਿਆ ਜਾਂ ਨਿਯਮ ਉਲੰਘਣਾ ਸਾਹਮਣੇ ਆਈ ਤਾਂ ਵੀਜ਼ਾ ਰੱਦ ਕਰ ਦਿੱਤਾ ਜਾਵੇਗਾ ਅਤੇ ਡਿਪੋਰਟੇਸ਼ਨ ਦੀ ਕਾਰਵਾਈ ਹੋ ਸਕਦੀ ਹੈ।

ਅਮਰੀਕਾ ਵਿਚ ਮੌਜੂਦਾ ਸਮੇਂ 60 ਹਜ਼ਾਰ ਤੋਂ ਵੱਧ ਟਰੱਕ ਡਰਾਈਵਰਾਂ ਦੀ ਕਮੀ ਹੈ। ਇਸ ਦੇ ਬਾਵਜੂਦ ਵੀਜ਼ਾ ਰੋਕਣ ਦਾ ਇਹ ਕਦਮ ਦੱਸਦਾ ਹੈ ਕਿ ਸਰਕਾਰ ਹੁਣ ਸੜਕ ਸੁਰੱਖਿਆ ਅਤੇ ਭਾਸ਼ਾ ਸਮਰੱਥਾ (ਅੰਗਰੇਜ਼ੀ ਪੜ੍ਹਨ-ਸਮਝਣ ਦੀ ਸਮਰੱਥਾ) ਨੂੰ ਪਹਿਲ ਦੇ ਰਹੀ ਹੈ। ਅਧਿਕਾਰੀਆਂ ਮੁਤਾਬਕ ਇਹੀ ਕਾਰਕ ਸੜਕ ਹਾਦਸੇ ਰੋਕਣ ਲਈ ਅਹਿਮ ਹੈ। ਭਾਰਤੀ ਮੂਲ ਦੇ ਟਰੱਕ ਡਰਾਈਵਰ ਅਮਰੀਕਾ ਦੇ ਲੌਜਿਸਟਿਕਸ ਸੈਕਟਰ ’ਚ ਲਗਾਤਾਰ ਆਪਣੀ ਪ੍ਰਾਪਤੀਆਂ ਦਰਜ ਕਰਵਾਉਂਦੇ ਰਹਿੰਦੇ ਹਨ। ਨਵੇਂ ਵਰਕ ਵੀਜ਼ਾ ਫਿਲਹਾਲ ਜਾਰੀ ਨਹੀਂ ਹੋਣਗੇ, ਜਿਸ ’ਚ ਭਾਰਤੀ ਬਿਨੈਕਾਰਾਂ ਨੂੰ ਦੇਰੀ ਜਾਂ ਅਸਵੀਕਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਹਿਲਾਂ ਤੋਂ ਸਵੀਕਾਰੀ ਗਈ ਅਰਜ਼ੀ ਵਾਲੇ ਵੀਜ਼ਾ ਧਾਰਕਾਂ ਦੀ ਵੀ ਮੁੜ ਜਾਂਚ ਹੋ ਸਕਦੀ ਹੈ। ਜਿਨ੍ਹਾਂ ਦੀਆਂ ਅਰਜ਼ੀਆਂ ਪੈਂਡਿੰਗ ਹਨ, ਉਨ੍ਹਾਂ ਲਈ ਅਨਿਸ਼ਚਿਤਤਾ ਹੋਰ ਵਧ ਗਈ ਹੈ।

### ਲਾਰਡ ਸਵਰਾਜ ਪਾਲ ਨਹੀਂ ਰਹੇ



**ਲੰਡਨ** : ਭਾਰਤੀ ਕਾਰੋਬਾਰੀ ਅਤੇ ਹਾਊਸ ਆਫ ਲਾਰਡਜ਼ ਦੇ ਮੈਂਬਰ, ਲਾਰਡ ਸਵਰਾਜ ਪਾਲ ਦਾ ਵੀਰਵਾਰ ਸ਼ਾਮ ਨੂੰ ਲੰਡਨ ਵਿੱਚ 94 ਸਾਲ ਦੀ ਉਮਰ ’ਚ ਦੇਹਾਂਤ ਹੋ ਗਿਆ। ਯੂ ਕੇ ਆਧਾਰਤ ਕਪਾਰੋ ਗਰੁੱਪ ਆਫ ਇੰਡਸਟ੍ਰੀਜ਼ ਦੇ ਬਾਨੀ ਲਾਰਡ ਪਾਲ ਦਾ ਦੇਹਾਂਤ ਹਸਪਤਾਲ ’ਚ ਹੋਇਆ। ਲਾਰਡ ਪਾਲ ਦਾ ਜਨਮ 18 ਫਰਵਰੀ, 1931 ਨੂੰ ਜਲੰਧਰ ਵਿੱਚ ਹੋਇਆ ਸੀ।

### ਵਿਕਰਮਸਿੰਘੇ ਗ੍ਰਿਫਤਾਰ



**ਕੋਲੰਬੋ** : ਸ੍ਰੀਲੰਕਾ ਦੇ ਸਾਬਕਾ ਰਾਸ਼ਟਰਪਤੀ ਰਾਨਿਲ ਵਿਕਰਮਸਿੰਘੇ ਨੂੰ ਭ੍ਰਿਸ਼ਟਾਚਾਰ ਮਾਮਲੇ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਹੈ। ਗ੍ਰਿਫਤਾਰੀ ਉਸ ਸਮੇਂ ਹੋਈ ਜਦੋਂ ਉਹ ਇੱਕ ਪੁਰਾਣੇ ਭ੍ਰਿਸ਼ਟਾਚਾਰ ਮਾਮਲੇ ਵਿੱਚ ਆਪਣਾ ਬਿਆਨ ਦਰਜ ਕਰਨ ਲਈ ਸੀ ਆਈ ਡੀ ਦਫਤਰ ਪਹੁੰਚੇ ਸਨ। ਵਿਕਰਮਸਿੰਘੇ ਜੁਲਾਈ 2022 ਵਿੱਚ ਗੋਟਾਬਾਯਾ ਰਾਜਪਕਸ਼ੇ ਦੇ ਬਾਕੀ ਕਾਰਜਕਾਲ ਲਈ ਸ੍ਰੀਲੰਕਾ ਦੇ ਰਾਸ਼ਟਰਪਤੀ ਬਣੇ ਸਨ। ਸਰਕਾਰ ਵਿਰੋਧੀ ਪ੍ਰਦਰਸ਼ਨਾਂ ਕਰਕੇ ਗੋਟਾਬਾਯਾ ਰਾਜਪਕਸ਼ੇ ਨੇ ਅਸਤੀਫਾ ਦੇ ਦਿੱਤਾ ਸੀ। ਵਿਕਰਮਸਿੰਘੇ ਸਤੰਬਰ ਵਿੱਚ ਚੋਣ ਹਾਰ ਗਏ ਸਨ।

### ਭਾਰਤ ਨਾਲ ਵਿਆਪਕ ਵਾਰਤਾ ਲਈ ਤਿਆਰ : ਡਾਰ

**ਇਸਲਾਮਾਬਾਦ** : ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਸ਼ੁੱਕਰਵਾਰ ਕਿਹਾ ਕਿ ਉਨ੍ਹਾਂ ਦਾ ਮੁਲਕ ਕਸ਼ਮੀਰ ਤੇ ਹੋਰ ਸਾਰੇ ਮੁੱਦਿਆਂ ’ਤੇ ਭਾਰਤ ਨਾਲ ਵਿਆਪਕ ਗੱਲਬਾਤ ਵਾਸਤੇ ਤਿਆਰ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਰ ਨੇ ਕਿਹਾ ਕਿ ਗੱਲਬਾਤ, ਜਦੋਂ ਵੀ ਹੋਵੇਗੀ, ਸਿਰਫ ਕਸ਼ਮੀਰ ’ਤੇ ਹੀ ਨਹੀਂ, ਸਗੋਂ ਸਾਰੇ ਮੁੱਦਿਆਂ ’ਤੇ ਹੋਵੇਗੀ। ਭਾਰਤ ਸਪੱਸ਼ਟ ਕਰ ਚੁੱਕਾ ਹੈ ਕਿ ਉਹ ਸਿਰਫ ਮਕਬੂਜ਼ਾ ਕਸ਼ਮੀਰ ਨੂੰ ਵਾਪਸ ਲੈਣ ਅਤੇ ਅੱਤਵਾਦ ਦੇ ਮੁੱਦੇ ’ਤੇ ਹੀ ਗੱਲਬਾਤ ਕਰੇਗਾ। ਡਾਰ ਨੇ ਜ਼ੋਰ ਦੇ ਕੇ ਕਿਹਾ ਕਿ ਪਾਕਿਸਤਾਨ ਨੇ ਸ਼ੁਰੂ ਤੋਂ ਹੀ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਭਾਰਤ ਨਾਲ ਗੱਲਬਾਤ ਕਿਸੇ ਇੱਕ-ਨੁਕਾਤੀ ਏਜੰਡੇ ’ਤੇ ਨਹੀਂ ਹੋਵੇਗੀ।

## ਮੁਹਾਲੀ ਰੈਲੀ ’ਚ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ

**ਫਤਿਆਬਾਦ** : ਭਾਰਤੀ ਕਮਿਊਨਿਸਟ ਪਾਰਟੀ ਦੇ 21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋ ਰਹੇ ਮਹਾਂ-ਸੰਮੇਲਨ ਤੇ ਮੁਹਾਲੀ ’ਚ ਹੋ ਰਹੀ ਰੈਲੀ ਨੂੰ ਕਾਮਯਾਬ ਕਰਨ ਲਈ ਪਾਰਟੀ ਵੱਲੋਂ ਮਹਾਨ ਦੇਸ਼ ਭਗਤ ਗਦਰੀ ਬਾਬਾ ਸੋਹਣ ਸਿੰਘ ਭਕਨਾ ਦੀ ਯਾਦਗਾਰ ਤੋਂ ਚੱਲਿਆ ਜਥਾ ਮਾਰਚ ਵੱਖ ਵੱਖ ਪਿੰਡਾਂ ’ਚੋਂ ਹੁੰਦਾ ਹੋਇਆ ਫਤਿਆਬਾਦ ਪਹੁੰਚਿਆ, ਜਿਸ ਦੀ ਅਗਵਾਈ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਕੁਮਾਰ ਸੋਹਲ, ਬਲਕਾਰ ਸਿੰਘ ਵਲਟੋਹਾ, ਗੁਰਦਿਆਲ ਸਿੰਘ ਖਡੂਰ ਸਾਹਿਬ ਕਰ ਰਹੇ ਸਨ। ਜਥੇ ਨਾਲ ਵਿਸ਼ੇਸ਼ ਤੌਰ ’ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਤੇ ਕੌਮੀ ਕੌਂਸਲ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ ਤੇ ਪੰਜਾਬ ਇਸਤਰੀ ਸਭਾ ਦੀ ਸੀਨੀਅਰ ਮੀਤ ਸਕੱਤਰ ਰਪਿੰਦਰ ਕੌਰ ਮਾੜੀਮੇਘਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਕਾਂਗਰਸ ਉਸ ਸਮੇਂ ਹੋ ਰਹੀ ਹੈ, ਜਦੋਂ ਕੇਂਦਰ ’ਚ ਬੀ ਜੇ ਪੀ ਸਰਕਾਰ ਧਰਮ ਦੇ ਨਾਂਅ ’ਤੇ ਵੰਡੀਆਂ ਪਾ ਕੇ ਫਿਰਕੂ ਜ਼ਹਿਰ ਘੋਲ ਰਹੀ ਹੈ, ਮਹਿੰਗਾਈ ਸਭ ਹੱਦਾਂ ਬੰਨੇ ਪਾਰ ਕਰ ਰਹੀ ਹੈ। ਉਪਰੋਕਤ ਆਗੂਆਂ ਨੇ ਕਿਹਾ ਕਿ ਪੰਜਾਬ ’ਚ ਆਮ ਆਦਮੀ ਪਾਰਟੀ ਸਰਕਾਰ ਚੋਣਾਂ ਵੇਲੇ ਕੀਤੇ ਵਾਅਦਿਆਂ ਤੋਂ ਟਾਲਾ ਵੱਟ ਰਹੀ ਹੈ। ਲੋਕ ਇਲਾਜ ਖੁਣੋ ਮਰ ਰਹੇ ਹਨ, ਸਰਕਾਰ ਹਸਪਤਾਲ ਬੰਦ ਕਰ ਕੇ ਆਮ ਆਦਮੀ ਕਲੀਨਿਕ ਖੋਲ੍ਹ ਡਰਾਮੇ ਕਰ ਰਹੀ ਹੈ। ਆਗੂਆਂ ਨੇ ਅਵਾਮ ਨੂੰ 21 ਸਤੰਬਰ ਦੀ ਮੁਹਾਲੀ ਰੈਲੀ ਵਿੱਚ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ ਦਿੱਤਾ।



ਜਥੇ ’ਚ ਕਿਸਾਨ ਆਗੂ ਬਲਦੇਵ ਸਿੰਘ ਧੂੰਦਾ, ਨਿਸ਼ਾਨ ਸਿੰਘ ਧੂੰਦਾ, ਬਲਜੀਤ ਸਿੰਘ ਫਤਿਆਬਾਦ, ਜਸਵੰਤ ਸਿੰਘ ਫਤਿਆਬਾਦ, ਜਸਵੰਤ ਸਿੰਘ ਖਡੂਰ ਸਾਹਿਬ, ਜਗਤਾਰ ਸਿੰਘ ਖਡੂਰ ਸਾਹਿਬ, ਦਰਸ਼ਨ ਸਿੰਘ ਬਿਹਾਰੀਪੁਰ, ਭਗਵੰਤ ਸਿੰਘ ਵੇਈਂ ਪੂੰਈਂ, ਘੁੱਕ ਸਿੰਘ ਵੇਈਂ ਪੂੰਈਂ, ਮੇਜਰ ਸਿੰਘ ਦਾਰਾਪੁਰ, ਚਰਨ ਸਿੰਘ ਜਲਾਲਾਬਾਦ, ਸੁਖਦੇਵ ਸਿੰਘ ਭਲਾਈਪੁਰ, ਚਰਨ ਸਿੰਘ ਮੁਗਲਾਣੀ, ਕਸ਼ਮੀਰ ਸਿੰਘ ਗੋਇੰਦਵਾਲ ਸਾਹਿਬ ਆਦਿ ਆਗੂ ਹਾਜ਼ਰ ਸਨ।

## ਜਥੇ ਦਾ ਭੀਖੀ ਤੇ ਦਲੇਲ ਸਿੰਘ ਵਾਲਾ ’ਚ ਗਰਮ ਜੋਸ਼ੀ ਨਾਲ ਸਵਾਗਤ

**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਦੀ ਤਿਆਰੀ ਸੰਬੰਧੀ ਸੁਨਾਮ ਤੋਂ ਰਵਾਨਾ ਹੋਣ ਵਾਲੇ ਜਥੇ ਦੀ ਅਗਵਾਈ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ, ਸੀਤਾਰਾਮ ਗੋਬਿੰਦਪੁਰਾ, ਨਰਿੰਜਨ ਸਿੰਘ ਸੰਗਰੂਰ ਸਮੇਤ ਸੀਨੀਅਰ ਲੀਡਰਸ਼ਿਪ ਵੱਲੋਂ ਕੀਤੀ ਜਾ ਰਹੀ ਹੈ।ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ, ਐਡਵੋਕੇਟ ਕੁਲਵਿੰਦਰ ਉਡਤ, ਦਲਜੀਤ ਸਿੰਘ ਮਾਨਸ਼ਾਹੀਆ, ਵੇਦ ਪ੍ਰਕਾਸ਼ ਬੁਢਲਾਡਾ, ਰੂਪ ਸਿੰਘ ਢਿੱਲੋਂ, ਕਰਨੈਲ ਸਿੰਘ ਭੀਖੀ ਤੇ ਕੇਵਲ ਸਿੰਘ ਸਮਾਓ ਦੇ ਵਹੀਕਲਾਂ ਦੇ ਕਾਫਲੇ ਦਾ ਦਲੇਲ ਸਿੰਘ ਵਾਲਾ ਤੇ ਕਸਬਾ ਭੀਖੀ ਵਿਖੇ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਗਿਆ।ਸਥਾਨਕ ਬਰਨਾਲਾ ਚੌਕ ’ਚ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਦੇਸ਼ ਭਗਤਾਂ ਤੇ ਕਮਿਊਨਿਸਟ ਇਤਿਹਾਸ ਨਾਲ ਜੁੜਨਾ ਸਮੇਂ ਦੀ ਮੁੱਖ ਲੋੜ ਹੈ, ਕਿਉਂਕਿ ਸਾਡੇ ਸਿਰਮੌਰ ਆਗੂਆਂ ਤੇ ਦੇਸ਼ ਭਗਤਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣੀਆਂ ਸ਼ਹਾਦਤਾਂ ਦਿੱਤੀਆਂ ਪ੍ਰੰਤੂ ਰਾਜਸੱਤਾ ਪੂੰਜੀਪਤੀ ਤੇ ਸਰਮਾਏਦਾਰ ਜਮਾਤ ਦੇ ਹਮਾਇਤੀਆਂ ਕੋਲ ਚਲੀ ਗਈ।ਇਹੀ ਕਾਰਨ ਹੈ ਕਿ ਧੜਾਧੜ ਲੋਕ ਵਿਰੋਧੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਮੁਜ਼ਾਰਾ ਲਹਿਰ ਦੇ ਮੋਢੀ, ਸੁਤੰਤਰਤਾ ਸੰਗਰਾਮੀ ਤੇ ਸੱਚੇ ਦੇਸ਼ ਭਗਤਾਂ ਕਾਮਰੇਡ ਤੇਜਾ ਸਿੰਘ ਸੁਤੰਤਰ, ਕਾਮਰੇਡ ਜੰਗੀਰ ਸਿੰਘ ਜੋਗਾ ਤੇ ਕਾਮਰੇਡ ਧਰਮ ਸਿੰਘ ਫੱਕਰ ਆਦਿ ਨੇ 784 ਪਿੰਡਾਂ ਦੇ ਮੁਜ਼ਾਰਿਆਂ ਨੂੰ 18 ਲੱਖ ਏਕੜ ਜ਼ਮੀਨ ਦੇ ਮਾਲਕ ਬਣਾਇਆ ਤੇ ਜਗੀਰਦਾਰੀ ਨਿਜ਼ਾਮ ਦਾ ਫਸਤਾ ਵੱਢਿਆ।



ਇਸ ਮੌਕੇ ਉਨ੍ਹਾ ਪਾਰਟੀ ਦੀ 21 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋਣ ਵਾਲੀ ਮਹਾਂ ਰੈਲੀ ’ਚ ਆਗੂਆਂ ਅਤੇ ਵਰਕਰਾਂ ਨੂੰ ਵੱਡੀ ਗਿਣਤੀ ’ਚ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਤਨ ਭੋਲਾ, ਕੇਵਲ ਸਿੰਘ ਸਾਬਕਾ ਐਮ ਸੀ, ਸੁਖਦੇਵ ਪੰਧੇਰ, ਕੁਲਵਿੰਦਰ ਭੀਖੀ, ਦਰਸ਼ਨ ਸਿੰਘ ਮਾਨਸ਼ਾਹੀਆ, ਹਰਮੀਤ ਸਿੰਘ ਬੋੜਾਵਾਲ, ਜਗਸੀਰ ਸਿੰਘ ਰਾਊਕੇ, ਰਘੂਨਾਥ ਸਿੰਗਲਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਅਜੀਤ ਸਿੰਘ ਸਿਲੋਮਾਸਕੋ ਦੇ ਸਪੁੱਤਰ ਵੱਲੋਂ 31000 ਰੁਪਏ ਸਹਾਇਤਾ



**ਮੋਗਾ** : ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਦੀ ਸਫਲਤਾ ਲਈ ਕਮਿਊਨਿਸਟ ਪਰਵਾਰਾਂ ਵੱਲੋਂ ਪਾਰਟੀ ਨੂੰ ਵਿੱਤੀ ਸਹਾਇਤਾ ਪਹੁੰਚਾਉਣ ਲਈ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।ਇਸੇ ਲੜੀ ਵਜੋਂ ਮਰਹੂਮ ਕਾਮਰੇਡ ਅਜੀਤ ਸਿੰਘ ਸਿਲੋਮਾਸਕੋ (ਰੋਪੜ ), ਜਿਨ੍ਹਾ ਆਖ਼ਰੀ ਸਾਹਾਂ ਤੱਕ ਲਾਲ ਝੰਡੇ ਨੂੰ ਉੱਚਾ ਰੱਖਿਆ ਅਤੇ ਰੋਪੜ ਜ਼ਿਲ੍ਹੇ ਵਿੱਚ ਖੇਤ ਮਜ਼ਦੂਰ ਲਹਿਰ ਉਸਾਰਨ ਵਿੱਚ ਅਹਿਮ ਭੂਮਿਕਾ ਨਿਭਾਈ, ਦੇ ਸਪੁੱਤਰ ਧਰਮਵੀਰ ਸਿੰਘ ਨੇ ਡਾਕਟਰ ਇੰਦਰਵੀਰ ਗਿੱਲ ਦੀ ਅਪੀਲ ’ਤੇ ਦੂਜੀ ਕਿਸ਼ਤ ਵਜੋਂ ਸੂਬਾ ਪਾਰਟੀ ਨੂੰ 21000 ਰੁਪਏ ਸਹਾਇਤਾ ਭੇਜੀ ਹੈ। ਪਹਿਲੀ ਕਿਸ਼ਤ ਵਜੋਂ 10000 ਰੁਪਏ ਕਾਮਰੇਡ ਲਾਲ ਬਹਾਦਰ ਨੂੰ ਪਹਿਲਾਂ ਹੀ ਭੇਜ ਚੁੱਕੇ ਹਨ। ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਇਹ ਜਾਣਕਾਰੀ ਮਿਲਣ ਉਪਰੰਤ ਧਰਮਵੀਰ ਸਿੰਘ ਦਾ ਇਸ ਮਹਾਨ ਕਾਰਜ ਲਈ ਯੋਗਦਾਨ ਪਾਉਣ ਲਈ ਸ਼ੁਕਰੀਆ ਅਦਾ ਕੀਤਾ ਹੈ।

## ਸੂਰਤ ਸਿੰਘ ਧਰਮਕੋਟ ਵੱਲੋਂ ਪਾਰਟੀ ਕਾਂਗਰਸ ਲਈ 22 ਹਜ਼ਾਰ ਦਾ ਹੋਰ ਸਹਿਯੋਗ



**ਸ਼ਾਹਕੋਟ (ਗਿਆਨ ਸੈਦਪੁਰੀ)**-ਭਾਰਤੀ ਕਮਿਊਨਿਸਟ ਪਾਰਟੀ ਦਾ ਮਹਾਂ-ਸੰਮੇਲਨ ਜਿਵੇਂ-ਜਿਵੇਂ ਨੇੜੇ ਆ ਰਿਹਾ ਹੈ, ਉਵੇਂ-ਉਵੇਂ ਕਮਿਊਨਿਸਟ ਹਲਕਿਆਂ ਅੰਦਰ ਉਤਸ਼ਾਹ ਦੂਣ-ਸਵਾਇਆ ਹੁੰਦਾ ਨਜ਼ਰ ਆ ਰਿਹਾ ਹੈ। 21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿੱਚ ਹੋ ਰਹੇ ਮਹਾਂ-ਸੰਮੇਲਨ ਦੀ ਸ਼ੁਰੂਆਤ 21 ਸਤੰਬਰ ਨੂੰ ਮੁਹਾਲੀ ਵਿੱਚ ਕੀਤੀ ਜਾਣ ਵਾਲੀ ਵੱਡੀ ਰੈਲੀ ਨਾਲ ਹੋਵੇਗੀ।

ਰੈਲੀ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕਮਿਊਨਿਸਟ ਕਾਰਕੁੰਨ ਜ਼ੋਰ-ਸ਼ੋਰ ਨਾਲ ਪ੍ਰਚਾਰ ਵਿੱਚ ਲੱਗੇ ਹੋਏ ਹਨ। ਪਾਰਟੀ ਕਾਂਗਰਸ ਦੀ ਸਫ਼ਲਤਾ ਲਈ ਫੰਡ ਇਕੱਠਾ ਕਰਨ ਦੀ ਲਗਾਤਾਰਤਾ ਬਰਕਰਾਰ ਹੈ। ਇਸ ਸੰਬੰਧ ਵਿੱਚ ਧਰਮਕੋਟ ਹਲਕੇ ਵਿੱਚੋਂ ਉਤਸ਼ਾਹਜਨਕ ਹੁੰਗਾਰਾ ਮਿਲ ਰਿਹਾ ਹੈ। ਇਸੇ ਸਿਲਸਿਲੇ ਤਹਿਤ ਮਾਸਟਰ ਮਹਿੰਦਰ ਸਿੰਘ ਧਾਲੀਵਾਲ ਅਤੇ ਮਾਸਟਰ ਭਜਨ ਸਿੰਘ ਭਿੰਡਰ ਸਾਬਕਾ ਪ੍ਰਧਾਨ ਗੌਰਮਿੰਟ ਟੀਚਰ ਯੂਨੀਅਨ ਪੰਜਾਬ ਵੱਲੋਂ ਗਿਆਰਾਂ-ਗਿਆਰਾਂ ਹਜ਼ਾਰ ਰੁਪਏ ਕੁਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਕਾਮਰੇਡ ਸੂਰਤ ਸਿੰਘ ਧਰਮਕੋਟ ਨੂੰ ਸੌਂਪੇ ਗਏ। ਇਸ ਮੌਕੇ ਸਾਥੀ ਹਰਦਿਆਲ ਸਿੰਘ ਘਾਲੀ ਅਤੇ ਸਾਥੀ ਗੁਰਮੇਲ ਸਿੰਘ ਰੱਜੀਵਾਲ ਮੌਜੂਦ ਸਨ।

### ਅੱਜ-ਨਾਮਾ

ਪਾਰਲੀਮੈਂਟ ਦਾ ਸਿਮਟਿਆ ਕੱਲ੍ਹ ਸੈਸ਼ਨ,
ਕੀਤੇ ਕੰਮ ਕੋਈ ਨਜ਼ਰ ਨਾ ਆਏ ਮੀਆਂ।
ਨਾਅਰੇਬਾਜ਼ੀ ਦੀ ਗੂੰਜ ਸੀ ਬਹੁਤ ਸੁਣਦੀ,
ਵਿਰੋਧੀ ਧਿਰ ਜਦ ਰੋਸ ਪ੍ਰਗਟਾਏ ਮੀਆਂ।
ਅਟਕੀ ਸਰਕਾਰ ਜੇ ਹੱਠ ’ਤੇ ਨਿੱਤ ਹੁੰਦੀ,
ਵਿਰੋਧੀ ਮੈਂਬਰ ਸੀ ਗਏ ਚਿੜਾਏ ਮੀਆਂ।
ਮਸਲੇ ਬਹਿਸਾਂ ਲਈ ਰੱਖੇ ਸੀ ਸੁਣੇ ਚੋਖੇ,
ਗਏ ਨਾ ਅੱਧੇ ਵੀ ਸਨ ਨਿਪਟਾਏ ਮੀਆਂ।
ਜਨਤਾ ਦੇਸ਼ ਦੀ ਨਿੱਤ ਸੀ ਰਹੀ ਵਿੰਹਦੀ,
ਕੋਈ ਤਾਂ ਉਨ੍ਹਾਂ ਦੀ ਚੱਲੂਗੀ ਗੱਲ ਮੀਆਂ।
ਕਰ ਕੇ ਗਿਆ ਹੈ ਦੁਖੀ ਜੇ ਇੱਕ ਸੈਸ਼ਨ,
ਕਰ ਕੇ ਗਿਆ ਨਾ ਦੂਜਾ ਵੀ ਹੱਲ ਮੀਆਂ।

-ਤੀਸ ਮਾਰ ਖਾਂ

## ਸ਼ੇਰੂ ਤੇ ਟੌਮੀ ਸੜਕਾਂ ’ਤੇ ਰਹਿਣਗੇ ਪਰ ਸਰੇਆਮ ਚੀਜ਼ੀ ਪਾਉਣ ’ਤੇ ਕਾਨੂੰਨੀ ਰੋਕ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਆਵਾਰਾ ਕੁੱਤਿਆਂ ਬਾਰੇ ਆਪਣੇ ਪਿਛਲੇ ਹੁਕਮਾਂ ਵਿੱਚ ਸੋਧ ਕੀਤੀ ਹੈ ਤਾਂ ਜੋ ਨਸਬੰਦੀ ਕੀਤੇ ਕੁੱਤਿਆਂ ਨੂੰ ਉਨ੍ਹਾਂ ਖੇਤਰਾਂ ਵਿੱਚ ਵਾਪਸ ਛੱਡਣ ਦੀ ਆਗਿਆ ਦਿੱਤੀ ਜਾ ਸਕੇ ਜਿੱਥੋਂ ਉਨ੍ਹਾਂ ਨੂੰ ਚੁੱਕਿਆ ਗਿਆ ਸੀ। ਇਹ ਦਰੁੱਸਤੀ ਸ਼ੈਲਟਰਾਂ ਵਿੱਚ ਭੀੜ-ਭੜੱਕੇ ਅਤੇ ਪਿੰਜਰੇ ਵਿੱਚ ਬੰਦ ਜਾਨਵਰਾਂ ਦੀ ਸਿਹਤ ਬਾਰੇ ਫਿਕਰ ਜਤਾਏ ਜਾਣ ਤੋਂ ਬਾਅਦ ਆਈ ਹੈ।

ਦੇਸ਼-ਭਰ ਵਿੱਚ ਆਵਾਰਾ ਕੁੱਤਿਆਂ ਨਾਲ ਸੰਬੰਧਤ ਵਧ ਰਹੇ ਵਿਵਾਦ ਅਤੇ ਘਟਨਾਵਾਂ ’ਤੇ ਸੁਪਰੀਮ ਕੋਰਟ ਨੇ ਅਹਿਮ ਹੁਕਮ ਜਾਰੀ ਕਰਦਿਆਂ ਕਿਹਾ ਕਿ ਹੁਣ ਸੜਕਾਂ ’ਤੇ ਕੁੱਤਿਆਂ ਨੂੰ ਖੁਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜੇ ਕੋਈ ਅਜਿਹਾ ਕਰਦਾ ਪਾਇਆ ਜਾਂਦਾ ਹੈ, ਤਾਂ ਉਸ ਵਿਰੁੱਧ ਸੰਬੰਧਤ ਕਾਨੂੰਨਾਂ ਤਹਿਤ ਕਾਰਵਾਈ ਕੀਤੀ ਜਾਵੇਗੀ।

ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਆਵਾਰਾ ਕੁੱਤਿਆਂ ਦਾ ਮੁੱਦਾ ਸਿਰਫ ਇੱਕ ਰਾਜ ਜਾਂ ਸ਼ਹਿਰ ਤੱਕ ਸੀਮਤ ਨਹੀਂ ਹੈ। ਇਸ ਲਈ, ਇਸ ਮਾਮਲੇ ਵਿੱਚ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਧਿਰ ਬਣਾਇਆ ਗਿਆ ਹੈ ਅਤੇ ਇਸ ਦਾ ਦਾਇਰਾ ਪੂਰੇ ਭਾਰਤ ਤੱਕ ਵਧਾਇਆ ਗਿਆ ਹੈ।





ਅਦਾਲਤ ਨੇ ਨਗਰ ਨਿਗਮਾਂ ਅਤੇ ਸਥਾਨਕ ਸੰਸਥਾਵਾਂ ਨੂੰ ਆਵਾਰਾ ਕੁੱਤਿਆਂ ਲਈ ਸਮਰਪਤ ਫੀਡਿੰਗ ਜ਼ੋਨ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਪ੍ਰਬੰਧ ਸਥਾਨਕ ਆਬਾਦੀ ਅਤੇ ਕੁੱਤਿਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਵੇਗਾ। ਸੁਪਰੀਮ ਕੋਰਟ ਨੇ 11 ਅਗਸਤ ਦੇ ਸ਼ੈਲਟਰਾਂ ਦੇ ਬਾਹਰ ਕੁੱਤਿਆਂ ਨੂੰ ਛੱਡਣ ’ਤੇ ਪਾਬੰਦੀ ਲਗਾਉਣ ਵਾਲੇ ਪਹਿਲਾਂ ਦੇ ਹੁਕਮ ਨੂੰ ਹੁਣ ਮੁਅੱਤਲ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਕੁੱਤਿਆਂ ਨੂੰ ਟੀਕਾਕਰਨ ਅਤੇ ਨਸਬੰਦੀ ਤੋਂ ਬਾਅਦ ਹੀ ਛੱਡਿਆ ਜਾ ਸਕਦਾ ਹੈ, ਪਰ ਇਹ ਹੁਕਮ ਰੈਬੀਜ਼ ਨਾਲ ਸੰਕਰਮਿਤ ਕੁੱਤਿਆਂ ’ਤੇ ਲਾਗੂ ਨਹੀਂ ਹੋਵੇਗਾ।

ਸੁਪਰੀਮ ਕੋਰਟ ਦੀ ਬੈਂਚ ਨੇ ਕਿਹਾ, “ਦੋਵਾਂ ਧਿਰਾਂ ਦਾ ਅੰਤਮ ਟੀਚਾ ਇੱਕੋ ਹੈ—ਅਸੀਂ ਨਹੀਂ ਚਾਹੁੰਦੇ ਕਿ ਕੁੱਤਿਆਂ ਦੀ ਆਬਾਦੀ ਸੜਕਾਂ ’ਤੇ ਘੁੰਮੇ, ਅਸੀਂ ਨਹੀਂ ਚਾਹੁੰਦੇ ਕਿ ਉਹ ਸੜਕਾਂ ’ਤੇ ਦੁੱਖ ਝੱਲਣ... ਇਹ ਸਿਰਫ ਇਸ ਲਈ ਹੈ ਕਿ ਇਸ ਨੂੰ ਪ੍ਰਾਪਤ ਕਰਨ ਦਾ ਤਰੀਕਾ ਵੱਖਰਾ ਹੈ।”

ਕੋਰਟ ਨੇ ਜ਼ੋਰ ਦੇ ਕੇ ਕਿਹਾ ਕਿ ਪਸ਼ੂ ਜਨਮ ਨਿਯੰਤਰਣ (ਏ ਬੀ ਸੀ) ਨਿਯਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ, ਆਵਾਰਾ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਨ ਲਈ ਇਲਾਜ ਅਤੇ ਨਸਬੰਦੀ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਸ਼ੇਰੂ, ਟੌਮੀ, ਮੋਤੀ ਨੂੰ ਪਿਆਰ ਕਰਨ ਵਾਲਿਆਂ ਨੇ ਸੁਪਰੀਮ ਕੋਰਟ ਦੇ ਨਵੇਂ ਹੁਕਮ ਦਾ ਸਵਾਗਤ ਕੀਤਾ ਹੈ।

## ਕਾਮਰੇਡ ਜਗਜੀਤ ਸਿੰਘ ਆਨੰਦ ਯਾਦਗਾਰੀ ਸੈਮੀਨਾਰ ਅੱਜ

### ‘ਵਰਤਮਾਨ ਹਾਲਾਤ ’ਚ ਪ੍ਰਗਤੀਸ਼ੀਲ ਪੱਤਰਕਾਰੀ ਦੀ ਭੂਮਿਕਾ’ ’ਤੇ ਹੋਵੇਗੀ ਚਰਚਾ



**ਜਲੰਧਰ** : ਪੰਜਾਬੀ ਪੱਤਰਕਾਰਤਾ ਦੇ ਥੰਮ ਤੇ ਅਦਾਰਾ ‘ਨਵਾਂ ਜ਼ਮਾਨਾ’ ਦੇ ਮੁੱਖ ਸੰਪਾਦਕ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਯਾਦ ਨੂੰ ਸਮਰਪਤ ‘ਵਰਤਮਾਨ ਹਾਲਾਤ ’ਚ ਪ੍ਰਗਤੀਸ਼ੀਲ ਪੱਤਰਕਾਰੀ ਦੀ ਭੂਮਿਕਾ’ ਵਿਸ਼ੇ ’ਤੇ ਸੈਮੀਨਾਰ 23 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਸਵੇਰੇ 11 ਤੋਂ ਦੁਪਹਿਰ 2 ਵਜੇ ਤੱਕ ਕਰਾਇਆ ਜਾ ਰਿਹਾ ਹੈ। ਇਹ ਸੈਮੀਨਾਰ ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂਸੰਮੇਲਨ ਦੇ ਸੰਦਰਭ ਵਿੱਚ ਕਰਾਇਆ ਜਾ ਰਿਹਾ ਹੈ। ‘ਗੁਰਮੀਤ ਸਿੰਘ ਸ਼ੁਗਲੀ ਯਾਦਗਾਰੀ ਟਰੱਸਟ’ ਵੱਲੋਂ ਕਰਾਏ ਜਾ ਰਹੇ ਇਸ ਸੈਮੀਨਾਰ ਬਾਰੇ ਐਡਵੋਕੇਟ ਰਜਿੰਦਰ ਮੰਡ ਨੇ ਦੱਸਿਆ ਕਿ ਸੀਨੀਅਰ ਪੱਤਰਕਾਰ ਬਲਵਿੰਦਰ ਜੰਮੂ, ਸ੍ਰੀ ਸਤਨਾਮ ਸਿੰਘ ਮਾਣਕ, ਡਾ. ਕਮਲੇਸ਼ ਦੁੱਗਲ, ਲਖਵਿੰਦਰ ਸਿੰਘ ਜੌਹਲ, ਜਸ ਮੰਡ, ਸਵਰਨ ਸਿੰਘ ਟਹਿਣਾ, ਡਾ. ਕੁਲਦੀਪ ਸਿੰਘ, ਨਰਿੰਦਰ ਕੌਰ ਸੋਹਲ ਤੇ ਅਜੇ ਯਾਦਵ ਵਿਚਾਰ ਪੇਸ਼ ਕਰਨਗੇ। ਪ੍ਰਧਾਨਗੀ ਮੰਡਲ ਵਿੱਚ ਡਾ. ਜਸਪਾਲ ਸਿੰਘ ਰੰਧਾਵਾ, ਸਤਨਾਮ ਸਿੰਘ ਮਾਣਕ, ਕਾ. ਚੰਦ ਫ਼ਤਹਿਪੁਰੀ ਤੇ ਕਾ. ਪ੍ਰਿਥੀਪਾਲ ਮਾੜੀਮੇਘਾ ਹੋਣਗੇ।

ਸਮਾਗਮ ਦਾ ਮੰਚ ਸੰਚਾਲਨ ਬੀਰ ਰਹੀਮਪੁਰੀ ਵੱਲੋਂ ਕੀਤਾ ਜਾਵੇਗਾ।

23-AUG-PAGE-1.qxd 8/22/2025 9:33 PM Page 2



## ਸੈਕਰਡ ਹਾਰਟ ਦੀਆਂ ਵਿਦਿਆਰਥਣਾਂ ਨੇ ਸ਼ਤਰੰਜ 'ਚ ਕੀਤਾ ਤੀਜਾ ਸਥਾਨ ਹਾਸਲ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੀਤੇ ਦਿਨੀਂ 69ਵੀਆਂ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਸੈਕਰਡ ਹਾਰਟ ਕੌਨਵੈਂਟ ਸਕੂਲ ਦੀਆਂ ਵਿਦਿਆਰਥਣਾਂ ਨੇ ਵੀ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਨ੍ਹਾਂ ਖੇਡਾਂ ਵਿੱਚ ਵੱਖ-ਵੱਖ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸੈਕਰਡ ਹਾਰਟ ਕੌਨਵੈਂਟ ਸਕੂਲ ਮਾਛੀਵਾੜਾ ਸਾਹਿਬ ਦੀਆਂ ਅੰਡਰ-17 ਵਿਦਿਆਰਥਣਾਂ ਕੋਮੀਆ ਸਹਾਰਣ ਤੇ ਸਿਮਰਪ੍ਰੀਤ ਕੌਰ ਨੇ ਸ਼ਤਰੰਜ ਟੂਰਨਾਮੈਂਟ 'ਚ ਤੀਜਾ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਸਿਸਟਰ ਐਂਸੀ ਜੋਸੇਫ ਨੇ ਦੋਵੇਂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਵਿਦਿਆਰਥਣਾਂ ਦਾ ਤੀਜਾ ਸਥਾਨ ਹਾਸਲ ਕਰਨਾ ਸੰਸਥਾ ਲਈ ਮਾਣ ਵਾਲੀ ਗੱਲ ਹੈ।

## ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਯੂਥ ਕਲੱਬ ਤੇ ਰੈੱਡ ਰਿਬਨ ਕਲੱਬ ਵੱਲੋਂ ਸਾਂਝੇ ਤੌਰ 'ਤੇ ਸਦਭਾਵਨਾ ਦਿਵਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਦੀ ਅਗਵਾਈ ਹੇਠ 'ਪੋਸਟਰ ਮੁਕਾਬਲੇ' ਕਰਵਾਏ ਗਏ। ਇਸ ਮੌਕੇ ਯੂਥ ਐਂਡ ਰੈੱਡ ਰਿਬਨ ਕਲੱਬ ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਨੇ ਸਦਭਾਵਨਾ ਦਿਵਸ ਨਾਲ ਸੰਬੰਧਤ ਵੱਖ-ਵੱਖ ਪੋਸਟਰ ਤਿਆਰ ਕੀਤੇ ਅਤੇ ਇਸ ਮੁਕਾਬਲੇ ਵਿੱਚ ਲਗਭਗ 30 ਵਿਦਿਅਰਥੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਦੌਰਾਨ ਬੀ ਕਾਮ ਭਾਗ ਪਹਿਲਾ ਦੀ ਵਿਦਿਆਰਥਣ ਰੇਨ ਨੇ ਪਹਿਲਾ, ਬੀ ਕਾਮ ਭਾਗ ਪਹਿਲਾ ਦੀ ਆਰੋਹੀ ਨਿਸ਼ਾਦ ਤੇ ਕੀਰਤ ਨੇ ਸਾਂਝੇ ਤੌਰ 'ਤੇ ਦੂਸਰਾ ਸਥਾਨ ਅਤੇ ਬੀ ਏ ਭਾਗ ਪਹਿਲਾ ਦੀ ਸਿਮਰਨਪ੍ਰੀਤ ਕੌਰ ਤੇ ਸੰਜਨਾ ਨੇ ਸਾਂਝੇ ਤੌਰ 'ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਬੀ ਏ ਭਾਗ ਪਹਿਲਾ ਦੀ ਨਿਗਮ ਯਾਦਵ ਨੇ ਹੌਸਲਾਅਫ਼ਜ਼ਾਈ ਇਨਾਮ ਪ੍ਰਾਪਤ ਕੀਤਾ। ਇਸ ਗਤੀਵਿਧੀ ਦੇ ਆਯੋਜਨ ਵਿੱਚ ਪ੍ਰੋ. ਦੀਪਾਲੀ ਅਰੋੜਾ, ਪ੍ਰੋ. ਸ਼ਵੇਤਾ ਥਾਪਾ, ਪ੍ਰੋ. ਜਸਪ੍ਰੀਤ ਕੌਰ ਤੇ ਪ੍ਰੋ. ਸਿਮਰਜਨਜੀਤ ਕੌਰ ਨੇ ਯੋਗਦਾਨ ਪਾਇਆ। ਇਸ ਗਤੀਵਿਧੀ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ੍ਰ. ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਸ੍ਰੀਮਤੀ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

## ਐੱਸ ਬੀ ਆਈ ਨੇ ਸਰਕਾਰੀ ਸਕੂਲ ਬਰਕੰਦੀ ਵਿਖੇ ਪੌਦੇ ਲਗਾਏ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੈਨ ਇੰਡੀਆ ਸੀ ਐੱਸ ਆਰ ਐਕਟੀਵਿਟੀ ਸਟੇਟ ਬੈਂਕ ਆਫ ਇੰਡੀਆ ਮੁਹਿੰਮ ਤਹਿਤ ਸਰਕਾਰੀ ਹਾਈ ਸਕੂਲ ਬਰਕੰਦੀ ਵਿਖੇ ਸਟੇਟ ਬੈਂਕ ਆਫ ਇੰਡੀਆ ਵੱਲੋਂ ਹੈੱਡ ਮਿਸਟ੍ਰੈੱਸ ਸ੍ਰੀਮਤੀ ਨੀਤੂ ਚੋਪੜਾ ਦੀ ਅਗਵਾਈ ਹੇਠ ਪੌਦੇ ਲਗਾਏ ਗਏ। ਇਸ ਮੌਕੇ ਐੱਸ ਬੀ ਆਈ ਬੈਂਕ ਵੱਲੋਂ ਵਿਸ਼ੇਸ਼ ਤੌਰ 'ਤੇ ਵਿਕਰਮ ਦੱਤ ਮੈਨੇਜਰ ਲੀਡ ਬੈਂਕ ਐੱਸ ਬੀ ਆਈ ਤੇ ਵਿਜੈ ਕੁਮਾਰ ਮੈਨੇਜਰ ਖੇਤਰੀ ਪ੍ਰਬੰਧਕ ਐੱਸ ਬੀ ਆਈ ਪਹੁੰਚੇ। ਉਨ੍ਹਾਂ ਇਸ ਮੌਕੇ ਪੌਦਿਆਂ ਦੀ ਮਹੱਤਤਾ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਰੁੱਖ ਲਗਾਉਣ ਨਾਲ ਸਾਡਾ ਆਲਾ ਦੁਆਲਾ ਹਰਿਆ ਭਰਿਆ ਰਹਿੰਦਾ ਹੈ ਤੇ ਸਾਨੂੰ ਸਾਰਿਆਂ ਨੂੰ ਹੀ ਵਾਤਾਵਰਨ ਦੀ ਸੰਭਾਲ ਲਈ ਵੱਧ ਤੋਂ ਵੱਧ ਪੌਦੇ ਲਗਾ ਕੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਨੀਤੂ ਚੋਪੜਾ ਨੇ ਕਿਹਾ ਕਿ ਸਟੇਟ ਬੈਂਕ ਆਫ ਇੰਡੀਆ ਵੱਲੋਂ ਪੌਦੇ ਲਗਾਉਣ ਦਾ ਕੰਮ ਸ਼ਲਾਘਾਯੋਗ ਹੈ ਤੇ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਪੌਦੇ ਲਗਾ ਕੇ ਵਾਤਾਵਰਨ ਦੀ ਸੰਭਾਲ ਵਿੱਚ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ, ਤਾਂ ਜੋ ਭਵਿੱਖ ਲਈ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਰੱਖ ਸਕੀਏ। ਇਸ ਮੌਕੇ ਸਕੂਲ ਵਿੱਚ ਵੱਖੋ ਵੱਖਰੀ ਕਿਸਮ ਦੇ ਬੂਟੇ ਲਗਾਏ ਗਏ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਸੁਰਿੰਦਰ ਕੌਰ ਮਾਂਗਟ ਭਾਜਪਾ ਮਹਿਲਾ ਵਿੰਗ ਦੀ ਚੀਫ ਕੋਆਰਡੀਨੇਟਰ ਨਿਯੁਕਤ



**ਦੋਰਾਹਾ (ਹਰਮਿੰਦਰ ਸੇਠ)**-ਭਾਜਪਾ ਵੱਲੋਂ ਐੱਸ ਸੀ ਮਹਿਲਾ ਮੋਰਚਾ ਜ਼ਿਲ੍ਹਾ ਖੰਨਾ ਭਾਜਪਾ 'ਚ ਆਪਣੀ ਗਤੀਵਿਧੀਆਂ ਨੂੰ ਵਧਾਉਂਦੇ ਹੋਏ ਪੰਜਾਬ ਭਾਜਪਾ ਵੱਲੋਂ ਹਲਕਾ ਪਾਇਲ ਤੋਂ ਮਹਿਲਾ ਆਗੂ ਮੈਡਮ ਸੁਰਿੰਦਰ ਕੌਰ ਮਾਂਗਟ ਨੂੰ ਐੱਸ ਸੀ ਮਹਿਲਾ ਮੋਰਚਾ ਜ਼ਿਲ੍ਹਾ ਖੰਨਾ ਭਾਜਪਾ ਦੀ ਚੀਫ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ।ਇਸ ਮੌਕੇ ਦੋਰਾਹਾ ਭਾਜਪਾ ਦੇ ਸੀਨੀਅਰ ਆਗੂ ਤੇ ਭਾਜਪਾ ਵਰਕਰਾਂ ਨੇ ਮੈਡਮ ਸੁਰਿੰਦਰ ਕੌਰ ਮਾਂਗਟ ਨੂੰ ਵਧਾਈ ਦਿੱਤੀ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਡਮ ਸੁਰਿੰਦਰ ਕੌਰ ਮਾਂਗਟ ਨੇ ਕਿਹਾ ਕਿ ਉਹ ਭਾਜਪਾ ਪਾਰਟੀ ਵੱਲੋਂ ਉਨ੍ਹਾਂ ਨੂੰ ਦਿੱਤੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ, ਤਨਦੇਹੀ ਤੇ ਮਿਹਨਤ ਨਾਲ ਨਿਭਾਉਣਗੇ।ਮੈਡਮ ਸੁਰਿੰਦਰ ਕੌਰ ਮਾਂਗਟ ਨੇ ਅਖੀਰ ਵਿੱਚ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਹਾਈਕਮਾਂਡ, ਬੀਬਾ ਜੈ ਇੰਦਰ ਕੌਰ, ਐੱਸ ਆਰ ਲੱਧੜ ਰਿਟਾਇਡ (ਆਈ.ਏ.ਐੱਸ.) ਪ੍ਰਧਾਨ ਐੱਸ ਸੀ ਮੋਰਚਾ ਭਾਜਪਾ ਪੰਜਾਬ, ਮੈਡਮ ਨੀਤੂ ਸਿੰਘ ਸਪੋਕਸਪਰਸਨ ਮਹਿਲਾ ਮੋਰਚਾ ਭਾਜਪਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ।

## ਬੀਜੇਪੀ ਨੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ



**ਪਟਿਆਲਾ (ਰਾਜਿੰਦਰ ਬਿੰਦ)**-ਭਾਰਤੀ ਜਨਤਾ ਪਾਰਟੀ ਵੱਲੋਂ ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ ਦੇ ਨਿਰਦੇਸ਼ਾਂ 'ਤੇ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਹਰਮੇਸ਼ ਗੋਇਲ ਡਕਾਲਾ, ਹਲਕਾ ਸਮਾਣਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਜ਼ਿਲ੍ਹਾ ਦਫਤਰ ਇੰਚਾਰਜ ਸੰਜੀਵ ਗਰਗ ਦੀ ਅਗਵਾਈ ਹੇਠ ਬੀਜੇਪੀ ਦੇ ਆਗੂਆਂ ਤੇ ਵਰਕਰਾਂ ਨਾਲ ਮਿਲ ਕੇ, ਕੇਂਦਰ ਸਰਕਾਰ ਦੀਆਂ ਸਕੀਮਾਂ ਨੂੰ ਪੰਜਾਬ ਵਿੱਚ ਲਾਗੂ ਨਾ ਕਰਨ ਦੇ ਵਿਰੋਧ ਵਿੱਚ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ ਅਤੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਹਰਮੇਸ਼ ਗੋਇਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਅੰਦਰ ਬੀਜੇਪੀ ਦੀ ਚੜ੍ਹਤ ਨੂੰ ਦੇਖ ਕੇ ਬੁਖਲਾਹਟ ਵਿੱਚ ਆ ਗਈ ਹੈ, ਜਿਸ ਦਾ ਉਸ ਨੂੰ 2027 ਦੀਆਂ ਵਿਧਾਨ ਸਭਾਈ ਚੋਣਾਂ 'ਚ ਖ਼ਮਿਆਜ਼ਾ ਭੁਗਤਣਾ ਪਵੇਗਾ।

## ਵਿਧਾਇਕ ਦਿਆਲਪੁਰਾ ਵੱਲੋਂ ਮੀਟਿੰਗ ਹਾਲ ਦਾ ਉਦਘਾਟਨ



**ਸਮਰਾਲਾ (ਸੁਰਜੀਤ ਸਿੰਘ)**-ਵਿਧਾਨ ਸਭਾ ਹਲਕਾ ਸਮਰਾਲਾ ਤੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੱਲੋਂ ਐੱਸ.ਡੀ.ਐੱਮ. ਦਫਤਰ ਵਿੱਚ ਬਣਾਏ ਗਏ ਨਵੇਂ ਮੀਟਿੰਗ ਹਾਲ ਦਾ ਉਦਘਾਟਨ ਐੱਸ.ਡੀ.ਐੱਮ. ਰਜਨੀਸ਼ ਅਰੋੜਾ, ਡੀ.ਐੱਸ.ਪੀ. ਤਰਲੋਚਨ ਸਿੰਘ ਦੀ ਹਾਜ਼ਰੀ ਵਿੱਚ ਕੀਤਾ ਗਿਆ। ਐੱਸ.ਡੀ.ਐੱਮ. ਰਜਨੀਸ਼ ਅਰੋੜਾ ਨੇ ਦੱਸਿਆ ਕਿ ਜਦੋਂ ਵੀ ਵੱਖ-ਵੱਖ ਦਫਤਰਾਂ ਦੇ ਮੁਲਾਜਮਾਂ ਦੀ ਜਰੂਰੀ ਮੀਟਿੰਗ ਸੱਦੀ ਜਾਂਦੀ ਸੀ ਤਾਂ ਦਫਤਰ ਵਿੱਚ ਜਗ੍ਹਾ ਨਾ ਹੋਣ ਕਾਰਨ ਕ੍ਰਿਸ਼ੀ ਵਿਗਿਆਨ ਕੇਂਦਰ ਜਾਂ ਹੋਰ ਦਫਤਰਾਂ ਵਿੱਚ ਕਰਨੀ ਪੈਂਦੀ ਸੀ ਤੇ ਹੁਣ ਇਸ ਹਾਲ ਦੇ ਬਣਨ ਨਾਲ ਮੁਲਾਜ਼ਮਾਂ ਦੀਆਂ ਮੀਟਿੰਗਾਂ ਕਰਨ ਲਈ ਸੌਖ ਹੋਵੇਗੀ। ਉਦਘਾਟਨੀ ਰਸਮ ਮੌਕੇ ਰੀਡਰ ਗੀਗਨ ਗੁਪਤਾ, ਪ੍ਰਭਜੋਤ ਸਿੰਘ, ਗਗਨਦੀਪ ਸਿੰਘ, ਕਾਨੂੰਗੋ ਲਛਮਣ ਸਿੰਘ, ਤੇਜਿੰਦਰ ਸਿੰਘ, ਸੁਪਰਡੈਂਟ ਪ੍ਰਭਜੋਤ ਸਿੰਘ, ਪ੍ਰਵੇਜ ਤੇ ਮਨਦੀਪ ਸਿੰਘ ਤੋਂ ਇਲਾਵਾ ਤਹਿਸੀਲ ਦਫਤਰ ਦੇ ਸਮੂਹ ਮੁਲਾਜ਼ਮ ਹਾਜ਼ਰ ਸਨ।

## ਬਾਬਾ ਮੋਨੀ ਜੀ ਕਾਲਜ ਵਿਖੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਾਬਾ ਮੋਨੀ ਜੀ ਮਹਾਰਾਜ ਡਿਗਰੀ ਕਾਲਜ ਲਹਿਰਾ ਮੁਹੱਬਤ (ਬਠਿੰਡਾ) ਵਿਖੇ ਵਿਦਿਆਰਥੀਆਂ ਵੱਲੋਂ ਖੇਡਾਂ ਬਾਰੇ ਜਾਗਰੂਕਤਾ ਸੰਬੰਧੀ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਕਾਲਜ ਦੇ ਪ੍ਰਿੰਸੀਪਲ, ਸਟਾਫ਼ ਮੈਂਬਰਜ਼ ਪ੍ਰੋ. ਜਸਕਰਨ ਸਿੰਘ, ਪ੍ਰੋ. ਕੁਲਦੀਪ ਸਿੰਘ, ਪ੍ਰੋ. ਰਮਨਦੀਪ ਕੌਰ ਤੇ ਜਗਪ੍ਰੀਤ ਕੌਰ ਆਦਿ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਖੇਡਾਂ ਬਾਰੇ ਨੌਜਵਾਨਾਂ ਨੂੰ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਨੌਜਵਾਨਾਂ ਨੂੰ ਖੇਡਾਂ ਵਿੱਚ ਲਗਾ ਕੇ ਅਸੀਂ ਉਨ੍ਹਾਂ ਨੂੰ ਗਲਤ ਆਦਤਾਂ ਤੋਂ ਦੂਰ ਰੱਖ ਸਕਦੇ ਹਾਂ। ਜੇਕਰ ਨੌਜਵਾਨ ਵਿਹਲੇ ਰਹਿਣਗੇ ਤਾਂ ਉਹ ਗਲਤ ਆਦਤਾਂ ਦੇ ਸ਼ਿਕਾਰ ਹੋ ਜਾਣਗੇ। ਨੌਜਵਾਨਾਂ ਦੇ ਆਦਰਸ਼ ਮਿਲਖਾ ਸਿੰਘ ਤੇ ਮੇਜਰ ਧਿਆਨ ਚੰਦ ਵਰਗੇ ਖਿਡਾਰੀ ਹੋਣਗੇ ਤਾਂ ਉਹ ਆਪਣੇ ਆਪ ਨੂੰ ਉਨ੍ਹਾਂ ਦੀ ਲੀਹ 'ਤੇ ਚਲਾਉਣਗੇ ਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ ਤੇ ਹੋਰ ਵੀ ਨੌਜਵਾਨਾਂ ਨੂੰ ਪ੍ਰੇਰਿਤ ਕਰਨਗੇ, ਜਿਸ ਨਾਲ ਸਾਡੇ ਸਮਾਜ ਵਿੱਚ ਨਸ਼ੇ ਵਰਗੀਆਂ ਸਮੱਸਿਆਵਾਂ 'ਤੇ ਅਸੀ ਕੰਟਰੋਲ ਪਾ ਸਕਦੇ ਹਾਂ। ਖੇਡਾਂ ਵਿੱਚ ਹਿੱਸਾ ਲੈਣ ਨਾਲ ਅਸੀਂ ਸਰੀਰਕ ਪੱਖ ਤੋਂ ਹੀ ਨਹੀਂ ਅਸੀਂ ਦਿਮਾਗੀ ਤੇ ਸਮਾਜਿਕ ਤੌਰ 'ਤੇ ਵੀ ਮਜ਼ਬੂਤ ਹੁੰਦੇ ਹਾਂ।

# ਸਮਾਣਾ 'ਚ ਹੋਈ ਕਾਂਗਰਸ ਦੀ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ

- ਵੋਟ ਚੋਰਾਂ ਦੇ ਹੱਥ ਦੇਸ਼ ਦਾ ਸੰਵਿਧਾਨ ਅਤੇ ਲੋਕਤੰਤਰ ਸੁਰੱਖਿਅਤ ਨਹੀਂ : ਡਾਲਵੀ
- ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਰਾਜਭਾਗ ਤੋਂ ਦੁਖੀ : ਰਾਜਿੰਦਰ ਸਿੰਘ



**ਪਟਿਆਲਾ (ਰਾਜਿੰਦਰ ਬਿੰਦ)**- ਵਿਧਾਨ ਸਭਾ ਹਲਕਾ ਸਮਾਣਾ ਤੋਂ ਕਾਂਗਰਸ ਦੇ ਹਲਕਾ ਇੰਚਾਰਜ, ਸਾਬਕਾ ਵਿਧਾਇਕ ਰਾਜਿੰਦਰ ਸਿੰਘ ਦੀ ਅਗਵਾਈ ਹੇਠ ਸਮਾਣਾ ਵਿਖੇ ਕਾਂਗਰਸ ਪਾਰਟੀ ਵੱਲੋਂ ਵਿਸ਼ਾਲ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਲਕੇ ਦੇ ਸਮੂਹ ਬਲਾਕ ਪ੍ਰਧਾਨਾਂ, ਅਹੁਦੇਦਾਰਾਂ ਤੇ ਕਾਂਗਰਸੀ ਵਰਕਰਾਂ ਵੱਲੋਂ ਬੜੇ ਜੋਸ਼-ਖਰੋਸ਼ ਨਾਲ ਸ਼ਮੂਲੀਅਤ ਕੀਤੀ ਗਈ।ਬੇਸ਼ੱਕ ਇਹ ਇੱਕ ਮੀਟਿੰਗ ਸੀ, ਪ੍ਰੰਤੂ ਵਰਕਰਾਂ ਵਿੱਚ ਇੰਨਾ ਉਤਸ਼ਾਹ ਸੀ ਕਿ ਇਸ ਮੀਟਿੰਗ ਨੇ ਰੈਲੀ ਦਾ ਰੂਪ ਧਾਰ ਲਿਆ।ਇਸ ਮੌਕੇ ਪੰਜਾਬ ਕਾਂਗਰਸ ਦੇ ਸਹਿ-ਇੰਚਾਰਜ ਰਵਿੰਦਰ ਉੱਤਮ ਰਾਓ ਡਾਲਵੀ ਨੇ ਸੰਬੋਧਨ ਕਰਦਿਆਂ ਭਾਜਪਾ ਤੇ ਵੋਟ ਚੋਰੀ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਵੋਟ ਚੋਰੀ ਕਰਨ ਵਾਲੇ ਲੋਕਾਂ ਦੇ ਹੱਥ ਦੇਸ਼, ਸੰਵਿਧਾਨ ਤੇ ਲੋਕਤੰਤਰ ਸੁਰੱਖਿਅਤ ਨਹੀਂ ਹੈ।ਉਨ੍ਹਾਂ ਕਿਹਾ ਕਿ ਸੰਵਿਧਾਨ ਨੇ ਲੋਕਾਂ ਨੂੰ ਵੋਟ ਦਾ ਅਧਿਕਾਰ ਦਿੱਤਾ ਹੈ, ਜਦੋਂਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗ੍ਰਿਹ ਮੰਤਰੀ ਅਮਿਤ ਸ਼ਾਹ ਤੇ ਚੋਣ ਕਮਿਸ਼ਨਰ ਉਨ੍ਹਾਂ ਤੋਂ ਵੋਟ ਖੋਹ ਰਹੇ ਹਨ।ਉਨ੍ਹਾਂ ਕਿਹਾ ਕਿ ਭਾਜਪਾ ਦੀ ਇਸ ਮਾੜੀ ਰਾਜਨੀਤੀ ਤਹਿਤ ਦੇਸ਼ ਵਾਸੀਆਂ ਦੇ ਪਹਿਲਾਂ ਵੋਟ ਕਾਰਡ ਜਾਵੇਗਾ, ਫਿਰ ਰਾਸ਼ਨ ਕਾਰਡ ਜਾਵੇਗਾ ਤੇ ਫਿਰ ਲੋਕਾਂ ਦੀ ਜ਼ਮੀਨ ਅਡਾਨੀ ਤੇ ਅੰਬਾਨੀ ਨੂੰ ਸੌਂਪ ਦਿੱਤੀ ਜਾਵੇਗੀ।ਉਨ੍ਹਾਂ ਕਾਂਗਰਸੀ ਆਗੂਆਂ, ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦੀ ਇਸ ਮਾੜੀ ਰਾਜਨੀਤੀ ਦਾ ਡੱਟ ਕੇ ਵਿਰੋਧ ਕਰਨ।ਇਸ ਮੌਕੇ ਸਾਬਕਾ ਵਿਧਾਇਕ ਰਾਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਅੰਦਰ ਅੱਜ ਭਗਵੰਤ ਮਾਨ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਲੈਂਡ ਪੂਲਿੰਗ ਨੀਤੀਆਂ ਬਣਾ ਕੇ ਹਥਿਆਉਣ ਦੀਆਂ ਸਾਜ਼ਿਸ਼ਾਂ ਘੜ ਰਹੀ ਹੈ, ਉਥੇ ਸੂਬੇ ਦੀ ਅਰਥ ਵਿਵਸਥਾ ਡਾਵਾਂਡੋਲ ਹੋਣ ਕਾਰਨ ਪੰਜਾਬ ਦਾ ਸਰਵ-ਪੱਖੀ ਵਿਕਾਸ ਨਾ ਹੋਣ ਕਾਰਨ ਆਮ ਆਦਮੀ ਪਾਰਟੀ ਵੱਲੋਂ ਦਿਖਾਏ ਸੁਪਨੇ ਚੂਰ-ਚੂਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਰਾਜਭਾਗ ਤੋਂ ਇੰਨੇ ਦੁਖੀ ਹਨ ਕਿ ਉਹ 2027 ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਨੂੰ ਪਲਟਣ ਲਈ ਪੱਬਾਂ ਭਾਰ ਹਨ।

ਇਸ ਮੌਕੇ ਪੰਜਾਬ ਕਾਂਗਰਸ ਮਹਿਲਾ ਕਾਂਗਰਸ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਨਰਿੰਦਰ ਲਾਲੀ ਆਬਜ਼ਰਵਰ ਸਮਾਣਾ, ਜ਼ਿਲ੍ਹਾ ਕਾਂਗਰਸ ਕਮੇਟੀ (ਦਿਹਾਤੀ) ਦੇ ਪ੍ਰਧਾਨ ਹਰਵਿੰਦਰ ਸਿੰਘ ਖਨੌੜਾ, ਡਾਕਟਰ ਰਾਜ ਕੁਮਾਰ ਡਕਾਲਾ, ਨੈਬ ਸਿੰਘ ਭਾਨਰੀ, ਸੁਖਵਿੰਦਰ ਸਿੰਘ ਕਾਲਾ, ਗੁਰਵਿੰਦਰ ਸਿੰਘ, ਹਰਪਾਲ ਸਿੰਘ ਧਰਮੇੜੀ (ਸਾਰੇ ਬਲਾਕ ਪ੍ਰਧਾਨ), ਸਾਬਕਾ ਪ੍ਰਧਾਨ ਯਸ਼ਪਾਲ ਸਿੰਗਲਾ, ਜਸਬੀਰ ਜੱਸੀ ਐੱਮ. ਸੀ., ਰਾਕੇਸ਼ ਜਿੰਦਲ, ਜੱਗਾ ਪਟਵਾਰੀ, ਮਹਿੰਦਰ ਬਾਜ਼ੀਗਰ ਤੋਂ ਇਲਾਵਾ ਹੋਰ ਬਹੁਤ ਸਾਰੇ ਆਗੂ ਇਸ ਮੌਕੇ ਹਾਜ਼ਰ ਸਨ।

## 12 ਕਿੱਲੋ ਭੁੱਕੀ ਬਰਾਮਦਗੀ ਦੇ ਮਾਮਲੇ 'ਚ ਇੱਕ ਗ੍ਰਿਫਤਾਰ

**ਸ੍ਰੀ ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੀ.ਆਰ.ਪੀ. ਥਾਣਾ ਸਰਹਿੰਦ ਵੱਲੋਂ ਸਰਹਿੰਦ ਰੇਲਵੇ ਸਟੇਸ਼ਨ ਨੇੜਿਓਂ ਬੀਤੇ ਦਿਨੀਂ ਬਰਾਮਦ ਕੀਤੀ ਗਈ ਭੁੱਕੀ ਦੇ ਮਾਮਲੇ 'ਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਉਕਤ ਗ੍ਰਿਫਤਾਰੀ ਦੀ ਪੁਸ਼ਟੀ ਕਰਦੇ ਹੋਏ ਜੀ.ਆਰ.ਪੀ. ਥਾਣਾ ਸਰਹਿੰਦ ਦੇ ਐੱਸ.ਐੱਚ.ਓ. ਇੰਸਪੈਕਟਰ ਰਤਨ ਲਾਲ ਨੇ ਦੱਸਿਆ ਕਿ ਬੀਤੀ 7 ਅਗਸਤ ਨੂੰ ਆਜ਼ਾਦੀ ਦਿਵਸ ਦੇ ਸਬੰਧ 'ਚ ਜੀ.ਆਰ.ਪੀ. ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਹਰਜਿੰਦਰ ਸਿੰਘ ਦੀ ਅਗਵਾਈ ਵਿੱਚ ਜੀ.ਆਰ.ਪੀ. ਤੇ ਆਰ.ਪੀ.ਐੱਫ. ਦੀ ਸਾਂਝੀ ਟੀਮ ਵੱਲੋਂ ਸਰਹਿੰਦ ਰੇਲਵੇ ਸਟੇਸ਼ਨ 'ਤੇ ਚੈਕਿੰਗ ਕੀਤੀ ਜਾ ਰਹੀ ਸੀ, ਜਿਸ ਦੌਰਾਨ ਪਲੇਟਫਾਰਮ ਨੰਬਰ 1 ਨਜ਼ਦੀਕ ਪਾਰਕ ਕੀਤੇ ਇੱਕ ਸ਼ੱਕੀ ਮੋਟਰਸਾਈਕਲ 'ਤੇ ਪੁਲਸ ਪਾਰਟੀ ਦੀ ਨਜ਼ਰ ਪਈ, ਜਿਸ 'ਤੇ ਇੱਕ ਥੈਲਾ ਲੱਦਿਆ ਹੋਇਆ ਸੀ, ਜਿਸ ਨੂੰ ਚੈੱਕ ਕਰਨ 'ਤੇ ਉਕਤ ਥੈਲੇ 'ਚੋਂ 12 ਕਿੱਲੋ 74 ਗ੍ਰਾਮ ਭੁੱਕੀ ਬਰਾਮਦ ਹੋਈ।ਇਸ ਸੰਬੰਧ 'ਚ ਜੀ.ਆਰ.ਪੀ. ਥਾਣਾ ਸਰਹਿੰਦ ਵਿਖੇ ਮੁਕੱਦਮਾ ਦਰਜ ਕਰਕੇ ਪਰਮਜੀਤ ਸਿੰਘ ਵਾਸੀ ਪਿੰਡ ਪਵਾਤ (ਲੁਧਿਆਣਾ) ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਮਾਤਾ ਗੰਗਾ ਖ਼ਾਲਸਾ ਕਾਲਜ ਵਿਖੇ ਨੁੱਕੜ ਨਾਟਕ ਦਾ ਆਯੋਜਨ



**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ ਵਿਖੇ ਸਾਇੰਸ ਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਪੰਜਾਬੀ ਸੰਵਾਦ ਮੰਚ ਅੰਮ੍ਰਿਤਸਰ ਦੀ ਅਗਵਾਈ ਹੇਠ ਐੱਚ. ਆਈ. ਵੀ. ਏਡਜ਼ ਤੇ ਨਸ਼ਿਆਂ ਵਿਰੁੱਧ ਇੱਕ ਨੁੱਕੜ ਨਾਟਕ ਦਾ ਆਯੋਜਨ ਕੀਤਾ ਗਿਆ।ਸਿਵਲ ਸਰਜਨ ਲੁਧਿਆਣਾ ਦੀ ਅਗਵਾਈ ਹੇਠ ਐੱਸ. ਐੱਮ. ਓ. ਡਾ. ਹਰਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਿਵਲ ਹਸਪਤਾਲ ਪਾਇਲ ਵੱਲੋਂ ਮੈਡਮ ਅਮਨਪ੍ਰੀਤ ਕੌਰ (ਆਈ. ਸੀ. ਟੀ. ਸੀ. ਕੌਂਸਲਰ), ਸੁਖਵਿੰਦਰ ਕੌਰ (ਏ ਪੀ ਐੱਸ ਡਬਲਯੂ ਡੀ ਪੀ) ਤੇ ਦਲਜੀਤ ਸਿੰਘ (ਏ ਪੀ ਐੱਸ ਡਬਲਯੂ ਡੀ ਪੀ) ਦੀ ਸਮੁੱਚੀ ਟੀਮ ਦੇ ਵਿਸ਼ੇਸ਼ ਉਪਰਾਲੇ ਸਦਕਾ ਇਹ ਕਾਰਜ ਮੁਕੰਮਲ ਹੋਇਆ।ਇਸ ਨੁੱਕੜ ਨਾਟਕ ਵਿੱਚ ਏਡਜ਼ ਵਰਗੀ ਭਿਆਨਕ ਬਿਮਾਰੀ ਦੇ ਕਾਰਨਾਂ ਤੇ ਲੱਛਣਾਂ ਉੱਤੇ ਰੋਸ਼ਨੀ ਪਾਉਂਦਿਆਂ ਨੂੰ ਦਰਸਾਉਂਦੇ ਪੰਜਾਬੀ ਸੰਵਾਦ ਮੰਚ ਅੰਮ੍ਰਿਤਸਰ ਦੇ ਕਲਾਕਾਰਾਂ ਨੇ ਜਾਗਰੂਕਤਾ ਭਰਪੂਰ ਨਾਟਕ ਪੇਸ਼ ਕੀਤਾ ਗਿਆ।ਸਾਇੰਸ ਵਿਭਾਗ ਨੇ ਜਾਣਕਾਰੀ ਦਿੱਤੀ ਕਿ ਇਹ ਗੰਭੀਰ ਬਿਮਾਰੀ ਐੱਚ. ਆਈ. ਵੀ. ਵਾਇਰਸ ਕਾਰਨ ਹੁੰਦੀ ਹੈ ਇਸ ਤੋਂ ਬਚਾਅ ਲਈ ਸੁਰੱਖਿਅਤ ਜੀਵਨ ਸ਼ੈਲੀ ਅਪਣਾਉਣਾ ਤੇ ਸਮੇਂ-ਸਮੇਂ 'ਤੇ ਟੈਸਟ ਕਰਵਾਉਣਾ ਲਾਜ਼ਮੀ ਹੈ।ਸਿਹਤ ਅਧਿਕਾਰੀਆਂ ਨੇ ਕਿਹਾ ਕਿ ਏਡਜ਼ ਬਾਰੇ ਭਰਮ ਦੂਰ ਕਰਨਾ ਸਭ ਤੋਂ ਵੱਡੀ ਲੋੜ ਹੈ। ਇਹ ਵਾਇਰਸ ਹੱਥ ਮਿਲਾਉਣ, ਗਲੇ ਮਿਲਣ, ਖਾਣਾ-ਪੀਣਾ ਸਾਂਝਾ ਕਰਨ ਨਾਲ ਨਹੀਂ ਫੈਲਦਾ।ਇਸ ਬਾਰੇ ਗਲਤਫਹਿਮੀਆਂ ਨੂੰ ਦੂਰ ਕਰਕੇ ਹੀ ਲੋਕਾਂ ਨੂੰ ਸੁਰੱਖਿਅਤ ਕੀਤਾ ਜਾ ਸਕਦਾ ਹੈ।ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਸਿਵਲ ਹਸਪਤਾਲ ਪਾਇਲ ਦੀ ਸਮੁੱਚੀ ਟੀਮ ਤੇ ਪੰਜਾਬੀ ਸੰਵਾਦ ਮੰਚ ਦੀ ਟੀਮ ਅਤੇ ਵਿਭਾਗਾਂ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

## ਲਾਰੈਂਸ ਸਕੂਲ 'ਇੱਕ ਪੌਦਾ ਮਾਂ ਦੇ ਨਾਮ' ਤਹਿਤ ਪੌਦੇ ਲਗਾਏ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿਖੇ ਇੱਕ ਵਿਸ਼ੇਸ਼ ਸਮਾਰੋਹ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ 'ਇੱਕ ਪੌਦਾ ਮਾਂ ਦੇ ਨਾਮ' ਦੇ ਤਹਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮਕਸਦ ਵਿਦਿਆਰਥੀਆਂ ਵਿੱਚ ਮਾਂ ਦੇ ਪ੍ਰਤੀ ਆਦਰ, ਪਿਆਰ ਦੀ ਭਾਵਨਾ ਨੂੰ ਮਜ਼ਬੂਤ ਕਰਨਾ, ਨਾਲ ਹੀ ਵਾਤਾਵਰਣ ਸੁਰੱਖਿਆ ਵੱਲ ਉਨ੍ਹਾਂ ਦੀ ਚੇਤਨਾ ਨੂੰ ਵਧਾਉਣਾ ਹੈ। ਸਕੂਲ ਦੇ ਪ੍ਰਿੰਸੀਪਲ ਜੀਨਮ ਗਰਗ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਮਾਂ ਸਾਡੀ ਪਹਿਲੀ ਅਧਿਆਪਕਾ, ਸਾਡੀ ਜੀਵਨ ਦਾਤਾ ਹੁੰਦੀ ਹੈ। ਜਿਵੇਂ ਮਾਂ ਸਾਡੀ ਰੱਖਿਆ ਕਰਦੀ ਹੈ, ਓਸੇ ਤਰ੍ਹਾਂ ਰੁੱਖ ਵੀ ਧਰਤੀ ਦੀ ਰੱਖਿਆ ਕਰਦੇ ਹਨ। ਜਦੋਂ ਅਸੀਂ ਮਾਂ ਦੇ ਨਾਮ 'ਤੇ ਰੁੱਖ ਲਗਾਉਂਦੇ ਹਾਂ, ਤਾਂ ਇਹ ਸਿਰਫ ਇੱਕ ਸੰਕੇਤਕ ਕੰਮ ਨਹੀਂ, ਸਗੋਂ ਭਾਵਨਾਵਾਂ ਤੇ ਜ਼ਿੰਮੇਵਾਰੀ ਦੀ ਅਭਿਵਿਅਕਤੀ ਹੁੰਦੀ ਹੈ। ਸਕੂਲ ਦੇ ਸੈਂਕੜੇ ਵਿਦਿਆਰਥੀਆਂ ਨੇ ਆਪਣੇ ਮਾਂ ਦੇ ਨਾਮ 'ਤੇ ਇੱਕ-ਇੱਕ ਪੌਦਾ ਲਗਾਇਆ। ਇਸ ਦੌਰਾਨ ਕੁਝ ਵਿਦਿਆਰਥੀਆਂ ਨੇ ਮਾਂ 'ਤੇ ਕਵਿਤਾਵਾਂ ਵੀ ਪੜ੍ਹੀਆਂ। ਸਮਾਗਮ ਵਿੱਚ ਸਿੱਖਿਆ ਕਰਮੀ, ਅਧਿਆਪਕਾਂ ਵੀ ਹਾਜ਼ਰ ਸਨ, ਜਿਨ੍ਹਾਂ ਨੇ ਵੀ ਰੁੱਖ ਲਗਾ ਕੇ ਆਪਣੀ ਭਾਗੀਦਾਰੀ ਨਿਭਾਈ। ਸਮਾਰੋਹ ਦੇ ਅਖੀਰ 'ਚ ਸਾਰੇ ਵਿਦਿਆਰਥੀਆਂ ਨੇ ਇਹ ਸਹੁੰ ਚੁੱਕੀ ਕਿ ਉਹ ਆਪਣੇ ਲਗਾਏ ਰੁੱਖ ਦੀ ਮਾਂ ਵਾਂਗ ਸੰਭਾਲ ਕਰਨਗੇ, ਪਾਣੀ ਦੇਣਗੇ ਤੇ ਉਨ੍ਹਾਂ ਦੀ ਸੁਰੱਖਿਆ ਕਰਦੇ ਰਹਿਣਗੇ।

## 10 ਲੱਖ ਰਾਸ਼ਨ ਕਾਰਡ ਕੱਟ ਕੇ ਭਾਜਪਾ ਨੇ ਗ਼ਰੀਬਾਂ ਦੇ ਢਿੱਡ 'ਚ ਮਾਰੀ ਲੱਤ : ਮਧੇਕੇ, ਖਾਲਸਾ ਦੀਨਾਸਾਹਿਬ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਕੇਂਦਰ ਦੀ ਭਾਜਪਾ ਸਰਕਾਰ ਸ਼ੁਰੂ ਤੋਂ ਹੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ, ਜਿਸ ਨਾਲ ਪੰਜਾਬ ਵਾਸੀਆਂ ਵਿੱਚ ਭਾਜਪਾ ਪ੍ਰਤੀ ਰੋਸ ਪਾਇਆ ਜਾ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਪਲੈਨਿੰਗ ਬੋਰਡ ਦੇ ਚੇਅਰਮੈਨ ਬਰਿੰਦਰ ਕੁਮਾਰ ਮਧੇਕੇ, ਜ਼ਿਲ੍ਹਾ ਪ੍ਰੈੱਸ ਸੈਕਟਰੀ ਅੰਮ੍ਰਿਤਪਾਲ ਸਿੰਘ ਖਾਲਸਾ ਨੇ ਕੀਤਾ। ਆਗੂਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਗ਼ਰੀਬ ਪਰਵਾਰਾਂ ਦੇ 10 ਲੱਖ ਰਾਸ਼ਨ ਕਾਰਡ ਕੱਟਣ ਦਾ ਜੋ ਤੁਗਲਕੀ ਫ਼ੁਰਮਾਨ ਜਾਰੀ ਕੀਤਾ ਹੈ, ਉਸ ਨਾਲ ਜਿੱਥੇ ਗਰੀਬ ਪਰਵਾਰਾਂ ਦੇ ਪੇਟ ਵਿੱਚ ਲੱਤ ਵੱਜੀ ਹੈ, ਉੱਥੇ ਕੇਂਦਰ ਸਰਕਾਰ ਦੀ ਪੰਜਾਬ ਪ੍ਰਤੀ ਸੋਚ ਵੀ ਉਜਾਗਰ ਹੋਈ ਹੈ।ਚੇਅਰਮੈਨ ਨੇ ਅੱਗੇ ਕਿਹਾ ਕਿ ਸਮੇਂ-ਸਮੇਂ 'ਤੇ ਭਾਜਪਾ ਦੀ ਪੰਜਾਬ ਪ੍ਰਤੀ ਮਾੜੀ ਸੋਚ ਲੋਕਾਂ ਸਾਹਮਣੇ ਆ ਰਹੀ ਹੈ।3 ਖੇਤੀ ਕਾਲੇ ਕਾਨੂੰਨਾਂ ਖਿਲਾਫ਼ ਦਿੱਲੀ ਦੇ ਬਾਰਡਰਾਂ 'ਤੇ ਸੰਘਰਸ਼ ਕਰਦੇ 700 ਤੋਂ ਉੱਪਰ ਕਿਸਾਨ ਭਰਾਵਾਂ ਦੀ ਸ਼ਹਾਦਤ ਹਾਲੇ ਤੱਕ ਪੰਜਾਬ ਵਾਸੀ ਭੁੱਲੇ ਨਹੀਂ ਕਿ ਭਾਜਪਾ ਇੱਕ ਤੋਂ ਬਾਅਦ ਇੱਕ ਪੰਜਾਬ ਤੇ ਪੰਜਾਬੀਆਂ ਖਿਲਾਫ਼ ਫ਼ੈਸਲੇ ਲੈ ਰਹੀ ਹੈ।ਬਰਿੰਦਰ ਕੁਮਾਰ ਮਧੇਕੇ ਤੇ ਅੰਮ੍ਰਿਤਪਾਲ ਸਿੰਘ ਖਾਲਸਾ ਦੀਨਾ ਸਾਹਿਬ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਭਾਜਪਾ ਦੀਆਂ ਇਨ੍ਹਾਂ ਪੰਜਾਬ ਅਤੇ ਪੰਜਾਬੀਆਂ ਦੇ ਵਿਰੁੱਧ ਚੱਲੀਆਂ ਚਾਲਾਂ ਦਾ ਜਵਾਬ ਹਰ ਤਰ੍ਹਾਂ ਦੀਆਂ ਚੋਣਾਂ ਵਿੱਚ ਇਨ੍ਹਾਂ ਨੂੰ ਨਕਾਰ ਕੇ ਦਿੱਤਾ ਜਾਵੇ।



# ਪਾਰਕ ਸੁੰਦਰੀਕਰਨ ਦੇ ਆਖਰੀ ਪੜਾਅ 'ਚ ਫੁੱਲ-ਬੂਟੇ ਲਾਉਣ ਦਾ ਕੰਮ ਸ਼ੁਰੂ : ਢੋਸੀਵਾਲ

- ਅਰਵਿੰਦਰ ਬੱਬੂ ਚਾਹਲ ਨੇ ਕੀਤੀ ਸ਼ੁਰੂਆਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਸਮੂਹ ਬਾਵਾ ਪਰਵਾਰ ਵੱਲੋਂ ਦਾਨ ਕੀਤੀ ਜ਼ਮੀਨ ਉਪਰ ਡਾ. ਭੀਮ ਰਾਓ ਅੰਬੇਡਕਰ ਪਾਰਕ ਬਣਿਆ ਹੋਇਆ ਹੈ।ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਪਾਰਕ ਦੇ ਨਵੀਨੀਕਰਨ ਦਾ ਕਾਰਜ ਚੱਲ ਰਿਹਾ ਹੈ।ਇਸ ਕਾਰਜ ਦੇ ਚੌਥੇ ਤੇ ਆਖਰੀ ਪੜਾਅ ਵਿੱਚ ਪਾਰਕ ਅੰਦਰ 50 ਗੁਲਾਬ ਦੇ ਪੌਦੇ, 150 ਫਾਈਕਸ ਪਾਂਡਾ ਦੇ ਪੌਦੇ ਤੇ ਘਾਹ ਲਾਇਆ ਜਾਵੇਗਾ।ਇਹ ਫੁੱਲ ਬੂਟੇ ਲਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ।ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਅਰਵਿੰਦਰ ਸਿੰਘ ਬੱਬੂ ਚਾਹਲ ਬੂੜਾ ਗੁੱਜਰ ਨੇ ਆਪਣੇ ਕਰ ਕਮਲਾਂ ਨਾਲ ਪੌਦੇ ਲਾਉਣ ਦੀ ਸ਼ੁਰੂ ਕੀਤੀ।

ਪ੍ਰਧਾਨ ਢੋਸੀਵਾਲ ਤੋਂ ਇਲਾਵਾ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ ਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ।ਇਸ ਤੋਂ ਇਲਾਵਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ, ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਗੁਰਪਾਲ ਸਿੰਘ ਪਾਲੀ, ਅਸ਼ੋਕ ਕੁਮਾਰ, ਸੁਖਬੀਰ ਸਿੰਘ ਜ਼ੈਲਦਾਰ, ਜਸਬੀਰ ਸਿੰਘ ਰਿਟਾ ਏ.ਐਸ.ਆਈ, ਸੋਮ ਨਾਥ, ਬਰਨੇਕ ਸਿੰਘ ਰਿਟਾ. ਲੈਕਚਰਾਰ ਵੀ ਮੌਜੂਦ ਸਨ।ਪੌਦੇ ਲਾਉਣ ਦੀ ਸ਼ੁਰੂਆਤ ਕਰਦੇ ਹੋਏ ਸ੍ਰੀ ਚਾਹਲ ਨੇ ਵਿਕਾਸ ਮਿਸ਼ਨ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜ ਸਮੁੱਚੀ ਮਾਨਵਤਾ ਲਈ ਵਢਮੁੱਲੀ ਦੇਣ ਹਨ।ਉਨ੍ਹਾਂ ਅੱਗੇ ਕਿਹਾ ਕਿ ਬਰਸਾਤਾਂ ਰੁਕਣ ਤੋਂ ਬਾਅਦ 5-7 ਦਿਨਾਂ 'ਚ ਪਾਰਕ ਦੀ ਚਾਰਦੀਵਾਰੀ, ਡਾ. ਅੰਬੇਡਕਰ ਦੇ ਬੁੱਤ ਤੇ ਚਬੂਤਰੇ ਨੂੰ ਵਧੀਆ ਰੰਗ-ਰੋਗਨ ਤੇ ਪੇਂਟ ਕਰਾਇਆ ਜਾਵੇਗਾ।

## ਕਬੂਤਰਾਂ ਨੂੰ ਜਨਤਕ ਥਾਂਵਾਂ 'ਤੇ ਦਾਨਾ ਪਾਉਣ 'ਤੇ ਰੋਕ ਲਾਉਣਾ ਸ਼ਲਾਘਾਯੋਗ ਫੈਸਲਾ : ਡਾ. ਮੁਲਤਾਨੀ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਮੁੰਬਈ ਹਾਈਕੋਰਟ ਦਾ ਕਬੂਤਰਾਂ ਨੂੰ ਜਨਤਕ ਥਾਂਵਾਂ 'ਤੇ ਦਾਨਾ ਪਾਉਣ 'ਤੇ ਰੋਕ ਲਾਉਣਾ ਇੱਕ ਸ਼ਲਾਘਾਯੋਗ ਫੈਸਲਾ ਹੈ ਤੇ ਇਸਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਘੱਟ ਹੈ। ਇਸ ਗੱਲ ਦਾ ਪ੍ਰਗਟਾਵਾ ਡਾ. ਦਲੇਰ ਸਿੰਘ ਮੁਲਤਾਨੀ ਸਾਬਕਾ ਸਿਵਲ ਸਰਜਨ ਨੇ ਕੀਤਾ। ਉਨ੍ਹਾਂ ਕਿਹਾ ਕਿ ਸਾਦੇ ਦੇਸ ਵਿੱਚ ਧਾਰਮਿਕ ਪ੍ਰੰਪਰਾਵਾਂ ਤੇ ਪੁਰਾਣੀਆਂ ਧਾਰਨਾਵਾਂ ਦੇ ਚੱਲਦਿਆਂ ਪੁੰਨ ਕਮਾਉਣ ਦੇ ਨਾਂਅ ਹੇਠ ਆਮ ਲੋਕਾਂ ਵੱਲੋਂ ਕਈ ਅਜਿਹੇ ਕਾਰਜ ਕੀਤੇ ਜਾਂ ਰਹੇ ਹਨ, ਜੋ ਮਨੁੱਖੀ ਜਾਨਾਂ ਵਾਸਤੇ ਜਾਨਲੇਵਾ ਸਾਬਤ ਹੋ ਰਹੇ ਹਨ ਤੇ ਜਿਨ੍ਹਾਂ ਦੇਸ਼ਾਂ ਨੇ ਰੂੜ੍ਹੀਵਾਦੀ ਪ੍ਰੰਪਰਾਵਾਂ ਨੂੰ ਛੱਡ ਕੇ, ਸੱਚਾਈਆਂ ਨੂੰ ਸਬੂਤਾਂ ਸਮੇਤ ਸਵੀਕਾਰ ਕਰ ਲਿਆ, ਉਹ ਅੱਜ ਵਿਕਸਤ ਦੇਸ਼ ਹਨ, ਪਰ ਜਿਨ੍ਹਾਂ ਦੇਸਾਂ ਨੇ ਸੂਰਜ ਧਰਤੀ ਦੁਆਲੇ ਘੁੰਮਦਾ ਵਰਗੀਆਂ ਝੂਠੀਆਂ ਧਾਰਨਾਵਾਂ ਨੂੰ ਨਹੀਂ ਛੱਡਿਆ, ਉਹ ਅਜੇ ਵੀ ਖੂਹ ਦੇ ਡੱਡੂ ਬਣੇ ਹੋਏ ਹਨ ।ਉਨ੍ਹਾਂ ਦੱਸਿਆ ਕਿ ਕਬੂਤਰਾਂ ਦੀਆਂ ਬਿੱਠਾਂ ਵਿੱਚ ਕਈ ਤਰ੍ਹਾਂ ਦੇ ਐਲਰਜਨ ਤੇ ਫੰਗਸ ਸਪੋਰਜ ਹੁੰਦੇ, ਜਿਨ੍ਹਾਂ ਦੇ ਹਵਾ ਰਾਹੀਂ ਫੈਲਣ ਕਰਕੇ ਵੱਡੀਆਂ ਬਿਮਾਰੀਆਂ ਲੱਗ ਰਹੀਆਂ, ਜਿਵੇਂ ਫੇਫੜਿਆਂ ਦੀ ਬਿਮਾਰੀਆਂ, ਜਿਸ ਨਾਲ ਮਰੀਜ਼ ਨੂੰ ਸਾਹ ਲੈਣ ਦੀਆਂ ਗੰਭੀਰ ਬਿਮਾਰੀਆਂ ਹੋ ਸਕਦੀਆਂ, ਜੋ ਆਦਮੀ ਦੀ ਜ਼ਿੰਦਗੀ ਨੂੰ ਖ਼ਤਰਾ ਬਣ ਸਕਦੀਆਂ ਹਨ ਤੇ ਖਤਰਨਾਕ ਫੰਗਸ ਬਿਮਾਰੀਆਂ ਹਨ ਤੇ ਇਲਾਜ ਵੀ ਕਈ ਵਾਰ ਬਹੁਤ ਔਖਾ ਹੁੰਦਾ ਜੇਕਰ ਫੰਗਸ ਦਿਮਾਗ਼ 'ਚ ਚਲੀ ਜਾਵੇ।ਉਨ੍ਹਾਂ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਕੋਰਟਾਂ ਨੇ ਕੁੱਝ ਸਖ਼ਤ ਫੈਸਲੇ ਲਏ ਹਨ, ਜਿਸ ਕਰਕੇ ਕੋਰਟਾਂ ਦਾ ਧੰਨਵਾਦ ਕਰਨਾ ਬਣਦਾ, ਪਰ ਉਸ ਤੋਂ ਪਹਿਲਾਂ ਸਰਕਾਰਾਂ ਤੇ ਜਨਤਾ ਨੂੰ ਪੁਰਾਣੀਆਂ ਧਾਰਨਾਵਾਂ ਛੱਡ ਕੇ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਜਨਤਕ ਥਾਂਵਾਂ 'ਤੇ ਅਵਾਰਾ ਪਸ਼ੂਆਂ, ਕੁੱਤਿਆਂ ਤੇ ਪੰਛੀਆਂ ਨੂੰ ਖਾਣਾ/ਦਾਨਾ ਪਾਉਣਾ ਬੰਦ ਕਰਨਾ ਚਾਹੀਦਾ।

# ਮਾਤਾ ਗੁਜਰੀ ਕਾਲਜ 'ਚ ਵਿਦਿਆਰਥੀ ਇੰਡਕਸ਼ਨ ਪ੍ਰੋਗਰਾਮ ਦਾ ਆਯੋਜਨ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮਾਤਾ ਗੁਜਰੀ ਕਾਲਜ ਵਿਖੇ ਅੰਡਰ ਗ੍ਰੈਜੂਏਟ ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਇੰਡਕਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਲਗਭਗ 500 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਪ੍ਰੋਗਰਾਮ 'ਚ ਵਿਦਿਆਰਥੀਆਂ ਨੂੰ ਕਾਲਜ ਦੇ ਵਿਜ਼ਨ, ਉਦੇਸ਼, ਕੋਡ ਆਫ਼ ਕੰਡਕਟ ਤੇ ਹੋਰ ਅਹਿਮ ਨਿਯਮਾਂ ਬਾਰੇ ਜਾਣੂ ਕਰਾਇਆ ਗਿਆ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਇੰਡਕਸ਼ਨ ਪ੍ਰੋਗਰਾਮ ਦੁਆਰਾ ਵਿਦਿਆਰਥੀਆਂ ਨੂੰ ਜਿੱਥੇ ਅਨੁਸ਼ਾਸਨੀ ਵਿਦਿਆਰਥੀ ਜੀਵਨ ਦੀ ਮਹੱਤਤਾ ਬਾਰੇ ਪਤਾ ਚੱਲਦਾ ਹੈ, ਉੱਥੇ ਨਾਲ ਹੀ ਮਹੱਤਵਪੂਰਨ ਕਦਰਾਂ-ਕੀਮਤਾਂ ਤੇ ਕਾਲਜ ਦੀਆਂ ਅਕਾਦਮਿਕ ਤੇ ਸਹਿ ਵਿੱਦਿਅਕ ਗਤੀਵਿਧੀਆਂ ਬਾਰੇ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ।ਉਨ੍ਹਾਂ ਕਿਹਾ ਕਿ ਅਜਿਹੇ ਸਿੱਖਿਆ ਭਰਪੂਰ ਸਮਾਗਮ ਵਿਦਿਆਰਥੀਆਂ ਨੂੰ ਆਪਣੇ ਸਕੂਲੀ ਜੀਵਨ ਤੋਂ ਕਾਲਜ ਜੀਵਨ ਵਿੱਚ ਸੁਚਾਰੂ ਤਬਦੀਲੀ ਕਰਨ ਵਿੱਚ ਵੀ ਵਿਸ਼ੇਸ਼ ਸਹਿਯੋਗ ਦਿੰਦੇ ਹਨ।ਬੀ ਏ ਆਨਰਜ਼ ਮਲਟੀਡਿਸਪਲਿਨਰੀ ਭਾਗ-ਪਹਿਲਾ ਦੇ ਕਲਾਸ ਇੰਚਾਰਜ ਡਾ. ਗੁਰਬਾਜ ਸਿੰਘ ਨੇ ਨਵੇਂ ਵਿਦਿਆਰਥੀਆਂ ਦਾ ਕਾਲਜ ਵਿੱਚ ਸਵਾਗਤ ਕਰਦਿਆਂ ਹੋਇਆ ਕਾਲਜ ਦੀਆਂ ਸ਼ਾਨਦਾਰ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਤੇ ਕਾਲਜ ਵਿੱਚ ਉਪਲਬਧ ਐਨ.ਸੀ.ਸੀ, ਐਨ.ਐਸ.ਐਸ, ਯੂ.ਬੀ.ਏ, ਰੈੱਡ ਕਰਾਸ, ਖੇਡ ਸੁਵਿਧਾਵਾਂ, ਲਾਇਬ੍ਰੇਰੀ, ਸਰਕਾਰੀ ਤੇ ਗੈਰ-ਸਰਕਾਰੀ ਸਕਾਲਰਸ਼ਿਪ, ਮਾਤਾ ਗੁਜਰੀ ਸਟੱਡੀ ਸਰਕਲ, ਰਿਕਾਰਡਿੰਗ ਰੂਮ, ਮੀਡੀਆ ਸੈਂਟਰ ਆਦਿ ਦੀ ਜਾਣਕਾਰੀ ਵੀ ਸਾਂਝੀ ਕੀਤੀ।ਇਸ ਤੋਂ ਇਲਾਵਾ ਉਨ੍ਹਾਂ ਕਾਲਜ ਦੀਆਂ ਖੇਤਰੀ, ਅੰਤਰ-ਖੇਤਰੀ, ਰਾਜ ਤੇ ਰਾਸ਼ਟਰੀ ਪੱਧਰ 'ਤੇ ਹੋਏ ਵੱਖ-ਵੱਖ ਸੱਭਿਆਚਾਰਕ ਸਮਾਗਮਾਂ ਵਿੱਚ ਸ਼ਾਨਾਮੱਤੀਆਂ ਪ੍ਰਾਪਤੀਆਂ ਬਾਰੇ ਦੱਸਦਿਆਂ ਵਿਦਿਆਰਥੀਆਂ ਨੂੰ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਕਾਲਜ ਦੇ ਐੱਨ.ਸੀ.ਸੀ. ਅਫ਼ਸਰ ਲੈਫ. ਡਾ. ਪੁਸ਼ਪਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਐਨ.ਸੀ.ਸੀ. ਵਿੱਚ ਸ਼ਾਮਲ ਹੋਣ, ਸ਼ਖ਼ਸੀਅਤ ਉਸਾਰੀ ਤੇ ਕਰੀਅਰ ਨਿਰਮਾਣ ਸਬੰਧੀ ਵਿਸਥਾਰ ਨਾਲ ਦੱਸਿਆ।ਇਸ ਮਗਰੋਂ ਡੀਨ ਸੋਸ਼ਲ ਸਾਇੰਸਜ਼ ਤੇ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਪ੍ਰੋ. ਨਵਜੀਤ ਕੌਰ ਤੇ ਅੰਗਰੇਜ਼ੀ ਵਿਭਾਗ ਦੇ ਡਾ. ਗੌਰੀ ਹਾਂਡਾ ਨੇ ਵੀ ਵਿਦਿਆਰਥੀਆਂ ਨੂੰ ਕਾਲਜ ਵਿਖੇ ਵੱਖ-ਵੱਖ ਅਕਾਦਮਿਕ ਅਤੇ ਸਹਿਪਾਠੀ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਮਗਰੋਂ ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਪ੍ਰੋ. ਹਰਬਿੰਦਰ ਸਿੰਘ ਨੇ ਵਿਦਿਆਰਥੀਆਂ ਨਾਲ ਐਨ.ਐਸ.ਐਸ. ਸਬੰਧੀ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ।

## ਜਸਵਿੰਦਰ ਭੱਲਾ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਚੌਂਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਬਹੁਪੱਖੀ ਕਲਾਕਾਰ ਜਸਵਿੰਦਰ ਭੱਲਾ ਦੀ ਬੇਵਕਤੀ ਮੌਤ 'ਤੇ ਪੰਜਾਬੀ ਗੀਤਕਾਰ ਸਭਾ ਪੰਜਾਬ ਰਜਿ: ਦੇ ਪ੍ਰਧਾਨ ਪਾਲੀ ਦੇਤਵਾਲੀਆ ਤੇ ਜਨਰਲ ਸਕੱਤਰ ਬਲਬੀਰ ਸਿੰਘ ਮਾਨ ਨੇ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਘਾਟੇ ਨੂੰ ਪੰਜਾਬੀ ਜਗਤ, ਫ਼ਿਲਮ ਇੰਡਸਟਰੀ ਤੇ ਹੋਰ ਸੰਸਥਾਵਾਂ ਨੂੰ ਪੂਰਾ ਕਰਨਾ ਬਹੁਤ ਔਖੀ ਘੜੀ ਹੈ।ਜਸਵਿੰਦਰ ਭੱਲਾ ਦੀ ਖ਼ਬਰ ਨੇ ਹਰ ਪੰਜਾਬੀ ਦੇ ਹਿਰਦੇ ਨੂੰ ਸੱਟ ਮਾਰੀ ਹੈ।

ਇਸ ਮੌਕੇ ਪੰਜਾਬੀ ਗੀਤਕਾਰ ਸਭਾ ਪੰਜਾਬ ਰਜਿ ਦੇ ਸਰਪ੍ਰਸਤ ਅਮਰੀਕ ਸਿੰਘ ਤਲਵੰਡੀ, ਜਗਵੰਤ ਸਿੰਘ ਥਰੀਕੇ, ਉਪ ਚੇਅਰਮੈਨ ਜਸਵੰਤ ਸਿੰਘ ਸੰਦੀਲਾ, ਸੀਨੀਅਰ ਮੀਤ ਪ੍ਰਧਾਨ ਸਾਧੂ ਸਿੰਘ ਦਿਲਸ਼ਾਦ, ਮੀਤ ਪ੍ਰਧਾਨ ਕਰਨੈਲ ਸਿੰਘ ਸਿਵੀਆ, ਅਨਿਲ ਫ਼ਤਹਿਗੜ੍ਹ ਜੱਟਾਂ, ਹਰੀ ਸਿੰਘ ਝੱਜ, ਬਲਜੀਤ ਸਿੰਘ ਬਾਗੀ, ਸੁਖਬੀਰ ਸੰਧੇ, ਗੋਲੂ ਕਾਲੇਕੇ, ਜੱਸੀ, ਅਮਨ ਫੁੱਲਾਂਵਾਲ, ਮਾਨ ਜੰਡੀ ਵਾਲਾ, ਜੱਸੀ ਹਰਦੀਪ ਆਦਿ ਨੇ ਭੱਲਾ ਪ੍ਰੀਵਾਰ ਤੇ ਉਨ੍ਹਾਂ ਦੇ ਜੱਦੀ ਪਿੰਡ ਕੱਦੋਂ ਨਿਵਾਸੀਆਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਦੁੱਖ ਸਾਂਝਾ ਕੀਤਾ।


**Capital Small Finance Bank**

Capital Small Finance Bank Limited
H.O: MIDAS Corporate Park, 3rd Floor, 37 G.T. Road, Jalandhar City

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀ ਯਤਿਨ ਕੁਮਾਰ ਪੁੱਤਰ ਤੀਰਥ ਰਾਮ ਵਾਸੀ ਨੇੜੇ ਸਾਈ ਧਾਮ, ਕੋਟਕਪੂਰਾ ਬਾਈਪਾਸ, ਵਾਰਡ ਨੰ. 18, ਨਿਊ ਵਿਸ਼ਵਕਰਮਾ ਨਗਰ, ਮੋਗਾ, ਪੰਜਾਬ-142001 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (2) ਸ੍ਰੀ ਰਾਜ ਕੁਮਾਰ ਪੁੱਤਰ ਜਗਦੀਸ਼ ਰਾਏ ਵਾਸੀ ਵਾਰਡ ਨੰ. 18, ਨਿਊ ਵਿਸ਼ਵਕਰਮਾ ਨਗਰ, [illegible] ... ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਡਬਲਯੂ ਸੀ ਟੀ ਐੱਲ/013612000237 'ਚ ਬਕਾਇਆ ਰਕਮ ਰੁਪਏ 4,42,346.83/- ਸਮੇਤ 1.05.2025 ਤੋਂ ਭਵਿੱਖੀ ਵਿਆਜ ਦੇ ਵਸੂਲ ਕੀਤੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 4896 ਮਿਤੀ 05-12-2014 ਅਨੁਸਾਰ ਸ੍ਰੀਮਤੀ ਪਿੰਕੀ ਪਤਨੀ ਰਾਜ ਕੁਮਾਰ ਦੀ ਮਲਕੀਅਤ ਜਾਇਦਾਦ ਰਕਬਾ 3 ਮਰਲੇ 2-3/4 ਸਰਸਾਈ 1 ਵਰਗ ਫੁੱਟ, ਮੋਗਾ ਮਹਿਲਾ ਸਿੰਘ-II, ਤਹਿਸੀਲ ਮੋਗਾ, ਹੱਦਬਸਤ ਨੰ. 23 ਨਾਲ ਸੰਬੰਧਤ ਸਭ ਕੁਝ।



**Capital Small Finance Bank**

Capital Small Finance Bank Limited
H.O: MIDAS Corporate Park, 3rd Floor, 37 G.T. Road, Jalandhar City

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀ ਰਾਜ ਕੁਮਾਰ ਪੁੱਤਰ ਜਗਦੀਸ਼ ਰਾਏ ਵਾਸੀ ਵਾਰਡ ਨੰ. 18, ਨਿਊ ਵਿਸ਼ਵਕਰਮਾ ਨਗਰ, ਨੇੜੇ ਸਾਈ ਧਾਮ ਮੋਗਾ, ਪੰਜਾਬ-142001 (2) ਸ੍ਰੀਮਤੀ ਪਿੰਕੀ ਪਤਨੀ ਰਾਜ ਕੁਮਾਰ ਵਾਸੀ ਵਾਰਡ ਨੰ. 18, ਨਿਊ ਵਿਸ਼ਵਕਰਮਾ ਨਗਰ, ਨੇੜੇ ਸਾਈ ਧਾਮ, ਮੋਗਾ, ਪੰਜਾਬ-142001 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਮੋਹਿਤ ਕੁਮਾਰ ਪੁੱਤਰ ਬਲਦੇਵ ਕ੍ਰਿਸ਼ਨ ਵਾਸੀ ਮਕਾਨ ਨੰ. 105, ਵਾਰਡ ਨੰ. 19, ਅਹਾਤਾ ਬਦਨ ਸਿੰਘ, ਮੋਗਾ, ਪੰਜਾਬ-142001 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੂੰ ਡਿਮਾਂਡ ਨੋਟਿਸ ਦੀ ਮਿਤੀ ਨੂੰ ਐੱਲ ਏ ਪੀ/013602000504 'ਚ ਰੁਪਏ 7,20,592.14/- ਦੀ ਬਕਾਇਆ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ 'ਚ ਮੋੜਨ ਲਈ ਮਿਤੀ 23-05-2025 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

[illegible]

ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 4021 ਮਿਤੀ 18-12-2015 [illegible] ਵਰਗ ਫੁੱਟ ਮੋਗਾ ਮਹਿਲਾ ਸਿੰਘ-II, ਤਹਿਸੀਲ ਮੋਗਾ, ਹੱਦਬਸਤ ਨੰ. 23 ਨਾਲ ਸੰਬੰਧਤ ਸਭ ਕੁਝ।

ਸਥਾਨ : ਮੋਗਾ | ਮਿਤੀ 21.08.2025 | ਸਹੀ/- ਅਧਿਕਾਰਤ ਅਫਸਰ



**Capital Small Finance Bank**

Capital Small Finance Bank Limited
H.O: MIDAS Corporate Park, 3rd Floor, 37 G.T. Road, Jalandhar City

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ... [illegible] ... ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੀ ਐੱਲ ਏ ਪੀ/013602003000 'ਚ ਬਕਾਇਆ ਰਕਮ ਰੁਪਏ 4,44,800/- ਸਮੇਤ 01.05.2025 ਤੋਂ ਭਵਿੱਖੀ ਵਿਆਜ ਦੇ ਵਸੂਲ ਕੀਤੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 964 ਮਿਤੀ 31-05-2007 ਅਨੁਸਾਰ ਜੋਗਿੰਦਰ ਕੌਰ ਉਰਫ ਭੋਲੀ ਰਾਣੀ ਪਤਨੀ ਹਰਜੀਤ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 4 ਮਰਲੇ ਪਿੰਡ ਮਲੋਟ ਨਾਲ ਸੰਬੰਧਤ ਸਭ ਕੁੱਝ।

ਸਥਾਨ : ਮਲੋਟ | ਮਿਤੀ 21.08.2025 | ਸਹੀ/- ਅਧਿਕਾਰਤ ਅਫਸਰ


## ਡੀ ਸੀ ਵੱਲੋਂ ਰੋਜ਼ਾ ਸ਼ਰੀਫ਼ ਦੇ ਤਿੰਨ ਦਿਨਾਂ ਸਾਲਾਨਾ ਉਰਸ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਸੂਫੀ ਸੰਤ ਸ਼ੇਖ ਮੁਜੱਦਿਦ ਅਲਫ਼ ਸਾਨੀ ਦੇ ਰੋਜ਼ਾ ਸ਼ਰੀਫ਼ ਵਿਖੇ ਚੱਲ ਰਹੇ ਤਿੰਨ ਦਿਨਾ ਸਾਲਾਨਾ ਉਰਸ ਦੇ ਦੂਜੇ ਦਿਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਰੋਜ਼ਾ ਸ਼ਰੀਫ਼ ਦੇ ਸਲਾਨਾ ਉਰਸ ਵਿੱਚ ਦੇਸ਼ ਵਿਦੇਸ਼ ਵਿੱਚੋਂ ਸ਼ਰਧਾਲੂ ਜ਼ਿਆਰਤ ਕਰਨ ਲਈ ਆਉਂਦੇ ਹਨ ਤੇ ਸ਼ਰਧਾਲੂਆਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ ਕੀਤੇ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਜਿਥੇ ਮੈਡੀਕਲ ਟੀਮਾਂ ਤੇ ਐਂਬੂਲੈਂਸ ਤਾਇਨਾਤ ਕੀਤੀਆਂ ਗਈਆਂ ਹਨ, ਉਥੇ ਹੀ ਸ਼ਰਧਾਲੂਆਂ ਦੇ ਪੀਣ ਲਈ ਸਾਫ ਸੁਥਰਾ ਪਾਣੀ, ਔਰਤਾਂ ਤੇ ਮਰਦਾਂ ਦੇ ਵੱਖਰੇ ਪਖਾਨੇ, ਸੁਰੱਖਿਆ ਤੇ ਰੌਸ਼ਨੀ ਆਦਿ ਦੇ ਨਾਲ-ਨਾਲ ਸਾਰੇ ਜ਼ਰੂਰੀ ਇੰਤਜ਼ਾਮ ਕੀਤੇ ਗਏ ਹਨ।ਉਨ੍ਹਾਂ ਰੋਜ਼ਾ ਸ਼ਰੀਫ ਦੇ ਖਲੀਫਾ ਸਈਅਦ ਸਾਦਿਕ ਰਜ਼ਾ ਤੋਂ ਸ਼ੇਖ ਮੁਜੱਦਿਦ ਅਲਫ਼ ਸਾਨੀ ਦੇ ਜੀਵਨ ਬਾਰੇ ਜਾਣਕਾਰੀ ਵੀ ਹਾਸਲ ਕੀਤੀ।ਇਸ ਮੌਕੇ ਰੋਜ਼ਾ ਸ਼ਰੀਫ ਦੇ ਖਲੀਫਾ ਸਈਅਦ ਸਾਦਿਕ ਰਜ਼ਾ ਨੇ ਦੱਸਿਆ ਕਿ ਸ਼ੇਖ ਮੁਜੱਦਿਦ ਅਲਫ਼ ਸਾਨੀ ਨੇ ਸਮੁੱਚੀ ਮਾਨਵਤਾ ਨੂੰ ਆਪਸੀ ਭਾਈਚਾਰਕ ਸਾਂਝ ਮਜਬੂਤ ਕਰਨ ਦਾ ਸੁਨੇਹਾ ਦਿੱਤਾ ਤੇ ਸ਼ੇਖ ਮੁਜੱਦਿਦ ਅਲਫ਼ ਸਾਨੀ ਨੂੰ ਉਹਨਾਂ ਦੇ ਸੁਧਾਰਵਾਦੀ ਕੰਮਾਂ ਲਈ ਯਾਦ ਕੀਤਾ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਰੋਜ਼ਾ ਸ਼ਰੀਫ ਦੇ ਉਰਸ ਮੌਕੇ ਵੱਡੀ ਗਿਣਤੀ ਸ਼ਰਧਾਲੂ ਦੂਰੋਂ ਨੇੜਿਓਂ ਸ਼ੇਖ ਮੁਜੱਦਿਦ ਅਲਫ਼ ਸਾਨੀ ਨੂੰ ਸਿਜਦਾ ਕਰਨ ਲਈ ਤਸ਼ਰੀਫ ਲਿਆਉਂਦੇ ਹਨ ਤੇ ਰੋਜ਼ਾ ਸ਼ਰੀਫ ਦਾ ਮਹੱਤਵ ਇਸਲਾਮ ਧਰਮ ਵਿੱਚ ਬਹੁਤ ਉੱਚਾ ਮੰਨਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸ਼ਰਧਾਲੂ ਇੱਥੇ ਆ ਕੇ ਪ੍ਰਾਰਥਨਾ ਕਰਦੇ ਹਨ ਤੇ ਧਿਆਨ ਲਾਉਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਅੰਦਰੂਨੀ ਸ਼ਾਂਤੀ ਮਿਲਦੀ ਹੈ।ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸ਼ਨ ਤੇ ਪੁਲਸ ਵੱਲੋਂ ਕੀਤੇ ਗਏ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

## ਭਾਜਪਾ ਨੇ ਆਮ ਆਦਮੀ ਪਾਰਟੀ ਦਾ ਪੁਤਲਾ ਫੂਕਿਆ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਭਾਜਪਾ ਵੱਲੋਂ ਚਲਾਈ ਜਾ ਰਹੀ ਰਾਜ-ਪੱਧਰੀ ਮੁਹਿੰਮ 'ਭਾਜਪਾ ਸੇਵਦਾਰ ਤੁਹਾਡੇ ਦੁਆਰ' ਤਹਿਤ ਸੂਬਾ ਸਰਕਾਰ ਵੱਲੋਂ ਭਾਜਪਾ ਆਗੂਆਂ ਦੀਆਂ ਕੀਤੀਆਂ ਜਾ ਰਹੀਆਂ ਗ੍ਰਿਫਤਾਰੀਆਂ ਦੇ ਰੋਸ ਵਜੋਂ ਧੂਰੀ ਵਿਖੇ ਭਾਜਪਾ ਵਰਕਰਾਂ ਨੇ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵਿਰੁੱਧ ਰੋਸ ਪ੍ਰਗਟਾਇਆ ਗਿਆ।ਇਸ ਮੌਕੇ ਵਰਕਰਾਂ ਨੇ ਤ੍ਰਿਵੈਣੀ ਚੌਂਕ ਵਿੱਚ ਸੂਬਾ ਸਰਕਾਰ ਦਾ ਪੁਤਲਾ ਫੂਕਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ ਤੇ ਜ਼ਿਲ੍ਹਾ ਜਨਰਲ ਸਕੱਤਰ ਪ੍ਰਦੀਪ ਗਰਗ ਨੇ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਵਿਰੋਧੀ ਧਿਰ ਦੇ ਵਰਕਰਾਂ ਤੇ ਨੇਤਾਵਾਂ ਨੂੰ ਨਾਜਾਇਜ਼ ਤਰੀਕੇ ਨਾਲ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ, ਜੋ ਕਿ ਲੋਕਤੰਤਰ ਲਈ ਘਾਤਕ ਹੈ।ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨੂੰ ਰਾਹਤ ਦੇਣ ਵਾਲੇ ਕੈਂਪਾਂ ਨੂੰ ਰੋਕ ਰਹੀ ਹੈ, ਜਿਸ ਕਾਰਨ ਆਮ ਜਨਤਾ ਨੂੰ ਸਿੱਧਾ ਨੁਕਸਾਨ ਝੱਲਣਾ ਪੈ ਰਿਹਾ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਗ੍ਰਿਫ਼ਤਾਰੀਆਂ ਤੇ ਦਬਾਅ ਦੀ ਰਾਜਨੀਤੀ ਬੰਦ ਨਾ ਕੀਤੀ ਗਈ ਤਾਂ ਭਾਜਪਾ ਲੋਕਾਂ ਦੇ ਸਹਿਯੋਗ ਨਾਲ ਸੜਕਾਂ 'ਤੇ ਵੱਡਾ ਸੰਘਰਸ਼ ਕਰੇਗੀ।ਇਸ ਮੌਕੇ ਸੂਬਾਈ ਆਗੂ ਬਰਜੇਸ਼ਵਰ ਗੋਇਲ, ਮੰਡਲ ਪ੍ਰਧਾਨ ਅਰੁਣ ਅਰੀਆ, ਅਸ਼ੀਸ਼ ਗਰਗ, ਸੁਰਿੰਦਰ ਕੁਮਾਰ, ਜਗਤਾਰ ਸਿੰਘ ਆਦਿ ਹਾਜ਼ਰ ਸਨ।


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

23 Aug Page 3.qxd 8/22/2025 10:54 PM Page 1



# ਜੰਮੂ-ਕਸ਼ਮੀਰ ਸੰਬੰਧੀ ਕਿਤਾਬਾਂ ਉੱਪਰ ਪਾਬੰਦੀ ਲਾਉਣਾ ਗੈਰ-ਸੰਵਿਧਾਨਿਕ : ਤਰਕਸ਼ੀਲ ਸੁਸਾਇਟੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਤਰਕਸ਼ੀਲ ਸੁਸਾਇਟੀ ਪੰਜਾਬ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਵੱਲੋਂ ਕੌਮਾਂਤਰੀ ਪ੍ਰਸਿੱਧ ਨਾਮਵਰ ਵਿਦਵਾਨਾਂ ਦੀਆਂ 25 ਕਿਤਾਬਾਂ ਉੱਪਰ ਗੈਰ-ਸੰਵਿਧਾਨਿਕ ਪਾਬੰਦੀ ਲਾ ਕੇ ਉਨ੍ਹਾਂ ਨੂੰ ਜ਼ਬਤ ਕਰਨ ਦੇ ਆਦੇਸ਼ ਦੇਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸਨੂੰ ਮੋਦੀ ਸਰਕਾਰ ਦੀ ਤਾਨਾਸ਼ਾਹੀ ਕਾਰਵਾਈ ਕਰਾਰ ਦਿੱਤਾ ਹੈ ਅਤੇ ਇਸ ਆਦੇਸ਼ ਨੂੰ ਤੁਰੰਤ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਤਰਕਸ਼ੀਲ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਰਾਜਪਾਲ ਬਠਿੰਡਾ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਇਕ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਇਹ ਕਿਤਾਬਾਂ ਬੁੱਕਰ ਇਨਾਮ ਜੇਤੂ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ, ਤਾਰਿਕ ਅਲੀ, ਏ. ਜੇ. ਨੂਰਾਨੀ, ਅਨੁਰਾਧਾ ਭਸੀਨ, ਸੁਮਾਂਤਰਾ ਬੋਸ, ਕ੍ਰਿਸਟੋਫਰ ਸਨੇਡਨ, ਰਾਧਿਕਾ ਗੁਪਤਾ, ਸੀਮਾ ਕਾਜ਼ੀ, ਡਾ. ਅਬਦੁਲ ਜੱਬਰ ਗੋਕਖਾਨੀ ਵਰਗੇ ਉੱਘੇ ਲੇਖਕਾਂ, ਵਿਦਵਾਨਾਂ, ਸੰਪਾਦਕਾਂ ਅਤੇ ਇਤਿਹਾਸਕਾਰਾਂ ਦੀਆਂ ਲਿਖੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, ਰੂਟਲੈਜ, ਵਾਈਕਿੰਗ ਪੈਂਗੁਇਨ, ਹਾਰਪਰ ਕੌਲਿਨਜ਼, ਕੈਂਬਰਿਜ਼ ਯੂਨੀਵਰਸਿਟੀ ਪ੍ਰੈੱਸ, ਪੈਨ ਮੈਕਮਿਲਨ ਇੰਡੀਆ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਮਿਆਰੀ ਪ੍ਰਕਾਸ਼ਨ ਸਮੂਹਾਂ ਵੱਲੋਂ ਪ੍ਰਕਾਸ਼ਿਤ ਕੀਤੀਆਂ ਡੂੰਘੀ ਖੋਜ ਅਤੇ ਇਤਿਹਾਸਕ ਤੱਥਾਂ 'ਤੇ ਆਧਾਰਤ ਇਨ੍ਹਾਂ ਕਿਤਾਬਾਂ ਨੂੰ "ਝੂਠੇ ਬਿਰਤਾਂਤ" ਅਤੇ "ਵੱਖਵਾਦ" ਨੂੰ ਪ੍ਰਚਾਰਨ ਵਾਲਾ 'ਗੁੰਮਰਾਹਕੁਨ' ਸਾਹਿਤ ਕਰਾਰ ਦੇ ਕੇ ਪਾਬੰਦੀ ਲਾਉਣਾ ਭਾਜਪਾ ਸਰਕਾਰ ਦੀ ਫਾਸ਼ੀਵਾਦੀ ਮਾਨਸਿਕਤਾ ਦਾ ਮੂੰਹ ਬੋਲਦਾ ਸਬੂਤ ਹੈ ਅਤੇ ਕਸ਼ਮੀਰੀ ਲੋਕਾਂ ਦੇ ਸਵੈ-ਨਿਰਣੇ ਦੇ ਜਮਹੂਰੀ ਹੱਕ ਨੂੰ ਫ਼ੌਜੀ ਤਾਕਤ ਦੇ ਜ਼ੋਰ ਨਾਲ ਕੁਚਲਣ ਦੀ ਸਾਜਿਸੀ ਨੀਤੀ ਹੈ। ਉਨ੍ਹਾਂ ਮੋਦੀ ਸਰਕਾਰ ਉਤੇ ਦੋਸ਼ ਲਾਇਆ ਕਿ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਖਿਲਾਫ ਅਜਿਹੀਆਂ ਗੈਰ-ਸੰਵਿਧਾਨਿਕ ਪਾਬੰਦੀਆਂ ਲਾ ਕੇ ਕਸ਼ਮੀਰੀਆਂ ਨਾਲ ਹੋਏ ਵਿਤਕਰੇ ਅਤੇ ਬੇਇਨਸਾਫੀਆਂ ਦੇ ਦਸਤਾਵੇਜ਼ੀ ਸਬੂਤਾਂ ਨੂੰ ਕਦੇ ਵੀ ਲੋਕ ਮਨਾਂ ਚੋਂ ਮਿਟਾਇਆ ਨਹੀਂ ਜਾ ਸਕਦਾ। ਤਰਕਸ਼ੀਲ ਸੁਸਾਇਟੀ ਨੇ ਸਮੂਹ ਲੋਕ ਪੱਖੀ ਅਤੇ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਇਸ ਫਾਸ਼ੀਵਾਦੀ ਫਰਮਾਨ ਦਾ ਡੱਟ ਕੇ ਵਿਰੋਧ ਕਰਨ ਦੀ ਅਪੀਲ ਕਰਦਿਆਂ ਜ਼ੋਰਦਾਰ ਮੰਗ ਕੀਤੀ ਕਿ ਜੰਮੂ-ਕਸ਼ਮੀਰ ਪ੍ਰਸ਼ਾਸਨ ਇਹ ਗੈਰ-ਜਮਹੂਰੀ ਪਾਬੰਦੀ ਵਾਪਸ ਲਏ, ਵਿਚਾਰ ਪ੍ਰਗਟਾਵੇ ਦੇ ਹੱਕ ਉੱਪਰ ਹਮਲੇ ਬੰਦ ਕੀਤੇ ਜਾਣ ਅਤੇ ਕਸ਼ਮੀਰੀ ਲੋਕਾਂ ਦਾ ਸਵੈ-ਨਿਰਣੇ ਦਾ ਹੱਕ ਤਸਲੀਮ ਕਰਦੇ ਹੋਏ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਬਹਾਲ ਕੀਤਾ ਜਾਵੇ। ਇਸ ਮੌਕੇ ਸੂਬਾ ਕਮੇਟੀ ਆਗੂ ਹੇਮ ਰਾਜ ਸਟੈਨੋਂ, ਰਾਜੇਸ਼ ਅਕਲੀਆ, ਸੁਖਵਿੰਦਰ ਬਾਗਪੁਰ, ਜਸਵਿੰਦਰ ਫਗਵਾੜਾ, ਜਸਵੰਤ ਮੁਹਾਲੀ, ਗੁਰਪ੍ਰੀਤ ਸਹਿਣਾ, ਜੋਗਿੰਦਰ ਕੁੱਲੇਵਾਲ, ਸੁਰਜੀਤ ਟਿੱਬਾ, ਜੁਝਾਰ ਲੌਂਗੋਵਾਲ, ਕੁਲਜੀਤ ਡੰਗਰਖੇੜਾ ਅਤੇ ਮੋਹਨ ਬਡਲਾ ਵੀ ਹਾਜ਼ਰ ਸਨ।

# ਉੱਘੇ ਕਮੇਡੀਅਨ ਜਸਵਿੰਦਰ ਭੱਲਾ ਦਾ ਦਿਹਾਂਤ, ਲੱਖਾਂ ਚਾਹੁਣ ਵਾਲਿਆਂ ਦੇ ਚਿਹਰੇ ਹੋਏ ਗਮਗੀਨ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਪੰਜਾਬੀ ਸੱਭਿਆਚਾਰ ਨਾਲ ਜੁੜੀ ਮਾਣਮੱਤੀ ਸਖ਼ਸ਼ੀਅਤ ਉੱਘੇ ਕਮੇਡੀਅਨ ਜਸਵਿੰਦਰ ਭੱਲਾ ਦੀ ਮੌਤ ਦੀ ਖਬਰ ਸੁਣ ਕੇ ਪੰਜਾਬੀ ਸੰਗੀਤਕ ਖੇਤਰ ਨਾਲ ਜੁੜੀਆਂ ਸ਼ਖਸ਼ੀਅਤਾਂ ਵਿੱਚ ਦੁੱਖ ਦੀ ਲਹਿਰ ਦੌੜ ਗਈ ਹੈ। ਬਰੇਨ ਹੈਮਰਜ ਅਟੈਕ ਆ ਜਾਣ ਕਾਰਨ ਉਹ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਇਲਾਜ ਅਧੀਨ ਸਨ, ਪਰ ਅੱਜ ਸਵੇਰੇ 4 ਵਜੇ ਉਨ੍ਹਾਂ ਨੂੰ ਦੁਬਾਰਾ ਬਰੇਨ ਅਟੈਕ ਆਇਆ ਜੋ ਜਾਨਲੇਵਾ ਸਾਬਤ ਹੋਇਆ।ਉਨ੍ਹਾਂ ਦਾ ਅੰਤਿਮ ਸਸਕਾਰ ਕੱਲ 23 ਅਗਸਤ ਨੂੰ ਬਿਲੌਂਗੀ ਵਿਖੇ ਕੀਤਾ ਜਾਵੇਗਾ।ਕਮੇਡੀ ਦੇ ਕਿੰਗ ਕਹੇ ਜਾਣ ਵਾਲੇ ਸ੍ਰੀ ਭੱਲਾ ਕਿਸੇ ਜਾਣ ਪਛਾਣ ਤੇ ਮੁਹਤਾਜ ਨਹੀਂ ਸਨ। ਉਨ੍ਹਾਂ ਦੀ ਮੌਤ 'ਤੇ ਪੰਜਾਬੀ ਲੋਕ ਗਾਇਕ ਯੂਨੀਅਨ ਮਾਝਾ ਜ਼ੋਨ ਨੇ ਹਰਪਾਲ ਠੱਠੇ ਵਾਲਾ ਦੀ ਪ੍ਰਧਾਨਗੀ ਵਿੱਚ ਇੱਕ ਸ਼ੋਕ ਸਭਾ ਕਰਕੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਜ਼ਾਹਿਰ ਕੀਤੀ ਹੈ।ਇਸ ਸਮੇਂ ਠੱਠੇਵਾਲਾ ਤੋਂ ਇਲਾਵਾ ਪ੍ਰਸਿੱਧ ਗਾਇਕ ਰਛਪਾਲ ਰਸੀਲਾ, ਹਰਨੀਤ ਨੀਤੂ, ਗਾਇਕਾ ਕੰਵਲਜੀਤ ਕੰਵਲ, ਸੁਖਵੰਤ ਚੇਤਨਪੁਰੀ, ਰਾਜਪਾਲ ਬਾਠ, ਬਲਦੇਵ ਰੰਧਾਵਾ, ਸਾਬਕਾ ਭਾਸ਼ਾ ਅਫਸਰ ਪਰਮਜੀਤ ਕਲਸੀ, ਅਨੋਖ ਔਜਲਾ, ਕਮੇਡੀਅਨ ਕਾਂਸ਼ੀ ਰਾਮ ਚੰਨ, ਸੁਰਿੰਦਰ ਫਰਿਸ਼ਤਾ ਉਰਫ ਘੁੱਲੇ ਸ਼ਾਹ, ਗੁਰ ਰੰਧਾਵਾ, ਜਗਰੂਪ ਕੰਗ, ਬਬਲੀ ਬਰਾੜ, ਸਤਵੰਤ ਸਾਜਨ, ਜਸਬੀਰ ਸੋਹਣੀ, ਨਿਰਮਲ ਬੋਬਾਂ ਵਾਲਾ, ਅਮਰ ਨਿਮਾਣਾ, ਕੁਲਦੀਪ ਗਿੱਲ, ਗਾਇਕਾ ਸੁਖਦੀਪ ਗਿੱਲ, ਸੰਗੀਤਕਾਰ ਪ੍ਰਗਟ ਸਿੰਘ, ਰਜਿੰਦਰ ਪੱਪੂ, ਕਸ਼ਮੀਰ ਬੱਲ, ਮੱਖਣ ਭੈਣੀ ਵਾਲਾ, ਜੋਗਿੰਦਰ ਸਿੰਘ ਪੁਰੀਆ, ਪ੍ਰੇਮ ਸਿੰਘ ਪੁਰੀਆ, ਅਮਰਜੀਤ ਰਿਖੀਆ, ਹੀਰਾ ਹੰਸ, ਬੱਬੂ ਨਜ਼ੀਰ, ਅਭੀਸ਼ੇਕ ਨਜ਼ੀਰ, ਹੀਰਾ ਮੱਟੂ, ਨਿਸ਼ਾਨ ਸਖੀਰਾ, ਕੇਵਲ ਨਾਗਾਂ ਵਾਲਾ, ਪੱਪੀ ਧੁੰਦਿਆਲ, ਝਿਰਮਲ ਘੁੱਕੇਵਾਲੀ, ਸੁਮਨ ਭੱਟੀ, ਦਲਬੀਰ ਭਰੋਵਾਲ, ਹੈਪੀ ਰਣਦੇਵ, ਦਿਲਬਾਗ ਹੁੰਦਲ, ਅਵਤਾਰ ਭਿੰਡਰ, ਲੱਲਿਤ ਮਹਿਤਾ, ਮੱਖਣ ਭੈਣੀ ਵਾਲਾ, ਸੁਰਿੰਦਰ ਸਾਗਰ ਆਦਿ ਕਲਾਕਾਰ ਹਾਜ਼ਰ ਸਨ।ਇਸ ਤੋਂ ਇਲਾਵਾ ਬਲਵਿੰਦਰ ਪੱਖੋਕੇ, ਐੱਸ. ਅਸ਼ੋਕ ਭੌਰਾ, ਬਲਵਿੰਦਰ ਸਿੰਘ ਲੁਹਾਰਾ ਯੂ. ਐੱਸ. ਏ., ਸੁਖਵਿੰਦਰ ਸੁੱਖੀ, ਅਮਨ ਫੁੱਲਾਂਵਾਲ, ਮਨੋਹਰ ਧਾਰੀਵਾਲ, ਰਿਹਾਨਾ ਭੱਟੀ, ਬਿੱਟੂ ਅਰੋੜਾ, ਰਾਜ ਭਗਤ, ਅਮਰੀਕ ਬੱਲ, ਸੁਖ ਚਮਕੀਲਾ, ਰਾਜਵਿੰਦਰ ਕੌਰ ਪਟਿਆਲਾ, ਬਿੱਟੂ ਖੰਨੇ ਵਾਲਾ, ਰਿੰਪੀ ਗਰੇਵਾਲ, ਜਸਵੰਤ ਸਦੀਲਾ, ਹਰਦੀਪ ਦੀਪੀ, ਬਲਜੀਤ ਕਮਲ, ਪਾਲੀ ਦੇਤਵਾਲੀਆ, ਭਿੰਦੇ ਸ਼ਾਹ ਰਾਜੋਵਾਲੀਆ, ਮਿਸ ਸੁਰਮਨੀ, ਰਾਜਾ ਮਰਖਾਈ ਬੀਬਾ ਦੀਪ ਕਿਰਨ, ਗਿੱਲ ਬਲਕਾਰ, ਸਤਿੰਦਰ ਗਿੱਲ, ਜਸਬੀਰ ਨਿਮਾਣਾ ਜੱਟ ਕੈਨੇਡਾ, ਡਾ: ਮਹਿੰਦਰ ਸਿੰਘ ਜੱਸਲ ਆਦਿ ਨੇ ਸ਼ੋਕ ਸੰਦੇਸ਼ ਭੇਜ ਕੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਜ਼ਾਹਰ ਕਰਦਿਆਂ ਸ੍ਰੀ ਭੱਲਾ ਵੱਲੋਂ ਪੰਜਾਬੀ ਸੱਭਿਆਚਾਰ ਵਿੱਚ ਪਾਏ ਵਡਮੁੱਲੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਸੰਸਾਰ ਤੋਂ ਤੁਰ ਜਾਣ ਨੂੰ ਇੱਕ ਬਹੁਤ ਵੱਡਾ ਘਾਟਾ ਦੱਸਦਿਆਂ ਪਰਿਵਾਰ ਨਾਲ ਦਿਲੋਂ ਹਮਦਰਦੀ ਜ਼ਾਹਰ ਕੀਤੀ।

# ਵਿਧਾਇਕ ਕਟਾਰੀਆ ਵੱਲੋਂ ਸਿਆਣਾ ਵਿਖੇ ਛਿੰਝ ਮੇਲੇ 'ਚ ਸ਼ਿਰਕਤ



**ਬਲਾਚੌਰ (ਜਸਵਿੰਦਰ ਬੈਂਸ)**- ਵਾਰਡ 1 ਸਿਆਣਾ ਵਿਖੇ ਸਮੂਹ ਵਾਸੀਆਂ ਵਲੋਂ ਛਿੰਝ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਲਾਕੇ ਵਾਸੀਆਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਗਈ। ਇਸ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਵਿਧਾਇਕ ਸੰਤੋਸ਼ ਕਟਾਰੀਆ ਨੇ ਸ਼ਿਰਕਤ ਕੀਤੀ। ਦਰਸ਼ਕਾਂ ਨੇ ਦੰਗਲਾਂ ਦਾ ਪੂਰਾ ਆਨੰਦ ਲਿਆ ਅਤੇ ਖਿਡਾਰੀਆਂ ਨੇ ਆਪਣੀਆਂ ਸ਼ਾਨਦਾਰ ਕੁਸ਼ਤੀਆਂ ਰਾਹੀਂ ਦਰਸ਼ਕਾਂ ਨੂੰ ਮੋਹ ਲਿਆ। ਮੇਲੇ ਦੌਰਾਨ ਲੋਕਾਂ ਵਿੱਚ ਬਹੁਤ ਉਤਸ਼ਾਹ ਤੇ ਜੋਸ਼ ਦੇ ਦਰਸ਼ਨ ਹੋਏ। ਇਸ ਮੌਕੇ ਸਤਨਾਮ ਜਲਾਲਪੁਰ ਜ਼ਿਲਾ ਪ੍ਰਧਾਨ, ਚੇਅਰਮੈਨ ਸੇਠੀ ਉਧਨ ਵਾਲ ,ਪ੍ਰਧਾਨ ਸੁਨੀਲ ਕੌਸ਼ਲ, ਚੰਦਰ ਮੋਹਨ ਜੇਡੀ ਜ਼ਿਲ੍ਹਾ ਮੀਡੀਆ ਇੰਚਾਰਜ, ਬਿਮਲ ਚੌਧਰੀ ,ਬਲਦੇਵ ਰਾਜ ,ਐਮ ਸੀ ਰਾਧੇ ਸ਼ਾਮ, ਰਣਜੀਤ ਕਾਕਾ ਵਾਈਸ ਪ੍ਰਧਾਨ,ਐਮ ਸੀ ਹਨੀ ਡੱਬ, ਐਮ ਸੀ ਨਿਰਮਲਾ ਰਾਣੀ, ਐਮ ਸੀ ਅਜੇ ਰਾਣਾ ਆਦਿ ਹਾਜ਼ਰ ਸਨ।

# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀ ਜ਼ੋਨਲ ਪੱਧਰੀ ਬੈਡਮਿੰਟਨ ਮੈਚ 'ਚ ਰਹੇ ਅੱਵਲ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ 69ਵੀਆਂ ਜ਼ੋਨਲ ਖੇਡਾਂ ਕਰਵਾਈਆਂ ਗਈਆਂ, ਜਿਨ੍ਹਾਂ ਦਾ ਮਕਸਦ ਵਿਦਿਆਰਥੀਆਂ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਮਜ਼ਬੂਤ ਬਣਾਉਣਾ ਹੈ।ਇਹ ਖੇਡ ਮੁਕਾਬਲੇ ਸਕੂਲ ਆਫ਼ ਐਮੀਨੈਂਸ, ਗੋਇੰਦਵਾਲ ਸਾਹਿਬ ਦੇ ਖੇਡ ਮੈਦਾਨ ਵਿੱਚ ਜ਼ੋਨਲ ਕਨਵੀਨਰ ਗੁਰਿੰਦਰ ਸਿੰਘ ਅਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਯੁਵਰਾਜ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਫ਼ਲਤਾਪੂਰਵਕ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ੋਨ ਗੋਇੰਦਵਾਲ ਸਾਹਿਬ ਦੇ ਬਹੁਤ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਮੁਕਾਬਲੇ ਬਹੁਤ ਸਖ਼ਤ ਹੋਣ ਦੇ ਬਾਵਜੂਦ ਵੀ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਨੇ ਆਪਣੀ ਦ੍ਰਿੜ੍ਹ ਲਗਨ ਤੇ ਸਖ਼ਤ ਮਿਹਨਤ ਅਤੇ ਕੋਚ ਸਾਹਿਬਾਨ ਰਾਜਬੀਰ ਕੌਰ, ਸੁਖਵਿੰਦਰ ਸਿੰਘ ਅਤੇ ਰੇਸ਼ਮ ਸਿੰਘ ਦੀ ਯੋਗ ਅਗਵਾਈ ਅਤੇ ਸਿਖਲਾਈ ਸਦਕਾ ਬੈਡਮਿੰਟਨ ਉਮਰ ਵਰਗ (ਅੰਡਰ-14) ਲੜਕੇ ਅਤੇ ਬੈਡਮਿੰਟਨ ਉਮਰ ਵਰਗ (ਅੰਡਰ-17) ਲੜਕੇ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਬੇ-ਮਿਸਾਲ ਪ੍ਰਾਪਤੀ ਮੌਕੇ ਆਪਣੀ ਪ੍ਰਸੰਨਤਾ ਜ਼ਾਹਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਜੀ ਅਤੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਵਿਦਿਆਰਥਣਾਂ ਨੂੰ ਬੇਅੰਤ ਵਧਾਈਆਂ ਦਿੱਤੀਆਂ ਅਤੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਉੱਚ-ਕੋਟੀ ਦਾ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ।



# ਜਨਮ ਅਸ਼ਟਮੀ ਮੌਕੇ ਘਨੂੰਪੁਰ ਵਿਖੇ ਵਿਸ਼ਾਲ ਭੰਡਾਰਾ ਕਰਵਾਇਆ

**ਅੰਮ੍ਰਿਤਸਰ (ਅਰੋੜਾ)**: ਭਗਵਾਨ ਸ੍ਰੀ ਕ੍ਰਿਸ਼ਨ ਦੇ ਅਵਤਾਰ ਦਿਵਸ ਦੇ ਮੌਕੇ ਸਾਰੇ ਭਾਰਤ ਵਿੱਚ ਕਰਵਾਏ ਜਾ ਰਹੇ ਸਮਾਗਮ ਦੇ ਚਲਦੇ ਪ੍ਰਾਚੀਨ ਮੰਦਰ ਮਾਤਾ ਰਾਣੀ ਘਨੂੰਪੁਰ ਵਿਖੇ ਮੰਦਰ ਦੇ ਸਾਰੇ ਸੇਵਾਦਾਰਾਂ ਅਤੇ ਕਮੇਟੀ ਦੇ ਅਹੁਦੇਦਾਰਾਂ ਦੇ ਸਹਿਯੋਗ ਨਾਲ ਵਿਸ਼ਾਲ ਭੰਡਾਰੇ ਦਾ ਆਯੋਜਨ ਕੀਤਾ ਗਿਆ। ਮੰਦਰ ਕਮੇਟੀ ਦੇ ਪ੍ਰਧਾਨ ਰਾਜਪਾਲ ਸ਼ਰਮਾ ਦੀ ਪ੍ਰਧਾਨਗੀ ਵਿੱਚ ਕਰਵਾਏ ਗਏ ਇਸ ਸਮਾਗਮ ਵਿੱਚ ਕਮੇਟੀ ਦੇ ਸਾਰੇ ਮੈਂਬਰਾਂ, ਮੰਦਿਰ ਦੇ ਪੁਜਾਰੀ ਅਤੇ ਸੇਵਾ ਕਰਨ ਵਾਲੇ ਜਿਵੇਂ ਸੰਜੀ, ਸਮਾਜ ਸੇਵਕ ਕੇ. ਐੱਸ. ਰਾਣਾ, ਸੂਬੇਦਾਰ ਪਰਵਿੰਦਰ, ਅੰਗਰੇਜ਼ ਸਿੰਘ, ਕੇਸ਼ਵ ਸ਼ਰਮਾ, ਕੁਲਦੀਪ ਸਿੰਘ, ਰਾਜਪਾਲ ਸ਼ਰਮਾ, ਇੰਜੀ. ਲਵ ਕੁਮਾਰ, ਤਰੁਣ ਰਾਣਾ ਸਹਿਤ ਸਾਰੇ ਮੈਂਬਰਾਂ ਨੇ ਆਪਣੇ ਸ਼ੁੱਭ ਹੱਥਾਂ ਨਾਲ ਮੰਦਰ ਦੇ ਮੁੱਖ ਦਵਾਰ ਤੇ ਲੰਗਰ ਵੰਡਣ ਦੀ ਸੇਵਾ ਨਿਭਾਈ। ਕੇ. ਐੱਸ. ਰਾਣਾ ਨੇ ਕਿਹਾ ਕਿ ਸਾਰੇ ਖੇਤਰ ਨਿਵਾਸੀਆਂ ਦੇ ਸਹਿਯੋਗ ਨਾਲ ਮੰਦਿਰ ਕਮੇਟੀ ਹਰੇਕ ਧਾਰਮਿਕ ਤਿਉਹਾਰ ਬੜੀ ਸ਼ਰਧਾ ਅਤੇ ਧੂਮਧਾਮ ਦੇ ਨਾਲ ਨਿਭਾਏਗੀ ਅਤੇ ਹਰੇਕ ਕੰਮ ਮੰਦਰ ਵਿੱਚ ਵਿਧੀ ਵਿਧਾਨ ਦੇ ਨਾਲ ਸੰਪੰਨ ਹੋਣਗੇ।

# ਪੁਰਾਣਾ ਸ਼ਾਲਾ ਫੋਕਲ ਪੁਆਇੰਟ 'ਚ ਬਣੇ ਗੁਦਾਮਾਂ ਦੀ ਹਾਲਤ ਖਸਤਾ, ਸਰਕਾਰ ਕੋਈ ਸਾਰ ਨਹੀਂ ਲੈ ਰਹੀ



**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਦੇ ਹਰ ਬਲਾਕ ਅੰਦਰ ਬਰਨਾਲਾ ਸਰਕਾਰ ਨੇ ਕਿਸਾਨਾਂ ਦੀਆਂ ਫ਼ਸਲਾਂ ਦੀ ਸਾਂਭ ਸੰਭਾਲ ਵਾਸਤੇ ਉਸ ਸਮੇਂ ਲੱਖਾਂ ਰੁਪਏ ਖਰਚ ਕਰਕੇ ਫੋਕਲ ਪੁਆਇੰਟ ਤਿਆਰ ਕਰਵਾਏ ਸਨ ਜਿਨ੍ਹਾਂ ਵਿਚ ਬਿਜਲੀ ਘਰ, ਬੈਂਕ, ਪਸ਼ੂ ਹਸਪਤਾਲ ਤੋਂ ਇਲਾਵਾ ਹੋਰ ਅਨੇਕਾਂ ਸਰਕਾਰੀ ਦਫ਼ਤਰ ਸ਼ਾਮਲ ਸਨ। ਹੁਣ ਮੌਜੂਦਾ ਸਮੇਂ ਵਿਚ ਇਨ੍ਹਾਂ ਫੋਕਲ ਪੁਆਇੰਟਾਂ ਦੀ ਹਾਲਤ ਬਹੁਤ ਜ਼ਿਆਦਾ ਖਸਤਾ ਹੋ ਚੁੱਕੀ ਹੈ ਅਤੇ ਉਨ੍ਹਾਂ ਦੀਆਂ ਇਮਾਰਤਾਂ ਹਰ ਵੇਲੇ ਡਿਗੂੰ ਡਿਗੂੰ ਕਰ ਰਹੀਆਂ ਹਨ ਪਰ ਇਸ ਬਾਰੇ ਕਈ ਵਾਰ ਸਬੰਧਿਤ ਵਿਭਾਗ ਨੂੰ ਲਿਖਤੀ ਅਤੇ ਜ਼ੁਬਾਨੀ ਤੌਰ 'ਤੇ ਜਾਣੂੰ ਕਰਵਾਉਣ ਦੇ ਬਾਵਜੂਦ ਵੀ ਫੋਕਲ ਪੁਆਇੰਟਾਂ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ ਜਿਸ ਕਰਕੇ ਇਹ ਹੌਲੀ ਹੌਲੀ ਖੰਡਰ ਦਾ ਰੂਪ ਧਾਰਨ ਕਰ ਚੁੱਕੇ ਹਨ। ਪੁਰਾਣਾ ਸ਼ਾਲਾ ਫੋਕਲ ਪੁਆਇੰਟ ਦੇ ਗੁਦਾਮਾਂ ਦੀ ਹਾਲਤ ਬੇਹੱਦ ਖਸਤਾ ਹੋਈ ਪਈ ਹੈ ਅਤੇ 1988 ਤੋਂ ਬਾਅਦ ਕਿਸੇ ਸਰਕਾਰ ਨੇ ਇਸ ਦੀ ਮੁਰੰਮਤ ਨਹੀ ਕਰਵਾਈ ਜਿਸ ਕਰਕੇ ਇਲਾਕੇ ਦੇ ਕਿਸਾਨਾਂ ਦਾ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਿਸਾਨਾ ਦੱਸਿਆ ਕਿ ਇਸ ਫੋਕਲ ਪੁਆਇੰਟ ਵਿਚ ਵੱਡੀ ਤਾਦਾਦ ਵਿਚ ਜੰਗਲੀ ਘਾਹ ਬੂਟੀ ਉੱਗੀ ਪਈ ਹੈ। ਵਰਖਾ ਦੇ ਦਿਨਾਂ ਵਿਚ ਵੱਡੇ-ਵੱਡੇ ਟੋਇਆਂ ਵਿਚ ਪਾਣੀ ਭਰਿਆ ਪਿਆ ਹੈ ਜਿਸ ਤੋਂ ਭੈੜੀ ਬਦਬੂ ਹਰ ਵੇਲੇ ਆਉਂਦੀ ਰਹਿੰਦੀ ਹੈ। ਇਨ੍ਹਾਂ ਟੁੱਟੇ ਪਏ ਗੁਦਾਮਾਂ ਵਿਚ ਆਵਾਰਾ ਪਸ਼ੂ ਆਮ ਘੁੰਮਦੇ ਵੇਖੇ ਜਾ ਸਕਦੇ ਹਨ। ਕਿਸਾਨਾਂ ਨੇ ਦੱਸਿਆ ਕਿ ਫੋਕਲ ਪੁਆਇੰਟ ਦੀ ਹਾਲਤ ਸੁਧਾਰਣ ਵਾਸਤੇ ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਨੂੰ ਬੇਨਤੀਆਂ ਕੀਤੀਆਂ ਹਨ ਅਤੇ ਉਹ ਵੀ ਹੱਲ ਨਹੀਂ ਕਰਵਾ ਸਕੇ। ਉਨ੍ਹਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਫੋਕਲ ਪੁਆਇੰਟ ਵਿਚ ਬਣੇ ਗੁਦਾਮਾਂ ਅਤੇ ਦੁਕਾਨਾਂ ਦੀ ਹਾਲਤ ਸੁਧਾਰੀ ਜਾਵੇ ਤਾ ਜੋ ਲੋਕ ਇਨ੍ਹਾਂ ਗੁਦਾਮਾਂ ਵਿਚ ਅਪਣੀਆਂ ਫਸਲਾਂ ਰੱਖ ਸਕਨ ਅਤੇ ਖਾਦ ਬੀਜ ਆਦਿ ਹਾਸਲ ਕਰ ਸਕਣ। ਲੋਕਾਂ ਨੇ ਸਰਕਾਰ ਪਾਸੋਂ ਇਹ ਵੀ ਮੰਗ ਕੀਤੀ ਕਿ ਫੋਕਲ ਪੁਆਇੰਟ ਦੀ ਚਾਰਦੀਵਾਰੀ ਕਰਵਾਈ ਜਾਵੇ ਤਾਂ ਜੋ ਅਵਾਰਾ ਪਸ਼ੂ ਅੰਦਰ ਦਾਖਲ ਨਾ ਹੋ ਸਕਣ।



# ਅੰਡਰ-17 ਵਾਲੀਬਾਲ ਮੁਕਾਬਲੇ 'ਚ ਅੱਵਲ ਸਥਾਨ 'ਤੇ ਕਬਜ਼ਾ

**ਖਡੂਰ ਸਾਹਿਬ (ਸਰਬਜੀਤ ਸਿੰਘ ਸੰਧੂ)**- ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦੀ ਵਾਲੀਬਾਲ ਟੀਮ ਨੇ ਫਤਿਹਾਬਾਦ ਵਿਖੇ ਹੋਏ ਜ਼ੋਨਲ ਅੰਡਰ- 17 ਵਾਲੀਬਾਲ ਟੂਰਨਾਮੈਂਟ ਵਿੱਚ ਖੇਡਣ ਆਏ ਹੋਏ ਸਾਰੇ ਸਕੂਲਾਂ ਨੂੰ ਟੂਰਨਾਮੈਂਟ ਵਿੱਚ ਹਰਾ ਕੇ ਸ਼ਾਨਦਾਰ ਪ੍ਰਦਰਸ਼ਨ ਰਾਹੀਂ ਪਹਿਲਾ ਸਥਾਨ ਹਾਸਲ ਕਰਕੇ ਜਿੱਤ ਪ੍ਰਾਪਤ ਕੀਤੀ। ਵਾਲੀਬਾਲ ਟੀਮ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ ਮਹਿੰਦਰ ਸਿੰਘ, ਹਰਰਾਜ ਸਿੰਘ, ਨਿਸ਼ਾਨ ਸਿੰਘ ਕਵਲਜੀਤ ਸਿੰਘ, ਸਤਿੰਦਰ ਸਰਤਾਜ ਸਿੰਘ, ਰਣਦੀਪ ਸਿੰਘ ਅਤੇ ਜਸਕਰਨਜੀਤ ਸਿੰਘ।ਇਸ ਮੈਚ ਦੌਰਾਨ ਖਿਡਾਰੀਆਂ ਨੇ ਸ਼ਾਨਦਾਰ ਊਰਜਾ, ਤਾਲਮੇਲ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਮੈਚ ਵਿੱਚ ਮੌਜੂਦ ਦਰਸ਼ਕਾਂ ਨੂੰ ਵੀ ਇੱਕ ਦਿਲਚਸਪ ਅਤੇ ਯਾਦਗਾਰੀ ਮੈਚ ਬਣਾਇਆ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਟੀਮ ਭਾਵਨਾ ਮੈਦਾਨ ਵਿੱਚ ਵੇਖਣ ਨੂੰ ਮਿਲੀ।ਇਸ ਜਿੱਤ ਦੀ ਕਾਮਯਾਬੀ ਦੀ ਖੁਸ਼ੀ ਦੇ ਮੌਕੇ ਮੈਨੇਜਮੈਂਟ ਡਾਇਰੈਕਟਰ ਤਜਿੰਦਰ ਸਿੰਘ, ਪ੍ਰੈਜ਼ੀਡੈਂਟ ਮੈਡਮ ਸੁਖਵਿੰਦਰ ਕੌਰ, ਸੈਕਟਰੀ ਬਨਵੀਰ ਸਿੰਘ, ਮੈਡਮ ਰਮਨਦੀਪ ਕੌਰ, ਸੰਗੀਤ ਕੌਰ ਅਤੇ ਮੈਡਮ ਨਵਜੋਤੀ ਅਤੇ ਸਮੂਹ ਸਟਾਫ ਨੇ ਇਸ ਪ੍ਰਾਪਤੀ 'ਤੇ ਟੀਮ ਨੂੰ ਵਧਾਈ ਦਿੱਤੀ ਅਤੇ ਖਿਡਾਰੀਆਂ ਅਤੇ ਕੋਚਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਭਵਿੱਖ ਦੇ ਟੂਰਨਾਮੈਂਟਾਂ ਵਿੱਚ ਹਿੱਸਾ ਲੈਂਦੇ ਰਹਿਣ ਅਤੇ ਸਕੂਲ ਨੂੰ ਹੋਰ ਡਿਸਟਰਿਕਟ ਲੈਵਲ ਦੀਆਂ ਜਿੱਤਾਂ ਲਈ ਉਤਸ਼ਾਹਿਤ ਕੀਤਾ।

# ਸਿਰੜੀ ਕਿਸਾਨ ਸੰਦੀਪ ਸਿੰਘ ਨੇ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾ ਕੇ ਆਪਣੇ ਖੇਤਾਂ ਨੂੰ ਹੋਰ ਉਪਜਾਊ ਬਣਾਇਆ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਬਲਾਕ ਨਾਲ ਸੰਬੰਧਿਤ ਪਿੰਡ ਪਾਹੜਾ ਦੇ ਮਿਹਨਤੀ ਕਿਸਾਨ ਨੇ ਖੇਤੀਬਾੜੀ ਵਿਭਾਗ ਵੱਲੋਂ ਮਿਲੀ ਸੇਧ ਅਤੇ ਆਣੀ ਸਖ਼ਤ ਮਿਹਨਤ ਦੀ ਬਦੌਲਤ ਆਪਣੇ ਰੇਤਲੀ ਮਿੱਟੀ ਵਾਲੇ ਖੇਤਾਂ ਨੂੰ ਵੀ ਉਪਜਾਊ ਬਣਾਇਆ ਹੈ। ਇਸ ਮਿਹਨਤੀ ਕਿਸਾਨ ਸੰਦੀਪ ਸਿੰਘ ਵੱਲੋਂ ਆਪਣੇ ਪਿਤਾ ਨਛੱਤਰ ਸਿੰਘ ਅਤੇ ਭਰਾ ਅਮਰਜੀਤ ਸਿੰਘ ਨਾਲ ਮਿਲ ਕੇ ਇਸ ਮੌਕੇ ਕਰੀਬ 65 ਏਕੜ ਰਕਬੇ ਵਿੱਚ ਖੇਤੀ ਕੀਤੀ ਜਾ ਰਹੀ ਹੈ, ਜਿਸ ਵਿੱਚੋਂ ਸਿਰਫ਼ ਤਿੰਨ ਕਿੱਲੇ ਉਨ੍ਹਾਂ ਦੀ ਆਪਣੀ ਮਾਲਕੀ ਹੈ ਜਦੋਂ ਕਿ ਬਾਕੀ ਦੀ ਜ਼ਮੀਨ ਠੇਕੇ 'ਤੇ ਲਈ ਹੋਈ ਹੈ। ਸੰਦੀਪ ਸਿੰਘ ਨੇ ਦੱਸਿਆ ਕਿ 2020 ਵਿਚ ਉਨ੍ਹਾਂ ਨੇ ਖੇਤੀਬਾੜੀ ਵਿਭਾਗ ਵਲੋਂ ਦਿੱਤੀ ਗਈ ਸਬਸਿਡੀ ਦੀ ਮਦਦ ਨਾਲ ਇਕ ਸੁਪਰ ਸੀਡਰ ਖ਼ਰੀਦਿਆ ਸੀ, ਜਿਸ ਦੀ ਮਦਦ ਨਾਲ ਉਹ ਹਰੇਕ ਸਾਲ ਆਪਣੇ ਤਕਰੀਬਨ 25 ਏਕੜ ਖੇਤਾਂ ਵਿੱਚ ਅੱਗ ਲਗਾਏ ਬਗੈਰ ਰਹਿੰਦ ਖੂੰਹਦ ਦਾ ਨਿਪਟਾਰਾ ਕਰਦਾ ਹੈ ਅਤੇ ਨਾਲ ਹੀ ਕਣਕ ਦੀ ਬਿਜਾਈ ਵੀ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਸੁਪਰ ਸੀਡਰ ਨਾਲ ਜਿੱਥੇ ਉਹ ਆਪਣੇ ਖੇਤਾਂ ਵਿੱਚ ਬਹੁਤ ਆਸਾਨੀ ਦੇ ਨਾਲ ਸਿਰਫ਼ 500 ਤੋਂ 600 ਰੁਪਏ ਪ੍ਰਤੀ ਏਕੜ ਖ਼ਰਚ ਕੇ ਕਣਕ ਦੀ ਬਿਜਾਈ ਕਰ ਦਿੰਦਾ ਹੈ ਅਤੇ ਕਿਸੇ ਵੀ ਖੇਤ ਵਿੱਚ ਅੱਗ ਨਹੀਂ ਲਗਾਉਂਦਾ। ਅਗਾਂਹਵਧੂ ਕਿਸਾਨ ਸੰਦੀਪ ਸਿੰਘ ਨੇ ਦੱਸਿਆ ਕਿ ਉਸ ਦੇ ਕੋਲ ਠੇਕੇ ਤੇ ਅਜਿਹੀ ਜ਼ਮੀਨ ਹੈ ਜਿਸ ਦੀ ਮਿੱਟੀ ਰੇਤਲੀ ਹੈ। ਇਸ ਤੋਂ ਪਹਿਲਾਂ ਜਿਹੜੇ ਕਿਸਾਨ ਇਸ ਜ਼ਮੀਨ ਨੂੰ ਠੇਕੇ 'ਤੇ ਲੈ ਕੇ ਵੱਖ-ਵੱਖ ਫ਼ਸਲਾਂ ਦੀ ਬਿਜਾਈ ਕਰਦੇ ਸਨ, ਉਹ ਸਿਰਫ਼ ਇਸ ਲਈ ਖ਼ੁਦ ਹੀ ਠੇਕੇ ਵਾਲੀ ਜ਼ਮੀਨ ਛੱਡ ਜਾਂਦੇ ਸਨ, ਕਿਉਂਕਿ ਇਸ ਜ਼ਮੀਨ ਵਿਚੋਂ ਫ਼ਸਲ ਦੀ ਪੈਦਾਵਾਰ ਚੰਗੀ ਨਹੀਂ ਨਿਕਲਦੀ ਸੀ ਪਰ ਜਦੋਂ ਤੋਂ ਉਨ੍ਹਾਂ ਨੇ ਝੋਨੇ ਦੀ ਪਰਾਲੀ ਅਤੇ ਹੋਰ ਰਹਿੰਦ-ਖੂੰਹਦ ਨੂੰ ਰੇਤਲੀ ਮਿੱਟੀ ਵਾਲੇ ਖੇਤਾਂ ਵਿੱਚ ਮਿਲਾਉਣਾ ਸ਼ੁਰੂ ਕੀਤਾ ਹੈ ਉਸ ਦੇ ਬਾਅਦ ਮਿੱਟੀ ਦਾ ਉਪਜਾਊਪਣ ਵਧ ਗਿਆ ਹੈ।



# ਸਿਹਤ ਵਿਭਾਗ ਦੀ ਟੀਮ ਨੇ ਨਗਰ ਕੌਂਸਲ ਕਾਦੀਆਂ ਵਿਖੇ ਡੇਂਗੂ ਦਾ ਲਾਰਵਾ ਚੈੱਕ ਕੀਤਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੰਜਾਬ ਸਰਕਾਰ ਤੇ ਸਿਹਤ ਵਿਭਾਗ ਪੰਜਾਬ ਵੱਲੋਂ ਲੋਕਾਂ ਨੂੰ ਡੇਂਗੂ ਤੋਂ ਬਚਾਉਣ ਲਈ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਸੰਬੰਧੀ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਸਬੰਧੀ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੈਡੀਕਲ ਅਫਸਰ ਕਾਦੀਆਂ ਡਾ. ਸ਼ੁਭਨੀਤ ਕੁਮਾਰ ਦੀ ਅਗਵਾਈ ਹੇਠ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਅਧੀਨ ਨਗਰ ਕੌਂਸਲ ਕਾਦੀਆਂ ਵਿਖੇ ਸਿਹਤ ਵਿਭਾਗ ਦੀ ਟੀਮ ਨੇ ਡੇਂਗੂ ਦੇ ਲਾਰਵੇ ਦੀ ਜਾਂਚ ਕੀਤੀ।ਇਸ ਸਬੰਧੀ ਵਿਭਾਗ ਦੀ ਟੀਮ ਨੇ ਦੱਸਿਆ ਕਿ ਪਾਣੀ ਦੇ ਸਰੋਤਾਂ ਨੂੰ ਹਰ ਹਫ਼ਤੇ ਖਾਲੀ ਕਰਨਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਡੇਂਗੂ ਏਡੀਜ਼ ਅਜਿਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਇੱਕ ਹਫ਼ਤੇ ਤੋਂ ਜ਼ਿਆਦਾ ਸਮੇਂ ਤੱਕ ਖੜੇ ਸਾਫ਼ ਪਾਣੀ ਤੇ ਪੈਦਾ ਹੁੰਦਾ ਹੈ ਅਤੇ ਇੱਕ ਹਫ਼ਤੇ ਦੇ ਵਿੱਚ ਅੰਡੇ ਤੋਂ ਮੱਛਰ ਬਣ ਕੇ ਤਿਆਰ ਹੋ ਜਾਂਦਾ ਹੈ।ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟਰੇਆਂ, ਹੋਰ ਪਾਣੀ ਦੇ ਬਰਤਨਾਂ ਨੂੰ ਚੰਗੀ ਤਰ੍ਹਾਂ ਖਾਲੀ ਕਰਕੇ ਸੁਕਾ ਕੇ ਦੁਬਾਰਾ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ ਅਤੇ ਨੀਵੀਆਂ ਥਾਵਾਂ ਤੇ ਮਿੱਟੀ ਪਾ ਕੇ ਭਰ ਦੇਣੀਆਂ ਚਾਹੀਦੀਆਂ ਹਨ।ਜਿਨ੍ਹਾਂ ਥਾਵਾਂ ਤੋਂ ਪਾਣੀ ਸਾਫ਼ ਨਹੀਂ ਕੀਤਾ ਜਾ ਸਕਦਾ, ਉਥੇ ਹਰ ਹਫ਼ਤੇ ਕਾਲਾ ਸੜਿਆ ਹੋਇਆ ਤੇਲ ਪਾਉਣਾ ਚਾਹੀਦਾ ਹੈ। ਸੌਣ ਲੱਗਿਆਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਇਸਤੇਮਾਲ ਕਰੋ ਅਤੇ ਸਰੀਰ ਢੱਕਣੇ ਕੱਪੜੇ ਪਾਓ। ਬੁਖਾਰ ਹੋਣ 'ਤੇ ਨੇੜੇ ਦੇ ਸਿਹਤ ਕੇਂਦਰ ਤੋਂ ਜਾਂਚ ਕਰਵਾਈ ਜਾਵੇ ਅਤੇ ਡੇਂਗੂ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਹੈਲਥ ਇੰਸਪੈਕਟਰ ਸਰਵਣ ਸਿੰਘ ਦੇ ਕੁਲਦੀਪ ਕੁਮਾਰ, ਲਖਬੀਰ ਸਿੰਘ ਤੇ ਨਗਰ ਕੌਂਸਲ ਕਾਦੀਆਂ ਤੋਂ ਸੈਨੇਟਰੀ ਇੰਚਾਰਜ ਕਮਲਪ੍ਰੀਤ ਸਿੰਘ ਰਾਜਾ, ਇੰਦਰਪ੍ਰੀਤ ਸਿੰਘ, ਰੋਹਿਤ ਭਟੀਆ, ਗੁਰਬਾਜ ਸਿੰਘ ਬਾਜਵਾ, ਰਵਿੰਦਰਜੀਤ ਸਿੰਘ ਆਦਿ ਸਿਹਤ ਵਿਭਾਗ ਦੀ ਟੀਮ ਦੇ ਮੈਂਬਰ ਹਾਜ਼ਰ ਸਨ।

# 'ਫਰਾਮ ਆਈਡੀਆ ਟੂ ਡਲਿਵਰੀ' ਵਿਸ਼ੇ 'ਤੇ ਵਰਕਸ਼ਾਪ ਕਰਵਾਈ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖ਼ਾਲਸਾ ਕਾਲਜ ਦੇ ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਐਪਲੀਕੇਸ਼ਨਜ਼ ਦੀ ਟੈਕ ਇਰਾ ਸੋਸਾਇਟੀ ਵੱਲੋਂ 'ਫ੍ਰਾਮ ਆਈਡੀਆ ਟੂ ਡਲਿਵਰੀ: ਮਾਸਟਰਿੰਗ ਐਜਾਈਲ ਪ੍ਰੋਡਕਟ ਡਿਵੈਲਪਮੈਂਟ' ਵਿਸ਼ੇ 'ਤੇ ਵਰਕਸ਼ਾਪ ਕਰਵਾਈ ਗਈ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਸਹਿਯੋਗ ਨਾਲ ਆਯੋਜਿਤ ਉਕਤ ਵਰਕਸ਼ਾਪ ਇਨਵੌਫ ਟੈਕਨਾਲੋਜੀਜ਼ ਲਿਮਟਿਡ, ਲੰਡਨ ਦੇ ਡਾਇਰੈਕਟਰ ਪਰਮਿੰਦਰ ਕੌਰ ਨੇ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਕੰਪਿਊਟਰ ਸੈਂਟਰ ਡਾਇਰੈਕਟਰ ਡਾ. ਹਰਭਜਨ ਸਿੰਘ ਰੰਧਾਵਾ, ਸਕੂਲ ਆਫ਼ ਕੰਪਿਊਟਰ ਸਾਇੰਸ ਐਂਡ ਐਪਲੀਕੇਸ਼ਨਜ਼ ਦੇ ਮੁਖੀ ਪ੍ਰੋ. ਸੁਖਵਿੰਦਰ ਕੌਰ ਅਤੇ ਕੋ-ਕੋਆਰਡੀਨੇਟਰ ਡਾ. ਮਨੀ ਅਰੋੜਾ ਨਾਲ ਮਿਲ ਕੇ ਪਰਮਿੰਦਰ ਕੌਰ ਨੂੰ ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ 'ਚ ਯੋਗਦਾਨ ਸਬੰਧੀ ਮੋਮੈਂਟੋ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਵਰਕਸ਼ਾਮ ਮੌਕੇ ਪਰਮਿੰਦਰ ਕੌਰ ਨੇ ਐਜਾਇਲ ਫਰੇਮਵਰਕ ਅਤੇ ਇਸ ਦੇ ਪ੍ਰਯੋਗਿਕ ਉਪਯੋਗਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਸ ਵਰਕਸ਼ਾਪ 'ਚ ਡਾ. ਰੁਪਿੰਦਰ ਸਿੰਘ, ਪ੍ਰੋ. ਪ੍ਰਭਜੋਤ ਕੌਰ ਆਦਿ ਤੋਂ ਇਲਾਵਾ ਹੋਰ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।



# ਅਗਵਾਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦਾਂ ਦਾ ਸਨਮਾਨ ਅੱਜ

**ਕਲਾਨੌਰ (ਮਨਦੀਪ ਕੋਹਲੀ)**- ਸਾਬਕਾ ਸੈਨਿਕ ਸਰਬ ਸਾਂਝੀ ਕਮੇਟੀ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਅੱਜ ਆਰੰਭ ਕਰਵਾਏ ਗਏ ਹਨ, ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 23 ਤਰੀਕ ਵਾਲੇ ਦਿਨ ਪਿੰਡ ਅਗਵਾਨ ਦੇ ਗੁਰਦੁਆਰਾ ਸਾਹਿਬ ਵਿਖੇ ਪਾਏ ਜਾਣਗੇ ਸਿੰਘ ਸਾਹਿਬਾਨਾਂ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਵੱਧ ਤੋਂ ਵੱਧ ਸੰਗਤਾਂ ਪਹੁੰਚਣ ਸਮਾਗਮ ਵਿੱਚ ਕੀਰਤਨੀ ਜਥੇ, ਢਾਡੀ ਕਵੀਸਰ ਵੀ ਆ ਰਹੇ ਹਨ,ਜੋ ਸਾਨੂੰ ਗੁਰਬਾਣੀ ਰਾਹੀਂ ਨਿਹਾਲ ਕਰਨਗੇ ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ ਅਤੇ ਇਸ ਸਮਾਗਮ ਵਿੱਚ ਸਹੀਦ ਪਰਿਵਾਰਾਂ,ਧਰਮੀ ਫੌਜੀਆਂ ਜਾਂ ਜਿਨਾਂ ਨੂੰ ਫੌਜ ਦੇ ਵਿੱਚ ਐਵਾਰਡ ਪ੍ਰਾਪਤ ਹੋਇਆ ਹੈ ਉਨਾਂ ਦਾ ਸਨਮਾਨ ਵੀ ਕੀਤਾ ਜਾਏਗਾ। ਇਸ ਮੌਕੇ ਤੇ ਸਰਪ੍ਰਸਤ ਸੇਵਾ ਸਿੰਘ, ਚੇਅਰਮੈਨ ਪਿਆਰਾ ਸਿੰਘ, ਸੂਬਾ ਪ੍ਰਧਾਨ ਗੁਰਦੀਪ ਸਿੰਘ, ਮੀਤ ਪ੍ਰਧਾਨ ਮਲਕੀਅਤ ਸਿੰਘ, ਜ਼ਿਲਾ ਪ੍ਰਧਾਨ ਮਨਜਿੰਦਰ ਜੀਤ ਸਿੰਘ,ਬਲਾਕ ਪ੍ਰਧਾਨ ਭਾਈ ਰਜਿੰਦਰ ਸਿੰਘ ਭੰਗੂ ਕਲਾਨੌਰ, ਚੇਅਰਮੈਨ ਵੀਰ ਸਿੰਘ, ਕੈਸੀਅਰ ਬਲਕਾਰ ਸਿੰਘ, ਜਸਵੰਤ ਸਿੰਘ ਜਨਰਲ ਸਕੱਤਰ, ਮੀਤ ਪ੍ਰਧਾਨ ਚੈਨ ਸਿੰਘ, ਮੀਤ ਪ੍ਰਧਾਨ ਪਰਮਜੀਤ, ਵਾਈਸ ਪ੍ਰਧਾਨ ਸਰਦੀਪ ਸਿੰਘ ਤੋਂ ਇਲਾਵਾ ਸੁਖਜਿੰਦਰ ਸਿੰਘ, ਗੁਰਵੰਤ ਸਿੰਘ ਪਰਮਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਸੂਬਾਈ ਮਲਟੀਪਰਪਜ਼ ਜੁਆਇੰਟ ਐਕਸ਼ਨ ਕਮੇਟੀ ਦੀ ਅਹਿਮ ਮੀਟਿੰਗ

**ਵੇਰਕਾ (ਰਾਣਾ)**- ਮਲਟੀਪਰਪਜ਼ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦੀ ਇੱਕ ਹੰਗਾਮੇਦਾਰ ਮੀਟਿੰਗ ਹੋਈ ਜਿਸ ਬਾਰੇ ਜਾਣਕਾਰੀ ਦਿੰਦਿਆਂ ਕਨਵੀਨਰ ਪ੍ਰਭਜੀਤ ਸਿੰਘ ਉਪਲ, ਕਨਵੀਨਰ ਕੁਲਬੀਰ ਸਿੰਘ ਮੋਗਾ, ਮਨਜੀਤ ਕੌਰ ਫਰੀਦਕੋਟ ਨੇ ਦੱਸਿਆ ਕਿ ਸਿਹਤ ਵਿਭਾਗ ਵਿੱਚ ਕੰਮ ਕਰ ਰਹੇ ਮਲਟੀਪਰਪਜ਼ ਕੇਡਰ ਦੀਆਂ ਵੱਖ-ਵੱਖ ਜਥੇਬੰਦੀਆਂ ਪਿਛਲੇ ਲੰਮੇ ਸਮੇਂ ਤੋਂ ਕੇਡਰ ਦਾ ਨਾਂਅ ਬਦਲਣ ਦੀ ਮੰਗ ਨੂੰ ਲੈ ਕੇ ਆਪਣੇ-ਆਪਣੇ ਪੱਧਰ 'ਤੇ ਸੰਘਰਸ਼ ਕਰ ਰਹੀਆਂ ਹਨ।ਇਸ ਮੁੱਦੇ ਦੀ ਗੰਭੀਰਤਾ ਨੂੰ ਸਮਝਦਿਆਂ ਇੱਕ ਸਾਂਝੀ ਜੁਆਇੰਟ ਐਕਸ਼ਨ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਵਿੱਚ ਸ਼ੁਰੂ ਵਿੱਚ ਤਿੰਨ ਜਥੇਬੰਦੀਆਂ ਸ਼ਾਮਲ ਹੋਈਆਂ ਸਨ। ਇਸ ਕਮੇਟੀ ਦੀ ਇੱਕ ਮੀਟਿੰਗ 19 ਅਗਸਤ ਨੂੰ ਲੁਧਿਆਣਾ ਵਿਖੇ ਹੋਈ।ਇਸ ਸਾਂਝੀ ਮਲਟੀਪਰਪਜ਼ ਜੁਆਇੰਟ ਐਕਸ਼ਨ ਕਮੇਟੀ ਨੇ ਸਿਹਤ ਵਿਭਾਗ ਵਿੱਚ ਮਲਟੀਪਰਪਜ਼ ਕੇਡਰ ਲਈ ਕੰਮ ਕਰ ਰਹੀਆਂ ਹੋਰ ਭਾਈਵਾਲ ਜਥੇਬੰਦੀਆਂ ਨੂੰ ਵੀ ਇਸ ਕਮੇਟੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਸੀ।ਇਸ ਅਪੀਲ ਤੋਂ ਬਾਅਦ ਕਈ ਜਥੇਬੰਦੀਆਂ ਇਸ ਕਮੇਟੀ ਦਾ ਹਿੱਸਾ ਬਣ ਚੁੱਕੀਆਂ ਹਨ, ਪਰ ਕੁਝ ਜਥੇਬੰਦੀਆਂ ਦਾ ਸ਼ਾਮਲ ਹੋਣਾ ਅਜੇ ਬਾਕੀ ਹੈ।ਉਨ੍ਹਾਂ ਨੂੰ ਨਾਲ ਲੈ ਕੇ ਹੀ ਇਸ ਕਮੇਟੀ ਨੂੰ ਪੂਰੀ ਤਰ੍ਹਾਂ ਨਾਲ ਮਜ਼ਬੂਤ ਬਣਾਇਆ ਜਾਵੇਗਾ।ਮੀਟਿੰਗ ਵਿੱਚ ਲਏ ਗਏ ਅਹਿਮ ਫੈਸਲੇ ਅਨੁਸਾਰ ਜੁਆਇੰਟ ਐਕਸ਼ਨ ਕਮੇਟੀ ਦਾ 15 ਮੈਂਬਰੀ ਵਫ਼ਦ ਸਿਹਤ ਮੰਤਰੀ ਕੋਲੋਂ ਸਮਾਂ ਲੈ ਕੇ 4 ਸਤੰਬਰ ਨੂੰ ਕੇਡਰ ਦਾ ਨਾਂ ਬਦਲਣ ਦੀ ਮੰਗ ਨੂੰ ਲੈ ਕੇ ਮਿਲੇਗਾ।ਮਲਟੀਪਰਪਜ਼ ਕੇਡਰ ਅਤੇ ਕੇਡਰ ਨਾਲ ਸਬੰਧਤ ਬਾਕੀ ਰਹਿੰਦੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੀ ਜਲਦ ਤੋਂ ਜਲਦ ਇਸ ਜੁਆਇੰਟ ਐਕਸ਼ਨ ਕਮੇਟੀ ਵਿੱਚ ਸ਼ਾਮਲ ਹੋਣ ਤਾਂ ਜੋ ਇਸ ਦਾ ਹੋਰ ਵਿਸਥਾਰ ਕੀਤਾ ਜਾਵੇ।



# ਬਾਬਾ ਕਾਲਾ ਮਹਿਰ ਸੰਧੂ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਅੱਜ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਕਸਬਾ ਵਡਾਲਾ ਗ੍ਰੰਥੀਆਂ ਦੇ ਲਾਗੇ ਪਿੰਡ ਦੁਨੀਆਂ ਸੰਧੂ ਵਿਖੇ ਧੰਨ-ਧੰਨ ਬਾਬਾ ਕਾਲਾ ਮਹਿਰ ਸੰਧੂ ਨੂੰ ਸਮਰਪਿਤ ਸਾਲਾਨਾ ਜੋੜ ਮੇਲਾ ਅਤੇ ਮਹਾਨ ਧਾਰਮਿਕ ਸਮਾਗਮ ਪਿੰਡ ਵਾਸੀ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮਾਝੇ ਦੇ ਨਾਮਵਾਰ ਕਵੀਸ਼ਰ ਦੀਦਾਰ ਸਿੰਘ ਸੰਧੂ ਅਤੇ ਸਮੂਹ ਸੇਵਾਦਾਰਾਂ ਨੇ ਸਾਂਝੇ ਤੌਰ ਤੇ ਦੱਸਿਆ ਕਿ ਅਸਥਾਨ ਬਾਬਾ ਕਾਲਾ ਮਹਿਰ ਸੰਧੂ ਵਿਖੇ ਪਿਛਲੇ ਦਿਨਾਂ ਤੋਂ ਸ਼੍ਰੀ ਅਖੰਡ ਪਾਠਾਂ ਦੀ ਲੜੀ ਦੀ ਆਰੰਭਤਾ ਕੀਤੀ ਗਈ ਸੀ ਜਿਨ੍ਹਾਂ ਦੇ ਭੋਗ 23 ਅਗਸਤ ਨੂੰ ਪਾਏ ਜਾਣਗੇ।ਉਪਰੰਤ ਭਾਈ ਗੁਰਮੇਜ ਸਿੰਘ ਭੋਰਾ ਸਾਹਿਬ ਵਾਲੇ, ਜੱਥੇਦਾਰ ਬਾਬਾ ਜਗੀਰ ਸਿੰਘ ਨਿਹੰਗ ਸਿੰਘ ਮਿਸਲ ਸ਼ਹੀਦਾਂ ਭੰਬੋਈ ਵਾਲੇ, ਕਵੀਸ਼ਰੀ ਜੱਥਾ ਭਾਈ ਸੁਖਬੀਰ ਸਿੰਘ (ਗੁਰੂ ਕੀਆਂ ਲਾਡਲੀਆਂ ਫੌਜਾਂ) ਆਦਿ ਜਥਿਆਂ ਵੱਲੋਂ ਪਹੁੰਚ ਕੇ ਸਮੂਹ ਸੰਗਤਾਂ ਨੂੰ ਇਤਿਹਾਸ ਸੁਣਾ ਕੇ ਨਿਹਾਲ ਕੀਤਾ ਜਾਵੇਗਾ।ਅੰਤ ਵਿੱਚ ਸਾਰੇ ਹੀ ਸੇਵਾਦਾਰਾਂ ਨੇ ਕਿਹਾ ਕਿ ਸੰਨ 1995 ਤੋਂ ਲੈ ਕੇ ਹੁਣ ਤੱਕ ਹਰ ਸਾਲ ਭਾਦਰੋਂ ਦੀ ਮੱਸਿਆ ਵਾਲੇ ਦਿਨ ਸਲਾਨਾ ਸਮਾਗਮ ਇੱਕ ਜੋੜ ਮੇਲੇ ਦੇ ਰੂਪ ਵਿੱਚ ਕਰਵਾਇਆ ਜਾਂਦਾ ਹੈ।

# ਬਲਾਕ ਤਰਸਿੱਕਾ ਨੂੰ ਖਤਮ ਕਰਨ ਦੇ ਸਰਕਾਰੀ ਫੈਸਲੇ ਵਿਰੁੱਧ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਤਰਸਿੱਕਾ ਬਲਾਕ ਨੂੰ ਖਤਮ ਕਰਨ ਦੇ ਸਰਕਾਰ ਦੇ ਫੈਸਲੇ ਵਿਰੁੱਧ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ ਹੈ।ਇਸ ਫੈਸਲੇ ਦੇ ਵਿਰੋਧ ਵਿੱਚ ਤਰਸਿੱਕਾ, ਸੰਗਰਾਵਾਂ, ਸਾਹਪੁਰ, ਕੋਟ ਖਹਿਰਾ, ਰਸੂਲਪੁਰ ਖੁਰਦ ਅਤੇ ਸਰਾਂ ਪਿੰਡਾਂ ਦੇ ਲੋਕਾਂ ਨੇ ਬਾਜ਼ਾਰ ਤਰਸਿੱਕਾ ਵਿੱਚ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ।ਇਸ ਦੌਰਾਨ ਲੋਕਾਂ ਨੇ ਹਲਕਾ ਵਿਧਾਇਕ ਹਰਭਜਨ ਸਿੰਘ ਈਟੀਓ ਦਾ ਪੁਤਲਾ ਵੀ ਫੂਕਿਆ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਇਹ ਫੈਸਲਾ ਲੋਕਾਂ ਦੀਆਂ ਭਾਵਨਾਵਾਂ ਦੇ ਖਿਲਾਫ ਹੈ ਅਤੇ ਇਸ ਨਾਲ ਪਿੰਡਾਂ ਦਾ ਵਿਕਾਸ ਪ੍ਰਭਾਵਿਤ ਹੋਵੇਗਾ।ਉਨ੍ਹਾਂ ਕਿਹਾ ਕਿ ਸਰਕਾਰ ਨੇ ਇਹ ਫੈਸਲਾ ਬਿਨਾਂ ਕਿਸੇ ਨਾਲ ਸਲਾਹ-ਮਸ਼ਵਰੇ ਦੇ ਲਿਆ ਹੈ, ਜੋ ਕਿ ਬਹੁਤ ਹੀ ਨਿੰਦਣਯੋਗ ਹੈ।ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਲਾਲੀ ਨੇ ਇਸ ਮੌਕੇ ਤੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਤਰਸਿੱਕਾ ਬਲਾਕ ਨੂੰ ਬਹਾਲ ਨਾ ਕੀਤਾ ਤਾਂ ਪਿੰਡਾਂ ਦੇ ਲੋਕ ਇੱਕ ਵੱਡਾ ਸੰਘਰਸ਼ ਸ਼ੁਰੂ ਕਰਨਗੇ।ਉਨ੍ਹਾਂ ਕਿਹਾ ਕਿ ਇਸ ਮਸਲੇ ਨੂੰ ਲੈ ਕੇ ਉਹ ਆਉਣ ਵਾਲੇ ਸਮੇਂ ਵਿੱਚ ਸਰਕਾਰ ਦੇ ਖਿਲਾਫ ਸੂਬਾ ਪੱਧਰੀ ਅੰਦੋਲਨ ਵੀ ਸ਼ੁਰੂ ਕਰ ਸਕਦੇ ਹਨ।ਪ੍ਰਦਰਸ਼ਨ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਉਹ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਲਾਮਬੰਦ ਕਰਨਗੇ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਆਪਣਾ ਫੈਸਲਾ ਵਾਪਸ ਨਾ ਲਿਆ ਤਾਂ ਇਸ ਦਾ ਖਮਿਆਜ਼ਾ ਹਰਭਜਨ ਸਿੰਘ ਈਟੀਓ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਭੁਗਤਣਾ ਪਵੇਗਾ।

# ਦਾਜ ਦੀ ਮੰਗ ਕਰਨ ਵਾਲੇ ਪਤੀ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਦਾਜ ਦਹੇਜ ਦੀ ਮੰਗ ਕਰਨ ਵਾਲੇ ਪਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਸ਼ਿਕਾਇਤ ਕਰਤਾ ਦਾ ਵਿਆਹ ਗੁਰਜੀਤ ਸਿੰਘ ਪੁੱਤਰ ਭਜਨ ਸਿੰਘ ਵਾਸੀ ਓਗਰਾ ਥਾਣਾ ਦੋਰਾਂਗਲਾ ਨਾਲ ਮਿਤੀ 8 ਮਾਰਚ 2021 ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਸ਼ਿਕਾਇਤ ਕਰਤਾ ਦਾ ਪਤੀ ਦਹੇਜ ਦੀ ਖਾਤਰ ਉਸ ਨੂੰ ਤੰਗ ਪ੍ਰੇਸ਼ਾਨ ਕਰਦਾ ਸੀ ਅਤੇ ਦਹੇਜ ਵਿਚ 20 ਲੱਗ ਰੁਪਏ ਤੇ ਇਨੋਵਾ ਗੱਡੀ ਦੀ ਮੰਗ ਕਰਦਾ ਸੀ। ਪੁਲਸ ਨੇ ਗੁਰਜੀਤ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਸ਼ਿਕਾਇਤ ਕਰਤਾ 13 ਜਨਵਰੀ 2023 ਤੋਂ ਆਪਣੇ ਪੇਕੇ ਘਰ ਰਹਿ ਰਹੀ ਹੈ।

# ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਦਾ ਗਤਕਾ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਦੇ ਵਿਦਿਆਰਥੀਆਂ ਨੇ ਜ਼ੋਨਲ ਲੈਵਲ ਗਤਕਾ ਚੈਂਪੀਅਨਸ਼ਿਪ 2025-26 'ਚ ਜਿੱਤ ਹਾਸਲ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਉਕਤ ਮੁਕਾਬਲੇ ਦੌਰਾਨ ਅੰਡਰ-14, 17 ਅਤੇ 19 'ਚ ਖੇਡਦਿਆਂ ਗਤਕਾ ਟੀਮ ਨੇ ਦ੍ਰਿੜ੍ਹਤਾ, ਸਾਹਸ ਅਤੇ ਦਲੇਰੀ ਦਾ ਸਬੂਤ ਦਿੰਦਿਆਂ ਸ਼ਾਨਦਾਰ ਉਪਲਬਧੀ ਪ੍ਰਾਪਤ ਕੀਤੀ। ਇਸ ਸਬੰਧੀ ਸਕੂਲ ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਅਕਤੀਗਤ ਤੌਰ 'ਤੇ ਖੇਡਦਿਆਂ ਵਿਦਿਆਰਥੀ ਗੁਰਸਿਮਰਨ ਸਿੰਘ ਨੇ ਸੋਨ ਤਗਮਾ ਹਾਸਲ ਕੀਤਾ। ਜਦਕਿ ਇਸੇ ਤਰ੍ਹਾਂ ਅੰਡਰ-14 'ਚ ਵਿਅਕਤੀਗਤ ਤੌਰ 'ਤੇ ਖੇਡਦਿਆਂ ਗੁਰਸਿਮਰਨ ਸਿੰਘ, ਹਰਦਖ਼ਸ਼ ਸਿੰਘ, ਮਨਜੋਤ ਸਿੰਘ, ਗੁਰਵੀਰ ਸਿੰਘ ਨੇ ਚਾਂਦੀ ਤਗਮਾ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਅੰਡਰ-14 ਦੀ ਟੀਮ ਕਿਰਪਨਜੋਤ ਸਿੰਘ, ਰਣਵੀਰ ਸਿੰਘ ਸੰਧੂ, ਹਰਮਨਪ੍ਰੀਤ ਸਿੰਘ, ਅੰਗਦ ਸਿੰਘ ਨੇ ਕਾਂਸੀ ਤਗਮਾ ਹਾਸਲ ਕੀਤਾ। ਜਦਕਿ 8ਵੀਂ ਜਮਾਤ ਦੇ ਗੁਰਸਿਮਰਨ ਸਿੰਘ ਨੇ ਵਿਅਕਤੀਗਤ ਤੌਰ 'ਤੇ ਅੰਡਰ-14 'ਚ ਖੇਡਦਿਆਂ ਸੋਨ ਤਗਮਾ ਅਤੇ ਅੰਡਰ-17 'ਚ ਕਿਰਪਾਨ ਚਲਾਉਣ ਦੀ ਪ੍ਰੀਕ੍ਰਿਆ ਦੌਰਾਨ ਨਮਨਦੀਪ ਸਿੰਘ ਨੇ ਕਾਂਸੀ ਤਗਮਾ ਪ੍ਰਾਪਤ ਕੀਤਾ ਹੈ। ਇਸ ਮੌਕੇ ਪ੍ਰਿੰ: ਗਿੱਲ ਨੇ ਜੇਤੂ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਭੇਂਟ ਕਰਦਿਆਂ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਗਤਕਾ ਸਵੈ ਰੱਖਿਆ ਲਈ ਵਰਤੀ ਜਾਣ ਵਾਲੀ ਸਿੱਖਾਂ ਦੀ ਕਲਾ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਗਤਕਾ ਖਿਡਾਰੀ ਨੂੰ ਮਨੁੱਖੀ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨ, ਭੈਅ ਰਹਿਤ ਨਿਰਸਵਾਰਥ ਅਤੇ ਗੁਰਮਤਿ ਅਨੁਸਾਰ ਜੀਵਨ ਬਸਰ ਕਰਨਾ ਸਿਖਾਉਂਦਾ ਹੈ। ਉਨ੍ਹਾਂ ਗਤਕਾ ਕੋਚ ਸ: ਮਨਿੰਦਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਪੁਲ ਤਿੱਬੜੀ ਦੇ ਸ਼ਟਰਾਂ ਪਿੱਛੇ ਮਰੇ ਪਸ਼ੂਆਂ ਦੀ ਭਰਮਾਰ, ਬਦਬੂ ਕਾਰਨ ਲੋਕ ਸਾਹ ਲੈਣ ਤੋਂ ਵੀ ਔਖੇ



**ਗੁਰਦਾਸਪੁਰ (ਜਨਕ ਮਹਾਜਨ)**- ਸਬ ਡਵੀਜ਼ਨ ਨਹਿਰੀ ਵਿਭਾਗ ਪੁਲ ਤਿੱਬੜੀ ਅਪਰਬਰੀ ਦੁਆਬ ਅਤੇ ਕਸੂਰ ਬਰਾਂਚ ਨਹਿਰਾਂ ਦੇ ਸ਼ਟਰਾਂ ਦੇ ਪਿੱਛੇ ਮਰੇ ਪਸ਼ੂ ਇਕੱਠੇ ਹੋਣ ਨਾਲ ਇਥੇ ਭੈੜੀ ਬਦਬੂ ਫੈਲ ਚੁੱਕੀ ਹੈ ਜਿਸ ਕਰਕੇ ਨਜ਼ਦੀਕੀ ਲੋਕ ਕਾਫ਼ੀ ਪ੍ਰੇਸ਼ਾਨ ਹਨ। ਇਸ ਪਾਸੇ ਸੰਬੰਧਿਤ ਵਿਭਾਗ ਕੋਈ ਵੀ ਧਿਆਨ ਨਹੀਂ ਦੇ ਰਿਹਾ ਜਿਸ ਕਰਕੇ ਮਹਿਕਮੇ ਦੇ ਅਧਿਕਾਰੀਆਂ ਪ੍ਰਤੀ ਲੋਕਾਂ ਦਾ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੁਲ ਤਿੱਬੜੀ ਨਿਵਾਸੀਆਂ ਤੇ ਗੁਰਦੁਆਰਾ ਸਾਹਿਬ ਆਉਂਦੇ ਸ਼ਰਧਾਲੂਆਂ ਨੇ ਦੱਸਿਆ ਕਿ ਜਦੋਂ ਦੀ ਪੰਜਾਬ ਅੰਦਰ ਬਰਸਾਤ ਹੋ ਰਹੀ ਹੈ, ਉਦੋਂ ਤੋਂ ਹੀ ਨਹਿਰੀ ਸ਼ਟਰਾਂ ਪਿੱਛੇ ਗੰਦਗੀ ਅਤੇ ਮਰੇ ਪਸ਼ੂ ਫਸੇ ਰਹਿੰਦੇ ਹਨ ਅਤੇ ਇਨ੍ਹਾਂ ਤੋਂ ਉਠਦੀ ਭੈੜੀ ਬਦਬੂ ਨੇ ਲੋਕਾਂ ਦਾ ਜਿਊਣਾ ਦੁਭਰ ਕੀਤਾ ਪਿਆ ਹੈ। ਪੁਲ ਤਿੱਬੜੀ ਨਿਵਾਸੀਆਂ ਨੇ ਦੱਸਿਆ ਕਿ ਨਹਿਰੀ ਵਿਭਾਗ ਨੇ ਪਹਿਲਾਂ ਕਾਫ਼ੀ ਸਾਂਭ ਸੰਭਾਲ ਸ਼ਟਰਾਂ ਦੀ ਕਰਦਾ ਸੀ ਪਰ ਹੁਣ ਮੁਲਾਜ਼ਮਾਂ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਨਹਿਰ ਦੇ ਸ਼ਟਰਾਂ ਪਿਛੇ ਫੈਲੀ ਬਦਬੂ ਅਤੇ ਗੰਦਗੀ ਕਾਰਨ ਲੋਕਾਂ 'ਚ ਭਿਆਨਕ ਬਿਮਾਰੀਆਂ ਫੈਲਣ ਦਾ ਡਰ ਪਾਇਆ ਜਾ ਰਿਹਾ ਹੈ। ਇਲਾਕਾ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਨਹਿਰ ਅਪਰਬਾਰੀ ਅਤੇ ਕਸੂਰ ਬਰਾਂਚ ਦੇ ਸ਼ਟਰਾਂ ਪਿੱਛੇ ਪਈ ਗੰਦਗੀ ਨੂੰ ਚੁਕਵਾਇਆ ਜਾਵੇ ਤਾਂ ਜੋ ਆਮ ਲੋਕ ਸੁੱਖ ਦਾ ਸਾਹ ਲੈ ਸਕਣ। ਇਸ ਸਬੰਧੀ ਜਦੋਂ ਨਹਿਰੀ ਵਿਭਾਗ ਦੇ ਐੱਸ. ਡੀ. ਓ. ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਉਹ ਜਲਦ ਹੀ ਪੁਲ ਤਿਬੜੀ ਨਹਿਰ ਦੇ ਸ਼ਟਰਾਂ ਪਿਛੇ ਇਕੱਠੀ ਹੋਈ ਗੰਦਗੀ ਨੂੰ ਸਾਫ਼ ਕਰਵਾ ਦੇਣਗੇ।

# ਲੇਖਾਕਾਰ ਰਕੇਸ਼ ਕੁਮਾਰ ਸ਼ਰਮਾ ਨੂੰ ਈ ਓ ਬਣਨ 'ਤੇ ਦਿੱਤੀ ਵਿਦਾਇਗੀ ਪਾਰਟੀ



**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਨਗਰ ਕੌਂਸਲ ਦਫ਼ਤਰ ਵਿਖੇ ਤਾਇਨਾਤ ਰਕੇਸ਼ ਕੁਮਾਰ ਸ਼ਰਮਾ ਲੇਖਾਕਾਰ ਨੂੰ ਸਥਾਨਕ ਸਰਕਾਰ ਵਿਭਾਗ (ਪੰਜਾਬ ਸਰਕਾਰ) ਵੱਲੋਂ ਬਤੌਰ ਕਾਰਜ ਸਾਧਕ ਅਫ਼ਸਰ ਪਦਉੱਨਤ ਕੀਤਾ ਗਿਆ ਹੈ, ਜਿਨ੍ਹਾਂ ਦੀ ਨਗਰ ਕੌਂਸਲ ਸੁਜਾਨਪੁਰ ਵਿਖੇ ਪੋਸਟਿੰਗ ਅਧੀਨ ਨਵੀਂ ਤਾਇਨਾਤੀ ਕੀਤੀ ਗਈ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਇਥੇ ਨਗਰ ਕੌਂਸਲ ਦਫ਼ਤਰ ਵਿਖੇ ਸਮੂਹ ਸਟਾਫ਼ ਵੱਲੋਂ ਵਿਦਾਇਗੀ ਦਿੰਦਿਆਂ ਸਨਮਾਨਿਤ ਕੀਤਾ ਗਿਆ ਅਤੇ ਸਟਾਫ਼ ਵੱਲੋਂ ਉਨ੍ਹਾਂ ਦੀ ਨਵੀਂ ਪੋਸਟਿੰਗ ਲਈ ਵਧਾਈ ਦਿੱਤੀ ਗਈ। ਇਸ ਦੌਰਾਨ ਲੇਖਾਕਾਰ ਤੋਂ ਕਾਰਜ ਸਾਧਕ ਅਫ਼ਸਰ ਬਣੇ ਰਕੇਸ਼ ਕੁਮਾਰ ਸ਼ਰਮਾ ਨੇ ਕਿਹਾ ਕਿ ਨਗਰ ਕੌਂਸਲ ਦਫ਼ਤਰ ਫ਼ਤਿਹਗੜ੍ਹ ਚੂੜੀਆਂ ਵਿੱਚ ਉਨ੍ਹਾਂ ਵੱਲੋਂ ਲੰਬਾ ਸਮਾਂ ਸੇਵਾਵਾਂ ਨਿਭਾਈਆਂ ਗਈਆਂ ਹਨ, ਜਿਸ ਲਈ ਉਹ ਦਫ਼ਤਰੀ ਸਟਾਫ਼ ਦੇ ਹਮੇਸ਼ਾ ਰਿਣੀ ਰਹਿਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਕਈ ਯਾਦਾਂ ਇਸ ਦਫ਼ਤਰ ਨਾਲ ਜੁੜੀਆਂ ਹਨ, ਜਿਨ੍ਹਾਂ ਨੂੰ ਉਹ ਹਮੇਸ਼ਾ ਯਾਦ ਰੱਖਣਗੇ। ਇਸ ਮੌਕੇ ਪਲਵਿੰਦਰ ਸਿੰਘ ਜੂਨੀਅਰ ਸਹਾਇਕ, ਸੁਨੀਲ ਕੁਮਾਰ ਗੁਲਾਟੀ ਜੂਨੀਅਰ ਸਹਾਇਕ, ਅਮਰਜੀਤ ਕੌਰ ਕਲਰਕ, ਜੋਤੀ ਬਾਲਾ ਜੂਨੀਅਰ ਸਹਾਇਕ, ਮੁਖਤਾਰ ਸਿੰਘ ਕਲਰਕ, ਸੌਰਵ ਕੁਮਾਰ ਕਲਰਕ, ਹਰਜਿੰਦਰ ਸਿੰਘ ਕਲਰਕ, ਰਮੇਸ਼ ਸੋਨੀ, ਆਸ਼ੂ ਆਦਿ ਨੇ ਰਕੇਸ਼ ਕੁਮਾਰ ਸ਼ਰਮਾ ਨੂੰ ਵਧਾਈ ਦਿੱਤੀ।

23-Aug-PAGE-4.qxd 8/22/2025 10:47 PM Page 1

ਨਵਾਂ ਜ਼ਮਾਨਾ

ਸ਼ਨੀਵਾਰ, 23 ਅਗਸਤ 2025

# ਭਾਜਪਾ ਦੇ ਮੂੰਹੋਂ ਨੈਤਿਕਤਾ ਦੀ ਗੱਲ !

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ ਦਾ ਮੌਨਸੂਨ ਸੈਸ਼ਨ ਖਤਮ ਹੋਣ ਤੋਂ ਐਨ ਪਹਿਲਾਂ 130ਵੇਂ ਸੰਵਿਧਾਨਕ ਸੋਧ ਬਿੱਲ ਸਣੇ ਤਿੰਨ ਬਿੱਲ ਪੇਸ਼ ਕੀਤੇ, ਜਿਹੜੇ ਨਜ਼ਰਸਾਨੀ ਲਈ ਸਾਂਝੀ ਸੰਸਦੀ ਕਮੇਟੀ ਹਵਾਲੇ ਕਰ ਦਿੱਤੇ ਗਏ ਹਨ। ਜੇ ਬਿੱਲ ਕਾਨੂੰਨ ਦਾ ਰੂਪ ਲੈਂਦੇ ਹਨ ਤਾਂ ਸਿਰਫ 'ਗੰਭੀਰ ਦੋਸ਼' ਦੇ ਆਧਾਰ 'ਤੇ ਕੇਂਦਰ ਤੇ ਰਾਜਾਂ ਦੇ ਮੰਤਰੀਆਂ, ਮੁੱਖ ਮੰਤਰੀਆਂ ਤੇ ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਜਾ ਸਕਦੀ ਹੈ। ਹਾਲਾਂਕਿ ਪ੍ਰਧਾਨ ਮੰਤਰੀ ਦੀ ਕੁਰਸੀ ਜਾਣ ਦੀ ਸੰਭਾਵਨਾ ਘੱਟ ਹੈ ਕਿਉਂਕਿ ਜਾਂਚ ਏਜੰਸੀਆਂ ਦੀ ਵਾਗਡੋਰ ਉਸ ਦੇ ਹੱਥ ਵਿੱਚ ਹੁੰਦੀ ਹੈ। ਬਿੱਲਾਂ ਵਿੱਚ ਵਿਵਸਥਾ ਕੀਤੀ ਗਈ ਹੈ ਕਿ ਜੇ ਕੋਈ ਮੰਤਰੀ, ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਕਿਸੇ ਅਜਿਹੇ ਦੋਸ਼ ਵਿੱਚ 30 ਦਿਨ ਹਿਰਾਸਤ ਵਿੱਚ ਰਹਿੰਦਾ ਹੈ, ਜਿਸ 'ਚ ਘੱਟੋ-ਘੱਟ ਪੰਜ ਸਾਲ ਦੀ ਸਜ਼ਾ ਹੋ ਸਕਦੀ ਹੈ ਜਾਂ ਉਸ ਨੂੰ ਅਸਤੀਫਾ ਦੇਣਾ ਪਏਗਾ, ਜੇ ਨਹੀਂ ਦਿੰਦਾ ਤਾਂ 31ਵੇਂ ਦਿਨ ਉਹ ਅਹੁਦੇ ਤੋਂ ਬਰਖਾਸਤ ਮੰਨਿਆ ਜਾਵੇਗਾ, ਭਾਵੇਂ ਉਸ ਦਾ ਦੋਸ਼ ਅਦਾਲਤ ਵਿੱਚ ਸਾਬਤ ਨਾ ਵੀ ਹੋਵੇ।

ਸਰਕਾਰ ਦਾ ਕਹਿਣਾ ਹੈ ਕਿ ਇਹ ਬਿੱਲ ਸਿਆਸਤ ਵਿੱਚ ਨੈਤਿਕਤਾ ਲਿਆਉਣ ਵਾਲਾ ਹੈ, ਜਦਕਿ ਆਪੋਜ਼ੀਸ਼ਨ ਪਾਰਟੀਆਂ ਦਾ ਕਹਿਣਾ ਹੈ ਕਿ ਇਸ ਰਾਹੀਂ ਆਪੋਜ਼ੀਸ਼ਨ ਦੀਆਂ ਸਰਕਾਰਾਂ ਨੂੰ ਅਸਥਿਰ ਕਰਕੇ ਚੋਣ ਹਾਰ ਦਾ ਬਦਲਾ ਲਿਆ ਜਾਵੇਗਾ। ਕੀ ਆਪੋਜ਼ੀਸ਼ਨ ਦੇ ਦਾਅਵੇ ਵਿੱਚ ਕੋਈ ਦਮ ਹੈ ਜਾਂ ਮੋਦੀ ਸਰਕਾਰ ਵਾਸਤਵ ਵਿੱਚ ਸਿਆਸਤ 'ਚ ਨੈਤਿਕਤਾ ਲਿਆਉਣ ਲਈ ਗੰਭੀਰ ਹੈ? ਕੀ ਕੋਈ ਸਰਕਾਰੀ ਜਾਂਚ ਏਜੰਸੀ ਪ੍ਰਧਾਨ ਮੰਤਰੀ ਨੂੰ ਗ੍ਰਿਫਤਾਰ ਕਰ ਸਕਦੀ ਹੈ? ਸ਼ਾਇਦ ਨਹੀਂ। ਇਸੇ ਕਰਕੇ ਤੌਖਲਾ ਪੈਦਾ ਹੁੰਦਾ ਹੈ ਕਿ ਇਸ ਕਾਨੂੰਨ ਦੀ ਵਰਤੋਂ ਸਿਰਫ ਆਪੋਜ਼ੀਸ਼ਨ ਖਿਲਾਫ ਕੀਤੀ ਜਾਵੇਗੀ। 2019 ਵਿੱਚ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਪੀ ਡਬਲਿਊ ਡੀ ਮੰਤਰੀ ਸਤੇਂਦਰ ਜੈਨ 'ਤੇ ਦੋਸ਼ ਲੱਗੇ ਕਿ ਉਨ੍ਹਾ 17 ਸਲਾਹਕਾਰ ਆਊਟਸੋਰਸਿੰਗ ਜ਼ਰੀਏ ਰੱਖਣ ਦੀ ਮਨਜ਼ੂਰੀ ਦੇ ਕੇ ਸਰਕਾਰੀ ਭਰਤੀ ਪ੍ਰਕਿਰਿਆ ਦੇ ਨੇਮ ਦੀ ਉਲੰਘਣਾ ਕੀਤੀ। ਸੀ ਬੀ ਆਈ ਨੇ ਪੰਜ ਸਾਲ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਰਿਪੋਰਟ ਦਿੱਤੀ ਕਿ ਉਸ ਨੂੰ ਇਸ ਵਿੱਚ ਕੋਈ ਸਾਜ਼ਿਸ਼ ਜਾਂ ਭ੍ਰਿਸ਼ਟਾਚਾਰ ਜਾਂ ਗੈਰਕਾਨੂੰਨੀ ਲਾਭ ਲੈਣ ਵਾਲੀ ਗੱਲ ਨਹੀਂ ਲੱਭੀ। ਜੈਨ ਕਾਫੀ ਚਿਰ ਜੇਲ੍ਹ ਵਿੱਚ ਰਹੇ। ਜੇ ਨਵਾਂ ਪੇਸ਼ ਕੀਤਾ ਬਿੱਲ ਕਾਨੂੰਨ ਬਣ ਚੁੱਕਾ ਹੁੰਦਾ ਤਾਂ ਜੈਨ ਨਾਲ ਕੀ ਬੀਤਦੀ?

ਦਰਅਸਲ ਆਪੋਜ਼ੀਸ਼ਨ ਬਿੱਲਾਂ ਦਾ ਇਸ ਕਰਕੇ ਵੀ ਵਿਰੋਧ ਕਰ ਰਹੀ ਹੈ, ਕਿਉਂਕਿ ਮੋਦੀ ਰਾਜ ਵਿੱਚ ਜਾਂਚ ਏਜੰਸੀਆਂ ਆਪੋਜ਼ੀਸ਼ਨ ਆਗੂਆਂ ਦੇ ਪਿੱਛੇ ਪਈਆਂ ਹੋਈਆਂ ਹਨ। 2014 ਤੋਂ ਬਾਅਦ ਆਪੋਜ਼ੀਸ਼ਨ ਆਗੂਆਂ ਖਿਲਾਫ ਈ ਡੀ ਦੀ ਵਰਤੋਂ ਚਾਰ ਗੁਣਾ ਵਧੀ ਹੈ ਤੇ 95 ਫੀਸਦੀ ਮਾਮਲਿਆਂ ਵਿੱਚ ਆਪੋਜ਼ੀਸ਼ਨ ਦੇ ਆਗੂਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਨੋਟ ਕਰਨ ਵਾਲੀ ਗੱਲ ਹੈ ਕਿ ਜਿਹੜੇ ਆਗੂ ਏਜੰਸੀ ਦੇ ਘੇਰੇ ਵਿੱਚ ਆਏ, ਉਨ੍ਹਾਂ ਵਿੱਚੋਂ 25 ਭਾਜਪਾ ਵਿੱਚ ਸ਼ਾਮਲ ਹੋ ਗਏ। ਇਸ ਤੋਂ ਬਾਅਦ ਇਨ੍ਹਾਂ ਵਿੱਚੋਂ ਤਿੰਨ ਖਿਲਾਫ ਜਾਂਚ ਬੰਦ ਹੋ ਗਈ ਅਤੇ 20 ਖਿਲਾਫ ਜਾਂਚ ਠੰਢੇ ਬਸਤੇ ਵਿੱਚ ਹੈ। ਈ ਡੀ ਦਾ ਰਿਕਾਰਡ ਬਹੁਤ ਸ਼ੱਕੀ ਹੈ। ਇਸ ਸਾਲ ਮਾਰਚ ਵਿੱਚ ਕੇਂਦਰ ਸਰਕਾਰ ਨੇ ਸੰਸਦ ਨੂੰ ਦੱਸਿਆ ਸੀ ਕਿ ਪਿਛਲੇ 10 ਸਾਲਾਂ ਵਿੱਚ ਸਿਆਸੀ ਆਗੂਆਂ ਵਿਰੁੱਧ ਈ ਡੀ ਦੇ 190 ਮਾਮਲਿਆਂ ਵਿੱਚ ਸਿਰਫ ਦੋ 'ਚ ਹੀ ਦੋਸ਼ ਸਾਬਤ ਹੋ ਸਕੇ ਹਨ।

ਸੰਵਿਧਾਨਕ ਅਹੁਦੇ 'ਤੇ ਬਿਰਾਜਮਾਨ ਕਿਸੇ ਪ੍ਰਭਾਵਸ਼ਾਲੀ ਵਿਅਕਤੀ ਵਿਰੁੱਧ ਜਦ ਗੰਭੀਰ ਦੋਸ਼ ਲੱਗਦੇ ਹਨ ਤਾਂ ਉਸ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਹੁੰਦੀ ਹੈ ਤਾਂ ਕਿ ਜਾਂਚ ਪ੍ਰਭਾਵਤ ਨਾ ਹੋ ਸਕੇ। ਹੁਣ ਭਾਜਪਾ ਆਗੂ ਨੈਤਿਕਤਾ ਦੀ ਗੱਲ ਕਰ ਰਹੇ ਹਨ, ਪਰ ਇਸ ਮਾਮਲੇ ਵਿੱਚ ਉਨ੍ਹਾਂ ਦਾ ਰਵੱਈਆ ਕੀ ਰਿਹਾ ਹੈ? ਪਿਛਲਾ ਰਿਕਾਰਡ ਤਾਂ ਇਹ ਦੱਸ ਰਿਹਾ ਹੈ ਕਿ ਸਿਆਸਤ ਵਿੱਚ ਨੈਤਿਕਤਾ ਦੀ ਗੱਲ ਕਰ ਰਹੀ ਭਾਜਪਾ ਨੇ ਚੋਣ ਲਾਭਾਂ ਲਈ ਦਾਗੀ ਆਗੂਆਂ ਨੂੰ ਆਪਣੇ ਵਿੱਚ ਸਮੋਣ 'ਚ ਜ਼ਰਾ ਜਿੰਨੀ ਸ਼ਰਮ ਨਹੀਂ ਦਿਖਾਈ।

# ਸੂਚਨਾ ਦੇ ਅਧਿਕਾਰ ਅਧੀਨ ਨਹੀਂ ਮਿਲ ਰਹੀ ਲੋਕਾਂ ਨੂੰ ਪੂਰੀ ਜਾਣਕਾਰੀ



ਕੁਲਦੀਪ ਚੰਦ

ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਹੈ, ਜਿਸ ਵਿੱਚ ਸਭ ਤੋਂ ਵੱਧ ਸ਼ਕਤੀ ਦੇਸ਼ ਦੇ ਲੋਕਾਂ ਪਾਸ ਹੀ ਹੈ। ਭਾਰਤੀ ਸੰਵਿਧਾਨ ਵਿੱਚ ਦੇਸ਼ ਦੇ ਹਰ ਕੰਮ ਵਿੱਚ ਪਾਰਦਾਰਸ਼ਿਤਾ ਰੱਖਣ ਦੀ ਗੱਲ ਕਹੀ ਗਈ ਹੈ। ਭਾਰਤ ਦਾ ਸੰਵਿਧਾਨ ਆਪਣੇ ਨਾਗਰਿਕਾਂ ਨੂੰ ਕੁਝ ਮੌਲਿਕ ਅਧਿਕਾਰਾਂ ਦੀ ਗਰੰਟੀ ਦੇ ਕੇ ਲੋਕਤੰਤਰ ਦੇ ਸਿਧਾਂਤਾਂ ਨੂੰ ਸਥਾਪਿਤ ਕਰਦਾ ਹੈ। ਸੰਵਿਧਾਨ ਦੀ ਧਾਰਾ 19 (1) (ਏ) ਅਤੇ ਧਾਰਾ 21 ਭਾਰਤ ਦੇ ਹਰੇਕ ਨਾਗਰਿਕ ਨੂੰ ਜਨਤਕ ਕਾਰਜਕਰਤਾਵਾਂ ਦੁਆਰਾ ਕੀਤੇ ਗਏ ਹਰ ਕੰਮ ਨੂੰ ਜਾਣਨ ਦੇ ਅਧਿਕਾਰ ਦੀ ਗਰੰਟੀ ਦਿੰਦੀ ਹੈ। ਲੋਕਾਂ ਵਲੋਂ ਕੀਤੇ ਗਏ ਪ੍ਰਦਰਸ਼ਨ ਤੋਂ ਬਾਅਦ ਸਾਲ 2005 ਵਿੱਚ ਸੂਚਨਾ ਦਾ ਅਧਿਕਾਰ ਐਕਟ ਲਾਗੂ ਕੀਤਾ ਗਿਆ, ਜਿਸ ਅਨੁਸਾਰ ਹਰ ਵਿਭਾਗ ਨੂੰ ਸਮਾਂਬੱਧ ਸੂਚਨਾ ਦੇਣ ਲਈ ਕਨੂੰਨੀ ਤੌਰ 'ਤੇ ਮਜਬੂਰ ਕੀਤਾ ਗਿਆ ਅਤੇ ਸੂਚਨਾ ਨਾ ਦੇਣ ਦੀ ਸੂਰਤ ਵਿੱਚ ਜ਼ਿਮੇਵਾਰ ਅਧਿਕਾਰੀਆਂ ਖਿਲਾਫ ਕਨੂੰਨੀ ਕਾਰਵਾਈ ਕਰਨ ਦਾ ਪ੍ਰਬੰਧ ਕੀਤਾ ਗਿਆ। ਇਸ ਐਕਟ ਨੂੰ ਅਮਲੀ ਜਾਮ ਾ ਪਹਿਨਾਉਣ ਲਈ ਹੇਠਲੇ ਪੱਧਰ ਤੱਕ ਪ੍ਰਬੰਧ ਕੀਤੇ ਗਏ ਅਤੇ ਵੱਖ-ਵੱਖ ਵਿਭਾਗਾਂ ਵਿੱਚ ਜਨਤਕ ਸੂਚਨਾ ਅਧਿਕਾਰੀ ਨਿਯੁਕਤ ਕੀਤੇ ਗਏ ਹਨ। ਨਾਗਰਿਕਾਂ ਵੱਲੋਂ ਮੰਗੀ ਗਈ ਸੂਚਨਾ ਅਧੂਰੀ ਮਿਲਣ ਜਾਂ ਸਮੇਂ ਸਿਰ ਸੂਚਨਾ ਨਾ ਮਿਲਣ ਸੰਬੰਧੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਵਿਭਾਗੀ ਪੱਧਰ ਤੇ ਅਪੀਲ ਅਧਿਕਾਰੀ, ਸੂਬਾ ਪੱਧਰ 'ਤੇ ਰਾਜ ਸੂਚਨਾ ਆਯੋਗ ਅਤੇ ਰਾਸ਼ਟਰ ਪੱਧਰ 'ਤੇ ਕੇਂਦਰੀ ਸੂਚਨਾ ਆਯੋਗ ਦੀ ਸਥਾਪਨਾ ਕੀਤੀ ਗਈ ਹੈ। ਰਾਜ ਸੂਚਨਾ ਆਯੋਗ ਅਤੇ ਕੇਂਦਰੀ ਸੂਚਨਾ ਆਯੋਗ ਦਾ ਮੁੱਖ ਕੰਮ ਹੇਠਲੇ ਪੱਧਰ 'ਤੇ ਸੂਚਨਾ ਅਧਿਕਾਰ ਅਧੀਨ ਮੰਗੀ ਜਾਣਕਾਰੀ ਸੰਬੰਧੀ ਅਪੀਲਾਂ ਅਤੇ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਹੈ। ਇਹ ਸਭ ਵੇਖ ਕੇ ਲੱਗਦਾ ਹੈ ਕਿ ਸੂਚਨਾ ਦਾ ਅਧਿਕਾਰ ਕਨੂੰਨ ਪੂਰੀ ਤਰਾਂ ਲਾਗੂ ਕੀਤਾ ਜਾ ਰਿਹਾ ਹੈ, ਪਰੰਤੂ ਕਈ ਵਾਰ ਸੂਚਨਾ ਮੰਗਣ ਵਾਲੇ ਵਿਅਕਤੀਆਂ ਨੂੰ ਵੱਖ-ਵੱਖ ਵਿਭਾਗੀ ਅਧਿਕਾਰੀਆਂ ਦੁਆਰਾ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਪ੍ਰੇਸ਼ਾਨ ਕਰਨਾ, ਹਮਲੇ ਕਰਨਾ, ਕਤਲ ਕਰਨਾ ਆਦਿ ਵਰਗੇ ਮਾਮਲੇ ਵੀ ਸਾਹਮਣੇ ਆਏ ਹਨ। ਦੇਸ਼ ਦੇ ਨਾਗਰਿਕਾਂ ਨੂੰ ਮੰਗੀ ਗਈ ਜਾਣਕਾਰੀ ਵੱਖ-ਵੱਖ ਵਿਭਾਗਾਂ ਵੱਲੋਂ ਨਾ ਮਿਲਣ ਸੰਬੰਧੀ ਕਈ ਮਾਮਲੇ ਅਕਸਰ ਸਾਹਮਣੇ ਆਂਦੇ ਹਨ, ਪਰ ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਰਾਜ ਸੂਚਨਾ ਆਯੋਗ ਅਤੇ ਕੇਂਦਰੀ ਸੂਚਨਾ ਆਯੋਗ ਕੋਲ ਅਪੀਲ ਅਤੇ ਪਹੁੰਚ ਕਰਨ ਤੋਂ ਬਾਅਦ ਵੀ ਕਈ ਵਾਰ ਸਿਰਫ ਖੱਜਲਖੁਆਰੀ ਹੀ ਹੁੰਦੀ ਹੈ ਅਤੇ ਮੰਗੀ ਗਈ ਸੂਚਨਾ ਸਮੇਂ ਸਿਰ ਪ੍ਰਾਪਤ ਨਹੀਂ ਹੁੰਦੀ। ਭਾਰਤੀ ਚੋਣ ਆਯੋਗ ਨੇ ਰਾਜਨੀਤਕ ਦਲਾਂ ਦੇ ਪ੍ਰਧਾਨਾਂ/ਮਹਾਂਮੰਤਰੀਆਂ ਨੂੰ ਭੇਜੇ ਪੱਤਰ ਵਿੱਚ ਲਿਖਿਆ ਹੈ ਕਿ ਸਾਰੇ ਦਲਾਂ ਨੂੰ ਆਪਣੀ ਆਡਿਟ ਰਿਪੋਰਟ ਦਾ ਵਰਣਨ ਕਰਨਾ ਜ਼ਰੂਰੀ ਹੈ। ਇਸ ਦੇ ਬਾਬਜੂਦ ਅਜੇ ਤੱਕ ਵੀ ਕਈ ਰਾਜਨੀਤਿਕ ਦੱਲਾਂ ਨੇ ਕੋਈ ਠੋਸ ਕਦਮ ਨਹੀਂ ਚੁੱਕੇ। ਇਹ ਵੀ ਕੌੜਾ ਸੱਚ ਹੈ ਕਿ ਕਈ ਅਧਿਕਾਰੀ ਅਤੇ ਰਾਜਨੇਤਾ ਜਿਹਨਾਂ ਲਈ ਮੰਗੀ ਗਈ ਸੂਚਨਾ ਖਤਰਨਾਕ ਸਾਬਤ ਹੋ ਸਕਦੀ ਹੈ, ਸੂਚਨਾ ਮੰਗਣ ਵਾਲਿਆਂ ਲਈ ਹੀ ਖਤਰਾ ਸਾਬਿਤ ਹੁੰਦੇ ਹਨ। ਮਾਣਯੋਗ ਸੁਪਰੀਮ ਕੋਰਟ ਨੇ 08 ਮਈ 2025 ਨੂੰ ਚੋਣਾਂ ਦੌਰਾਨ ਜਵਾਬਦੇਹੀ ਯਕੀਨੀ ਬਣਾਉਣ ਅਤੇ ਕਾਲੇ ਧਨ ਦੀ ਵਰਤੋਂ ਨੂੰ ਸੀਮਤ ਕਰਨ ਲਈ ਪ੍ਰਮੁੱਖ ਰਾਜਨੀਤਕ ਪਾਰਟੀਆਂ ਨੂੰ ਸੂਚਨਾ ਅਧਿਕਾਰ ਕਾਨੂੰਨ ਦੇ ਦਾਇਰੇ ਵਿੱਚ ਲਿਆਉਣ ਦੀ ਮੰਗ ਕਰਨ ਵਾਲੀਆਂ ਦੋ ਜਨਹਿੱਤ ਪਟੀਸ਼ਨਾਂ 'ਤੇ ਅੰਤਮ ਸੁਣਵਾਈ ਮੁਲਤਵੀ ਕਰ ਦਿੱਤੀ ਹੈ। ਉੱਚ ਅਦਾਲਤ ਨੇ 07 ਜੁਲਾਈ 2015 ਨੂੰ ਕੇਂਦਰ ਸਰਕਾਰ, ਚੋਣ ਆਯੋਗ ਅਤੇ ਰਾਸ਼ਟਰੀ ਰਾਜਨੀਤਕ ਪਾਰਟੀਆਂ ਨੂੰ ਇੱਕ ਪਟੀਸ਼ਨ, ਨੋਟਿਸ ਜਾਰੀ ਕੀਤੇ ਸਨ, ਜਿਸ ਵਿੱਚ ਸਾਰੀਆਂ ਰਾਸ਼ਟਰੀ ਅਤੇ ਖੇਤਰੀ ਰਾਜਨੀਤਕ ਪਾਰਟੀਆਂ ਨੂੰ ਆਰ ਟੀ ਆਈ ਦੇ ਦਾਇਰੇ ਵਿੱਚ ਲਿਆਉਣ ਲਈ ਜਨਤਕ ਸੂਚਨਾ ਅਧਿਕਾਰੀ ਘੋਸ਼ਿਤ ਕਰਨ ਦੀ ਮੰਗ ਕੀਤੀ ਗਈ ਸੀ। ਕੇਂਦਰੀ ਸੂਚਨਾ ਆਯੋਗ ਨੇ ਪਹਿਲਾਂ ਇੱਕ ਆਦੇਸ਼ ਵਿੱਚ ਕਿਹਾ ਸੀ ਕਿ ਰਾਜਨੀਤਕ ਪਾਰਟੀਆਂ ਨੂੰ ਆਰ ਟੀ ਆਈ ਐਕਟ ਅਧੀਨ ਜਾਣਕਾਰੀ ਦਾ ਖੁਲਾਸਾ ਕਰਨਾ ਚਾਹੀਦਾ ਹੈ। ਆਰ ਟੀ ਆਈ ਐਕਟ ਨੇ ਨਿਆਂ ਪਾਲਿਕਾ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਲਿਆ ਕੇ ਮਹੱਤਵਪੂਰਨ ਨਿਆਂਇਕ ਅਤੇ ਕਾਨੂੰਨੀ ਸੁਧਾਰ ਵੀ ਕੀਤੇ ਹਨ। ਹਾਲਾਂਕਿ ਨਿਆਂ ਪਾਲਿਕਾ ਨੇ ਸ਼ੁਰੂ ਵਿੱਚ ਆਪਣੇ ਮਾਮਲਿਆਂ ਵਿੱਚ ਆਰ ਟੀ ਆਈ ਦੀ ਵਰਤੋਂ ਦਾ ਵਿਰੋਧ ਕੀਤਾ ਸੀ, ਪਰ ਇਸ ਐਕਟ ਨੂੰ ਹੌਲੀ-ਹੌਲੀ ਅਦਾਲਤਾਂ ਦੇ ਪ੍ਰਸ਼ਾਸਕੀ ਕਾਰਜਾਂ 'ਤੇ ਲਾਗੂ ਕੀਤਾ ਗਿਆ ਹੈ। ਇਸ ਐਕਟ ਨੇ ਜਨਤਕ ਜਵਾਬਦੇਹੀ ਨੂੰ ਉਤਸ਼ਾਹਤ ਕੀਤਾ ਹੈ, ਜਿਸ ਵਿੱਚ ਨਾਗਰਿਕ ਵਧੇਰੇ ਵਾਰ ਜਾਣਨ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਦੇ ਹਨ। ਇਸ ਨੇ ਸਿੱਖਿਆ, ਸਿਹਤ ਸੰਭਾਲ ਅਤੇ ਕਾਨੂੰਨ ਲਾਗੂ ਕਰਨ ਵਰਗੇ ਖੇਤਰਾਂ ਵਿੱਚ ਪਾਰਦਰਸ਼ਤਾ ਪੇਸ਼ ਕੀਤੀ ਹੈ। ਆਰ ਟੀ ਆਈ ਕਾਰਕੁਨਾਂ ਨੂੰ ਅਕਸਰ ਆਪਣੇ ਕੰਮ ਵਿੱਚ ਚੁਣੌਤੀਆਂ ਅਤੇ ਜੋਖਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿੱਚ ਨੌਕਰਸ਼ਾਹੀ ਰੁਕਾਵਟਾਂ, ਪਰੇਸ਼ਾਨੀ, ਧਮਕੀਆਂ ਅਤੇ ਇੱਥੋਂ ਤੱਕ ਕਿ ਸਰੀਰਕ ਹਮਲੇ ਵੀ ਸ਼ਾਮਲ ਹਨ। ਇਸ ਸੰਬੰਧੀ ਗੌਰਵ ਅਗਰਵਾਲ ਵੱਲੋਂ ਮਾਣਯੋਗ ਸੁਪਰੀਮ ਕੋਰਟ ਵਿੱਚ ਪਾਈ ਦਰਖਾਸਤ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰਾਲਿਆ ਵੱਲੋਂ ਮਿਤੀ 14 ਜੂਨ 2013 ਨੂੰ ਵੱਖ-ਵੱਖ ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੱਖ ਸਕੱਤਰਾਂ ਨੂੰ ਲਿਖੇ ਪੱਤਰ ਦੁਆਰਾ ਆਰ ਟੀ ਆਈ ਐਕਟਿਵਿਸਟਾਂ ਦੀ ਸੁਰੱਖਿਆ ਲਈ ਯੋਗ ਪ੍ਰਬੰਧ ਕਰਨ ਲਈ ਐਡਵਾਇਜ਼ਰੀ ਜਾਰੀ ਕੀਤੀ ਗਈ ਸੀ। ਕੇਂਦਰੀ ਸੂਚਨਾ ਆਯੋਗ ਦੀ ਸਾਲਾਨਾ ਰਿਪੋਰਟ ਅਨੁਸਾਰ ਇੱਕ ਸਾਲ ਵਿੱਚ 20361 ਸ਼ਿਕਾਇਤਾਂ ਅਤੇ ਦੂਜੀ ਅਪੀਲ ਦਰਜ ਕੀਤੀਆਂ ਗਈਆਂ ਹਨ ਅਤੇ 16790 ਸ਼ਿਕਾਇਤਾਂ ਅਤੇ ਦੂਜੀ ਅਪੀਲ ਦਾ ਨਿਪਟਾਰਾ ਕੀਤਾ ਗਿਆ ਅਤੇ ਸਾਲ ਦੇ ਅੰਤ ਵਿੱਚ 23078 ਸਿਕਾਇਤਾਂ ਪੈਂਡਿੰਗ ਪਈਆਂ ਹਨ। ਇਸ ਸਾਲਾਨਾ ਰਿਪੋਰਟ ਅਨੁਸਾਰ ਕੇਂਦਰੀ ਸੂਚਨਾ ਆਯੋਗ ਨੂੰ ਆਰ ਟੀ ਆਈ ਐਕਟ 2005 ਦੀ ਧਾਰਾ 20 (1) ਅਧੀਨ 413750/- ਦੀ ਰਕਮ ਪ੍ਰਾਪਤ ਹੋਈ ਹੈ। ਕੇਂਦਰੀ ਸੂਚਨਾ ਆਯੋਗ ਦੇ ਅਪਣੇ ਆਰ ਟੀ ਆਈ ਸੈੱਲ ਨੂੰ ਰਿਪੋਰਟਿੰਗ ਸਾਲ ਦੌਰਾਨ ਕੇਂਦਰੀ ਜਨਤਕ ਸੂਚਨਾ ਅਧਿਕਾਰੀ ਤੋਂ ਵੱਖ-ਵੱਖ ਜਾਣਕਾਰੀ ਮੰਗਣ ਵਾਲਿਆਂ ਕੁੱਲ 2402 ਆਰ ਟੀ ਆਈ ਅਰਜ਼ੀਆਂ ਪ੍ਰਾਪਤ ਹੋਈਆਂ। ਇਨ੍ਹਾਂ ਵਿੱਚੋਂ 423 ਹੋਰ ਜਨਤਕ ਅਥਾਰਟੀਆਂ ਨਾਲ ਸੰਬੰਧਤ ਸਨ ਅਤੇ ਉਨ੍ਹਾਂ ਕੋਲ ਭੇਜੀਆਂ ਗਈਆਂ ਸਨ। ਜੇਕਰ ਕੇਂਦਰੀ ਸੂਚਨਾ ਆਯੋਗ ਦੀਆਂ ਰਿਪੋਰਟਾਂ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਇਸ ਐਕਟ ਦੀ ਧਾਰਾ-25 ਅਨੁਸਾਰ ਲੱਗਭੱਗ 2145 ਪਬਲਿਕ ਅਥਾਰਟੀਜ਼ ਹਨ ਅਤੇ ਹੁਣ ਸਾਰੇ ਹੀ ਆਪਣੀ ਆਪਣੀ ਸਾਲਾਨਾ ਰਿਟਰਨ ਆਯੋਗ ਨੂੰ ਦੇ ਰਹੇ ਹਨ। ਸਾਲ 2018-2019 ਦੀ ਰਿਪੋਰਟ ਅਨੁਸਾਰ ਇਨਾਂ ਪਬਲਿਕ ਅਥਾਰਟੀਜ਼ ਕੋਲ ਪਿਛਲੇ ਸਾਲਾਂ ਦੀਆਂ 259919 ਦਰਖਾਸਤਾਂ ਪੈਂਡਿਗ ਸਨ ਅਤੇ ਇਸ ਸਾਲ ਦੌਰਾਨ ਕੁੱਲ 1370129 ਦਰਖਾਸਤਾਂ ਆਈਆਂ ਅਤੇ ਇਸ ਤਰਾਂ ਕੁੱਲ 1630048 ਦਰਖਾਸਤਾਂ ਅਤੇ ਅਪੀਲਾਂ ਵਿਚੋਂ 64344 ਰੱਦ ਕੀਤੀਆਂ ਗਈਆਂ ਹਨ ਅਤੇ ਬਾਕੀਆਂ 'ਤੇ ਬਣਦੀ ਕਾਰਵਾਈ ਕੀਤੀ ਗਈ ਹੈ। ਇਸ ਸਮੇਂ ਦੌਰਾਨ 9 ਅਧਿਕਾਰੀਆਂ ਖਿਲਾਫ ਅਣਗਹਿਲੀ ਲਈ ਕਾਰਵਾਈ ਕੀਤੀ ਗਈ ਹੈ। ਇਸ ਸਮੇਂ ਦੌਰਾਨ ਕੇਂਦਰੀ ਸੂਚਨਾਂ ਆਯੋਗ ਵੱਲੋਂ 3041000/- ਰੁਪਏ ਜੁਰਮਾਨਾ ਕੀਤਾ ਗਿਆ ਹੈ। ਕੇਂਦਰੀ ਸੂਚਨਾ ਆਯੋਗ ਵੱਲੋਂ ਈ ਕੋਰਟਸ ਅਤੇ ਵੀਡੀਓ ਕਾਨਫਰੰਸਿਗ ਦੀ ਸਹੂਲਤ ਸ਼ੁਰੂ ਕੀਤੀ ਗਈ ਹੈ ਅਤੇ ਇਸ ਅਧੀਨ ਸਾਲ 2018-2019 ਦੌਰਾਨ ਹੀ 8077 ਵੀਡੀਓ ਕਾਨਫਰੰਸਿਜ਼ ਕੀਤੀਆਂ ਗਈਆਂ ਹਨ।

ਪੰਜਾਬ ਰਾਜ ਸੂਚਨਾ ਆਯੋਗ ਦਾ ਗਠਨ 11 ਅਕਤੂਬਰ 2005 ਨੂੰ ਕੀਤਾ ਗਿਆ। ਇਸ ਆਯੋਗ ਸਾਲਾਨਾ ਰਿਪੋਰਟ ਅਨੁਸਾਰ ਆਯੋਗ ਕੋਲ ਅਜੇ ਵੀ 4101 ਦਰਖਾਸਤਾਂ ਅਤੇ ਅਪੀਲਾਂ ਬਕਾਇਆ ਪਈਆਂ ਹਨ, ਜਿਨ੍ਹਾਂ ਦੀ ਗਿਣਤੀ ਵਿੱਚ ਆਏ ਸਾਲ ਵਾਧਾ ਹੋ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਆਯੋਗ ਕੋਲ ਸਾਲ ਦੇ ਸ਼ੁਰੂ ਵਿੱਚ 4724 ਮਾਮਲੇ ਬਕਾਇਆ ਸਨ ਅਤੇ ਸਾਲ ਵਿੱਚ ਕੁੱਲ 7219 ਸਿਕਾਇਤਾਂ ਆਈਆਂ ਹਨ ਅਤੇ ਇਸ ਸਾਲ ਦੌਰਾਨ ਕੁੱਲ 7842 ਦਰਖਾਸਤਾਂ ਦਾ ਨਿਪਟਾਰਾ ਕੀਤਾ ਗਿਆ ਹੈ। ਇਸ ਆਯੋਗ ਦੀ ਰਿਪੋਰਟ ਅਨੁਸਾਰ ਸਾਲ 2018 ਵਿੱਚ ਆਯੋਗ ਕੋਲ 8009 ਦਰਖਾਸਤਾਂ ਸਨ ਜਿਨ੍ਹਾਂ ਵਿੱਚੋਂ 5527 ਦਾ ਨਿਪਟਾਰਾ ਕੀਤਾ ਗਿਆ ਅਤੇ 2482 ਸਿਕਾਇਤਾਂ ਬਕਾਇਆ ਸਨ, ਸਾਲ 2019 ਵਿੱਚ ਆਯੋਗ ਕੋਲ 8277 ਦਰਖਾਸਤਾਂ ਸਨ, ਜਿਨ੍ਹਾਂ ਵਿੱਚੋਂ 5859 ਦਾ ਨਿਪਟਾਰਾ ਕੀਤਾ ਗਿਆ ਅਤੇ 2418 ਸਿਕਾਇਤਾਂ ਬਕਾਇਆ ਸਨ, ਸਾਲ 2020 ਵਿੱਚ ਆਯੋਗ ਕੋਲ 7525 ਦਰਖਾਸਤਾਂ ਸਨ, ਜਿਨ੍ਹਾਂ ਵਿੱਚੋਂ 4066 ਦਾ ਨਿਪਟਾਰਾ ਕੀਤਾ ਗਿਆ ਸੀ ਅਤੇ 3459 ਸ਼ਿਕਾਇਤਾਂ ਬਕਾਇਆ ਸਨ, ਸਾਲ 2021 ਵਿੱਚ ਆਯੋਗ ਕੋਲ 10539 ਦਰਖਾਸਤਾਂ ਸਨ, ਜਿਨ੍ਹਾਂ ਵਿੱਚੋਂ 5815 ਦਾ ਨਿਪਟਾਰਾ ਕੀਤਾ ਗਿਆ ਅਤੇ 4724 ਸ਼ਿਕਾਇਤਾਂ ਬਕਾਇਆ ਸਨ। ਹਰ ਸਾਲ ਹਜ਼ਾਰਾਂ ਦਰਖਾਸਤਾਂ ਅਤੇ ਅਪੀਲਾਂ ਸਟੇਟ ਇਨਫਾਰਮੇਸ਼ਨ ਕਮਿਸ਼ਨ ਕੋਲ ਪਹੁੰਚਦੀਆਂ ਹਨ ਅਤੇ ਹਰ ਸਾਲ ਕਾਫੀ ਪੈਂਡਿਗ ਰਹਿ ਜਾਂਦੀਆਂ ਹਨ। ਇਸ ਸਾਲ ਦੌਰਾਨ 155 ਮਾਮਲਿਆਂ ਵਿੱਚ 1451000/- ਰੁਪਏ ਜੁਰਮਾਨਾ ਲਗਾਇਆ ਗਿਆ ਅਤੇ 129 ਮਾਮਲਿਆਂ ਵਿੱਚ 843000 ਰੁਪਏ ਮੁਆਵਜ਼ਾ ਦਿੱਤਾ ਗਿਆ। ਇਸ ਐਕਟ ਅਨੁਸਾਰ ਹਰ ਜਨਤਕ ਅਦਾਰੇ ਨੂੰ ਆਪਣੀ ਜਾਣਕਾਰੀ ਜਨਤਕ ਕਰਨੀ ਜ਼ਰੂਰੀ ਹੈ, ਤਾਂ ਜੋ ਇਹ ਜਾਣਕਾਰੀ ਕੋਈ ਵੀ ਨਾਗਰਿਕ ਬਿਨਾਂ ਕਿਸੇ ਦੇਰੀ ਦੇ ਪ੍ਰਾਪਤ ਕਰ ਸਕੇ। ਆਰ ਟੀ ਆਈ ਨੇ ਨਾਗਰਿਕਾਂ ਵਿਸ਼ੇਸ਼ ਤੌਰ 'ਤੇ ਸਮਾਜਿਕ ਆਰਥਿਕ ਤੌਰ 'ਤੇ ਪੱਛੜੇ ਲੋਕਾਂ ਨੂੰ ਜਨਤਕ ਅਧਿਕਾਰੀਆਂ ਤੋਂ ਜਵਾਬਦੇਹੀ ਦੀ ਮੰਗ ਕਰਨ ਦਾ ਇੱਕ ਸਾਧਨ ਦਿੱਤਾ ਹੈ। ਕਿਸਾਨਾਂ, ਮਜ਼ਦੂਰਾਂ ਅਤੇ ਪੇਂਡੂ ਨਾਗਰਿਕਾਂ ਨੇ ਅਕਸਰ ਜ਼ਮੀਨੀ ਰਿਕਾਰਡਾਂ, ਰੁਜ਼ਗਾਰ ਯੋਜਨਾਵਾਂ ਅਤੇ ਹੋਰ ਸਰਕਾਰੀ ਸੇਵਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਰ ਟੀ ਆਈ ਦੀ ਵਰਤੋਂ ਕੀਤੀ ਹੈ, ਤਾਂ ਜੋ ਉਨ੍ਹਾਂ ਦੇ ਹੱਕ ਯਕੀਨੀ ਬਣਾਏ ਜਾ ਸਕਣ। ਪਿਛਲੇ ਸਾਲਾਂ ਵਿੱਚ ਆਰਟੀਆਈ ਐਕਟ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਚਿੰਤਾਵਾਂ ਪੈਦਾ ਹੋਈਆਂ ਹਨ। ਸਾਲ 2019 ਵਿੱਚ ਕੀਤੇ ਗਏ ਸੋਧਾਂ ਨੇ ਸੂਚਨਾ ਕਮਿਸ਼ਨਰਾਂ ਦੀ ਨਿਯੁਕਤੀ ਅਤੇ ਤਨਖਾਹਾਂ ਦੀਆਂ ਸ਼ਰਤਾਂ ਨੂੰ ਬਦਲ ਦਿੱਤਾ, ਜਿਸ ਨੂੰ ਬਹੁਤ ਸਾਰੇ ਆਰ ਟੀ ਆਈ ਕਾਰਕੁਨ ਉਨ੍ਹਾਂ ਦੀ ਆਜ਼ਾਦੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਵਜੋਂ ਦੇਖਦੇ ਹਨ। ਸੂਚਨਾ ਦੇ ਅਧਿਕਾਰ ਅਧੀਨ ਸੂਚਨਾ ਪ੍ਰਾਪਤ ਕਰਤਾ ਨੂੰ ਨਿਸ਼ਚਿਤ ਸਮੇਂ ਵਿੱਚ ਸੂਚਨਾ ਦੇਣੀ ਪੈਂਦੀ ਹੈ, ਪਰ ਹਰ ਸਾਲ ਸੂਚਨਾ ਪ੍ਰਾਪਤੀ ਲਈ ਬਕਾਇਆ ਸ਼ਿਕਾਇਤਾਂ ਅਤੇ ਅਪੀਲਾਂ ਦੀ ਗਿਣਤੀ ਦੇਖ ਕੇ ਲੱਗਦਾ ਹੈ ਕਿ ਲੋਕਾਂ ਨੂੰ ਸਹੀ ਸਮੇਂ 'ਤੇ ਸੂਚਨਾ ਪ੍ਰਾਪਤ ਨਹੀਂ ਹੋ ਰਹੀ ਹੈ ਅਤੇ ਬਕਾਇਆ ਅਪੀਲਾਂ ਅਤੇ ਦਰਖਾਸਤਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਅਤੇ ਸੂਚਨਾ ਮੰਗਣ ਵਾਲਿਆਂ ਨੂੰ ਧਮਕਾਇਆ ਜਾ ਰਿਹਾ ਹੈ ਅਤੇ ਕਈ ਵਾਰ ਹਮਲੇ ਵੀ ਕੀਤੇ ਜਾ ਰਹੇ ਹਨ, ਜੋ ਕਿ ਇਸ ਅਧਿਕਾਰ ਅਤੇ ਦੇਸ਼ ਲਈ ਖਤਰਨਾਕ ਹੈ। ਪਾਰਦਾਰਸ਼ਿਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਿਤ ਕਰਨ ਵਿੱਚ ਆਰ ਟੀ ਆਈ ਦੀ ਨਿਰੰਤਰ ਸਫਲਤਾ ਨੂੰ ਯਕੀਨੀ ਬਣਾਉਣ ਲਈ ਕਈ ਸੁਧਾਰ ਕੀਤੇ ਜਾਣ ਦੀ ਲੋੜ ਹੈ।

# ਸੰਪਰਕ : 94175-63054

# ਵਾਸਤੂ ਸ਼ਾਸਤਰ ਇੱਕ ਅੰਧ-ਵਿਸ਼ਵਾਸ

ਮਾਸਟਰ ਪਰਮ ਵੇਦ

ਵਾਸਤੂ ਸ਼ਾਸਤਰ ਪੁਰਾਤਨ ਭਾਰਤੀ ਗਿਆਨ ਦੀ ਉਹ ਸ਼ਾਖਾ ਹੈ, ਜੋ ਇਹ ਦੱਸਦੀ ਹੈ ਕਿ ਇਮਾਰਤਾਂ ਦੀ ਉਸਾਰੀ ਕਿਹੜੇ ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ।ਹਰ ਨਿਯਮ ਦੇ ਨਾਲ ਕੋਈ ਨਾ ਕੋਈ ਅੰਧ-ਵਿਸ਼ਵਾਸ ਜੋੜਿਆ ਗਿਆ ਹੈ।ਘਰ ਦੇ ਦਰਵਾਜ਼ੇ, ਸੌਣ ਵਾਲੇ ਕਮਰੇ, ਰਸੋਈ,ਬਾਥਰੂਮ, ਪਖਾਨੇ, ਅਲਮਾਰੀਆਂ ਆਦਿ ਕਿਹੜੀ ਦਿਸ਼ਾ ਵਿੱਚ ਹੋਣ।ਅਜਿਹੇ ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਘਰ ਵਿੱਚ ਕਲੇਸ਼, ਪੈਸੇ ਧੇਲੇ ਦੀ ਕਮੀ, ਬਿਮਾਰੀ ਆਦਿ ਦੇ ਅੰਧ-ਵਿਸ਼ਵਾਸ ਜੋੜੇ ਗਏ ਹਨ ।ਵਾਸਤੂ ਦਾ ਭਾਵ ਵਾਸ ਹੁੰਦਾ ਹੈ, ਜਿਸ ਦਾ ਅਰਥ ਹੈ ਰਿਹਾਇਸ਼ ।ਵਾਸਤੂ ਪ੍ਰਚੀਨ ਭਾਰਤੀਆਂ ਦੀ ਇਮਾਰਤਸਾਜ਼ੀ ਕਲਾ ਦਾ ਨਾਂਅ ਹੈ ।ਸਾਡੇ ਪੁਰਖਿਆਂ ਨੇ ਆਪਣੇ ਦਿਮਾਗਾਂ ਦੀ ਵਰਤੋਂ ਕਰਦਿਆਂ ਮੰਦਰ ਦੇ ਗੁੰਬਦ, ਮੀਨਾਰ, ਸ਼ਾਹੀ ਮਹਿਲ, ਕਿਲ੍ਹੇ, ਹਵੇਲੀਆਂ ਅਦਭੁੱਤ ਢੰਗ ਨਾਲ ਬਣਾਏ ਹਨ ਤੇ ਮੀਨਾਕਾਰੀ ਵੀ ਕਮਾਲ ਦੀ ਕੀਤੀ ਹੈ।ਅੱਜ ਨਾ ਸਿਰਫ ਅਨਪੜ੍ਹ ਲੋਕ ਸਗੋਂ ਜ਼ਿਆਦਾ ਪੜ੍ਹੇ-ਲਿਖੇ ਤੇ ਅਮੀਰ ਲੋਕ ਵਾਸਤੂ ਸ਼ਾਸਤਰ ਦੇ ਅੰਧ-ਵਿਸ਼ਵਾਸ ਦੇ ਜਾਲ ਵਿੱਚ ਫਸੇ ਹੋਏ ਹਨ।ਵਾਸਤੂ ਸ਼ਾਸਤਰ ਉੱਪਰ ਅਨੇਕਾਂ ਕਿਤਾਬਾਂ ਤੇ ਲੇਖ ਲਿਖੇ ਜਾ ਚੁੱਕੇ ਹਨ, ਹਜ਼ਾਰਾਂ ਹੀ ਵੈੱਬਸਾਈਟਾਂ ਉਪਲੱਬਧ ਹਨ।ਕਈ ਵਹਿਮੀ ਲੋਕ ਅਜਿਹੇ ਵੀ ਹਨ, ਜਿਹੜੇ ਆਪਣੇ ਘਰ ਦਾ ਢਾਂਚਾ ਬਦਲਣ ਵਿੱਚ ਏਨਾ ਖਰਚ ਕਰ ਦਿੰਦੇ ਹਨ ਕਿ ਉਸ ਪੈਸੇ ਵਿੱਚ ਇਕ ਨਵਾਂ ਮਕਾਨ ਬਣ ਸਕਦਾ ਹੈ।ਵੇਖਿਆ ਜਾਵੇ ਦੁੱਖ, ਸੁੱਖ, ਨਫਾ, ਨੁਕਸਾਨ ਵਗੈਰਾ ਜ਼ਿੰਦਗੀ ਦਾ ਹਿੱਸਾ ਹਨ ।ਮਕਾਨ ਦੇ ਕੰਧਾਂ, ਕੌਲੇ ਢਾਹੁਣ ਨਾਲ ਕਿਸਮਤ ਨਹੀ ਬਦਲਦੀ ।ਵਾਸਤੂ ਸ਼ਾਸਤਰ ਜੇ ਹਰ ਮਰਜ਼ ਦੀ ਦਵਾਈ ਹੁੰਦਾ ਤਾਂ ਸੰਸਾਰ ਵਿੱਚ ਨਾ ਕੋਈ ਬਿਮਾਰ ਹੁੰਦਾ, ਨਾ ਕੋਈ ਮਰਦਾ।ਨਵਾਂ ਘਰ ਬਣਾਉਣ ਤੋਂ ਪਹਿਲਾਂ ਆਰਕੀਟੈਕਟ ਦੀ ਸਲਾਹ ਲੈਣੀ ਚੰਗੀ ਹੈ, ਪਰ ਘਰ ਨੂੰ ਵਾਸਤੂ ਸ਼ਾਸਤਰ ਦੇ ਹਿਸਾਬ ਨਾਲ ਤੁੜਵਾਉਣਾ ਅਕਲਮੰਦੀ ਨਹੀਂ ।ਵਾਸਤੂ ਸ਼ਾਸਤਰ ਵਿੱਚ ਦਰਜ ਹੈ ਕਿ ਜੇ ਘਰ ਅੱਗੇ ਖੰਭਾ ਹੈ ਤਾਂ ਮਾਲਕ ਮਾੜੀ ਨੀਅਤ ਦਾ ਹੈ ।ਖੰਭਾ ਰਾਹ ਵਿੱਚ ਰੁਕਾਵਟ ਤਾਂ ਹੋ ਸਕਦਾ, ਪਰ ਮਾਲਕ ਨਾਲ ਕੀ ਸੰਬੰਧ ? ਜੇ ਘਰ ਟੀ ਪੁਆਇੰਟ 'ਤੇ ਹੈ ਤਾਂ ਘਰ ਦੇ ਮਾਲਕ ਦੀਆਂ ਦੋ ਪਤਨੀਆਂ ਹੋਣਗੀਆਂ ।ਇਹੋ ਜਿਹੀਆਂ ਕਈ ਬੇਤੁਕੀਆਂ ਗੱਲਾਂ ਵਾਸਤੂ ਸ਼ਾਸਤਰ ਵਿੱਚ ਦਰਜ ਹਨ, ਜੋ ਤਰਕ ਦੀ ਕਸੌਟੀ 'ਤੇ ਸਹੀ ਨਹੀਂ ਉਤਰਦੀਆਂ ।

ਫਰਜ਼ ਕਰੋ ਜੇ ਕਿਸੇ ਦਾ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਹੋਵੇ ਤੇ ਕੀ ਵਾਸਤੂ ਸ਼ਾਸਤਰ ਅਧੀਨ ਬਣਿਆ ਕਮਰਾ ਉਸ ਨੂੰ ਪਾਸ ਕਰਾ ਦੇਵੇਗਾ। ਜੇ ਔਰਤ ਤੇ ਮਰਦ ਦੀ ਆਪਸ ਵਿਚ ਨਾ ਬਣਦੀ ਹੋਵੇ ਤਾਂ ਵਾਸਤੂ ਸ਼ਾਸਤਰ ਅਨੁਸਾਰ ਬਣਿਆ ਕਮਰਾ ਉਨ੍ਹਾਂ ਦੀ ਸਹਿਮਤੀ ਕਰਾ ਦੇਵੇਗਾ।ਕਈ ਥਾਂ ਆਪਾ-ਵਿਰੋਧੀ ਗੱਲਾਂ ਵੀ ਹਨ।ਵਾਸਤੂ ਸ਼ਾਸਤਰ ਦੇ ਮਾਹਰ ਕਹਿੰਦੇ ਹਨ ਕਿ ਭਾਰਤ ਦੇ ਮੰਦੇ ਹਾਲ ਦਾ ਕਾਰਨ ਇਸ ਦੇ ਉਤਰ ਵਿੱਚ ਹਿਮਾਲਾ ਪਰਬਤ ਹੈ, ਜਿਸ ਕਰਕੇ ਬੇਰੁਜ਼ਗਾਰੀ, ਗਰੀਬੀ, ਭੁੱਖਮਰੀ, ਕੰਗਾਲੀ, ਰਿਸ਼ਵਤ ਲਈ ਹਿਮਾਲਾ ਪਰਬਤ ਦੋਸ਼ੀ ਹੈ ।ਇਨ੍ਹਾਂ ਨੂੰ ਪੁੱਛਿਆ ਜਾਵੇ ਜਦੋਂ ਭਾਰਤ ਸੋਨੇ ਦੀ ਚਿੜੀ ਸੀ, ਉਦੋਂ ਹਿਮਾਲਾ ਪਰਬਤ ਕਿਥੇ ਸੀ।

ਸੰਸਦ ਭਵਨ ਵੀ ਵਾਸਤੂ ਸ਼ਾਸਤਰ ਅਨੁਸਾਰ ਬਣਾਇਆ ਗਿਆ ਹੈ।ਕੀ ਭਾਰਤ ਵਿੱਚੋਂ ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਖ਼ਤਮ ਹੋ ਗਿਆ ਹੈ? ਮੁਸ਼ਕਲਾਂ ਤਾਂ ਸਾਨੂੰ ਸੰਸਦ ਵਿੱਚ ਬੈਠੇ ਮੈਂਬਰਾਂ ਤੋਂ ਹਨ, ਜੋ ਸਾਡੀਆਂ ਮੁਸ਼ਕਲਾਂ ਦਾ ਹੱਲ ਨਹੀਂ ਕਰਦੇ। 1979 ਵਿੱਚ ਵਾਸਤੂ ਸ਼ਾਸਤਰ ਦੇ ਮਾਹਰ ਇਕ ਐੱਮ ਪੀ ਨੇ ਬਹੁ-ਮੰਜ਼ਲੀ ਇਮਾਰਤ ਵਾਸਤੂ ਸ਼ਾਸਤਰਾਂ ਦੇ ਨਿਯਮਾਂ ਅਨੁਸਾਰ ਬਣਾਈ, ਜਿਹੜੀ ਦੋ ਸਾਲਾਂ ਦੇ ਵਿੱਚ ਡਿੱਗ ਪਈ।ਅਸਲ ਵਿੱਚ ਦਿਸ਼ਾਵਾਂ ਮਾੜੀਆਂ ਨਹੀਂ ਹੁੰਦੀਆਂ, ਸਗੋਂ ਮਾੜੀਆਂ ਤਾਂ ਸਰਕਾਰਾਂ ਹੁੰਦੀਆਂ ਹਨ, ਜਿਹੜੀਆਂ ਲੋਕਾਂ ਨੂੰ ਅੰਧ-ਵਿਸ਼ਵਾਸ ਦੇ ਜਾਲ ਵਿੱਚ ਪਾਉਣ ਲਈ ਟੀ ਵੀ ਚੈਨਲਾਂ ਤੇ ਪ੍ਰਿੰਟ ਮੀਡੀਆ ਨੂੰ ਉਤਸ਼ਾਹਿਤ ਤੇ ਮਦਦ ਕਰਦੀਆਂ ਹਨ।ਦੇਸ਼ ਦੇ ਬਹੁਤ ਸਾਰੇ ਨੇਤਾ ਜਦੋਂ ਨਵੇਂ ਗ੍ਰਹਿ ਜਾਂ ਦਫਤਰ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਉਸ ਵੇਲੇ ਜੋਤਸ਼ੀਆਂ ਤੇ ਵਸਤੂ ਮਾਹਰਾਂ ਦੀਆਂ ਸਲਾਹਾਂ ਲੈ ਕੇ ਇਮਾਰਤਾਂ ਦੀ ਤੋੜ-ਭੰਨ ਕਰਵਾਉਂਦੇ ਹਨ । ਇਹ ਗੱਲ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਮਕਾਨ ਵਿੱਚ ਹਵਾ ਤੇ ਧੁੱਪ ਆਉਣੀ ਚਾਹੀਦੀ ਹੈ, ਖਾਸ ਕਰਕੇ ਰਸੋਈ ਉਥੇ ਬਣਾਈ ਜਾਂਦੀ ਹੈ, ਜਿੱਥੇ ਢੁਕਵੀਂ ਧੁੱਪ ਆ ਸਕੇ, ਤਾਂ ਜੋ ਇਹ ਜਰਮ ਰਹਿਤ ਰਹੇ ।ਸ਼ੁਭ-ਅਸ਼ੁੱਭ ਵਾਲੀ ਕੋਈ ਗੱਲ ਨਹੀਂ । ਮੇਰੇ ਇੱਕ ਸ਼ਾਗਿਰਦ ਨੇ ਅਜਿਹਾ ਪਲਾਟ ਲਿਆ ਜੋ ਚੌਰਸ ਨਹੀਂ ਸੀ, ਭਾਵ ਗੁਣੀਏ ਵਿੱਚ ਨਹੀਂ ਸੀ, ਪਲਾਟ ਬਹੁਤ ਸਸਤਾ ਮਿਲ ਗਿਆ, ਕਿਉਂਕਿ ਹਰ ਕੋਈ ਉਸ ਦਾ ਖ਼ਰੀਦਦਾਰ ਨਹੀਂ ਸੀ।ਗੁਣੀਏ ਵਿਚ ਨਾ ਹੋਣ ਕਾਰਨ ਇਸ ਨੂੰ ਅਸ਼ੁਭ ਮੰਨਦੇ ਸਨ ।ਮਕਾਨ ਬਣਾਉਣ ਤੋਂ ਬਾਅਦ ਉਸ ਨੇ ਮੇਰਾ ਧੰਨਵਾਦ ਕਰਦਿਆਂ ਦੱਸਿਆ ਕਿ ਮੈਂ ਅਜਿਹਾ ਪਲਾਟ ਲਿਆ, ਜਿਸ ਨੂੰ ਲੋਕ ਅਸ਼ੁੱਭ ਮੰਨਦੇ ਸਨ, ਪਰ ਮੇਰੇ 'ਤੇ ਤੁਹਾਡੀ ਸਿੱਖਿਆ ਦਾ ਡੂੰਘਾ ਪ੍ਰਭਾਵ ਸੀ ਤੇ ਮੈਂ ਉਹ ਪਲਾਟ ਸਸਤਾ ਮਿਲਣ ਕਰਕੇ ਖ਼ਰੀਦ ਲਿਆ ਤੇ ਆਰਕੀਟੈਕਟ ਨੇ ਪਲਾਟ ਦੀ ਕਾਣ ਨੂੰ ਬਹੁਤ ਸਿਆਣਪ ਨਾਲ ਵਰਤੋਂ ਵਿੱਚ ਲਿਆ ਕੇ ਆਮ ਬੰਦੇ ਦੀ ਨਿਗਾਹ ਤੋਂ ਦੂਰ ਕਰ ਦਿੱਤਾ । ਸਾਰੇ ਆਂਢੀ-ਗੁਆਂਢੀ ਤੇ ਰਿਸ਼ਤੇਦਾਰ ਮੇਰੀ ਸ਼ਲਾਘਾ ਕਰਦੇ ਹਨ । ਭਾਵ ਸ਼ੁਭ-ਅਸ਼ੁੱਭ ਕੁਝ ਨਹੀਂ ਹੁੰਦਾ।ਬਹੁਤ ਸਾਰੇ ਲੀਡਰ ਪਾਖੰਡੀ ਸਾਧਾਂ-ਸੰਤਾਂ ਤਾਂਤਰਿਕਾਂ, ਜੋਤਸ਼ੀਆਂ, ਦੇ ਅੱਡਿਆਂ 'ਤੇ ਜਾ ਕੇ ਆਮ ਜਨਤਾ ਨੂੰ ਵੀ ਵਹਿਮਾਂ ਭਰਮਾਂ ਦੀ ਦਲਦਲ ਵਿੱਚ ਫਸਾ ਰਹੇ ਹਨ।

ਪਿਆਰੇ ਤੇ ਸਤਿਕਾਰਤ ਲੋਕੋ, ਸਮਝਦਾਰੀ ਤੋਂ ਕੰਮ ਲਵੋ, ਵਿਗਿਆਨਕ ਸੋਚ ਅਪਣਾਉ ਤੇ ਅਜਿਹੇ ਵਾਸਤੂ ਸ਼ਾਸਤਰਾਂ ਦੇ ਚੱਕਰਾਂ ਵਿੱਚ ਨਾ ਪਵੋ, ਸਗੋਂ ਲੋਕਾਂ ਨੂੰ ਜਾਗਰੂਕ ਕਰੋ । ਵਿਗਿਆਨਕ ਸੋਚ ਹੀ ਸਮੇਂ ਦੀ ਮੁੱਖ ਲੋੜ ਹੈ, ਇਹ ਹੀ ਸਾਨੂੰ ਕਈ ਸਮੱਸਿਆਵਾਂ ਤੇ ਬਿਮਾਰੀਆਂ ਤੋਂ ਬਚਾ ਸਕਦੀ ਹੈ ਤੇ ਸਾਨੂੰ ਕਾਫੀ ਲਾਭ ਪਹੁੰਚਾ ਸਕਦੀ ਹੈ।

# ਸੰਪਰਕ : 94174-22349

# ਸੀ ਪੀ ਆਈ ਮਹਾਂ-ਸੰਮੇਲਨ ਦੇ ਸਨਮੁੱਖ

ਜਗਰੂਪ

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਆਪਣੀ ਸਥਾਪਨਾ ਦੇ 100ਵੇਂ ਵਰ੍ਹੇ ਵਿੱਚ ਆਪਣਾ ਕੌਮੀ ਮਹਾਂ-ਸੰਮੇਲਨ ਪੰਜਾਬ (ਚੰਡੀਗੜ੍ਹ) ਵਿਖੇ 21 ਤੋਂ 25 ਸਤੰਬਰ ਨੂੰ ਕਰਨ ਜਾ ਰਹੀ ਹੈ ।

ਇਸ ਸੰਬੰਧ ਵਿੱਚ ਸੀ ਪੀ ਆਈ ਦਾ ਪੰਜਾਬ ਯੂਨਿਟ ਵੱਖ-ਵੱਖ ਰੂਪ ਵਿੱਚ ਸਰਗਰਮੀਆਂ ਕਰ ਰਿਹਾ ਹੈ ।

ਇਸ ਵਿੱਚ ਤਕਰੀਬਨ 1000 ਡੈਲੀਗੇਟ ਭਾਗ ਲੈਣਗੇ। ਉਹਨਾਂ ਦੀ ਰਿਹਾਇਸ਼, ਪ੍ਰਾਹੁਣਚਾਰੀ, ਖਾਣਾ ਆਦਿ, ਕਾਨਫਰੰਸ ਹਾਲ ਦੀ ਸਜਾਵਟ ਸਹੂਲਤ ਅਤੇ ਪਹਿਲੇ ਦਿਨ 21 ਸਤੰਬਰ ਨੂੰ ਮੋਹਾਲੀ ਵਿਖੇ ਆਯੋਜਤ ਕੀਤੀ ਜਾ ਰਹੀ ਰੈਲੀ ਲਈ ਫੰਡ ਮੁਹਿੰਮ ਚੱਲ ਰਹੀ ਹੈ।ਲਾਲ ਝੰਡੇ ਦੇ ਪ੍ਰੇਮੀਆਂ ਵੱਲੋਂ, ਪਾਰਟੀ ਵਰਕਰਾਂ ਵੱਲੋਂ ਮਿਲ ਰਹੇ ਹੁੰਗਾਰੇ ਦੀਆਂ ਉਤਸ਼ਾਹਜਨਕ ਰਿਪੋਰਟਾਂ ਹਨ ।

**ਪੰਜਾਬ ਵਾਸੀ ਖੁੱਲ੍ਹੇ ਦਿਲ ਨਾਲ ਮਦਦ ਕਰ ਰਹੇ ਹਨ।**

**ਪੰਜਾਬ ਮੁੱਦਿਆਂ 'ਤੇ ਸੈਮੀਨਾਰ**

ਪੰਜਾਬ ਦੇ ਹਰ ਕੋਨੇ ਵਿੱਚ ਪੰਜ ਸੈਮੀਨਾਰ ਪੰਜਾਬ ਦੇ ਭਖਦੇ ਮੁੱਦਿਆਂ ਉੱਪਰ ਕੀਤੇ ਗਏ ਹਨ :

1. ਬਠਿੰਡਾ, ਵਿਸ਼ਾ : ਪੰਜਾਬ, ਪੰਜਾਬੀ ਅਤੇ ਪੰਜਾਬੀਅਤ ।
2. ਮੋਗਾ, ਵਿਸ਼ਾ : ਬੇਰੁਜ਼ਗਾਰੀ: ਸਮੱਸਿਆ ਤੇ ਹੱਲ
3. ਅੰਮ੍ਰਿਤਸਰ, ਵਿਸ਼ਾ: ਔਰਤਾਂ ਦਾ ਰੋਲ 4) ਪਟਿਆਲਾ, ਵਿਸ਼ਾ : ਲੋਕਤੰਤਰ ਅਤੇ ਸੰਵਿਧਾਨ ਨੂੰ ਉਤਪੰਨ ਖਤਰੇ
5. ਲੁਧਿਆਣਾ, ਵਿਸ਼ਾ : ਖੇਤੀਬਾੜੀ ਤੇ ਵਾਤਾਵਰਣ ਸੰਕਟ ।

ਇਹ ਸੈਮੀਨਾਰ ਸਫਲਤਾ-ਪੂਰਵਕ ਬੁੱਧੀਜੀਵੀਆਂ ਦੀ ਸ਼ਮੂਲੀਅਤ ਨਾਲ ਨੇਪਰੇ ਚੜ੍ਹੇ ਹਨ । ਮੀਡੀਏ ਵਿਚ ਇਸ ਨੂੰ ਥਾਂ ਮਿਲੀ ਹੈ।

**ਚੇਤਨਾ ਜਥੇ ਮਾਰਚ**

25ਵੇਂ ਮਹਾਂ-ਸੰਮੇਲਨ ਸੀ ਪੀ ਆਈ, ਸਥਾਨ ਕਿਸਾਨ ਭਵਨ ਚੰਡੀਗੜ੍ਹ, ਮਿਤੀ 21 ਤੋਂ 25 ਸਤੰਬਰ ਦੀ ਤਿਆਰੀ ਲਈ ਬਣੀ ਸਵਾਗਤੀ ਕਮੇਟੀ ਦੇ ਚੇਅਰਮੈਨ ਡਾ. ਸਵਰਾਜ ਬੀਰ ਜੀ ਸਾਬਕਾ ਸੰਪਾਦਕ ਪੰਜਾਬੀ ਟ੍ਰਿਬਿਊਨ ਅਤੇ ਜਨਰਲ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਹੁਰਾਂ ਦੀ ਅਗਵਾਈ ਵਿੱਚ ਕਮੇਟੀ ਨੇ ਪੂਰੇ ਪੰਜਾਬ ਵਿੱਚੋਂ ਲੰਘਦੇ ਤਿੰਨ ਚੇਤਨਾ ਜਥੇ ਤੋਰਨ ਦਾ ਫੈਸਲਾ ਲਿਆ, ਜੋ 21 ਤੋਂ 27 ਅਗਸਤ ਤੱਕ ਮਹੱਤਵਪੂਰਨ ਸਥਾਨਾਂ 'ਤੇ ਨਤਮਸਤਕ ਹੁੰਦੇ, ਲੋਕਾਂ ਨੂੰ ਪਾਰਟੀ ਸੁਨੇਹਾ ਦਿੰਦੇ, ਚੰਡੀਗੜ੍ਹ ਪੁੱਜਣਗੇ ।

1. ਇਹ ਜਥਾ ਦੇਸ਼ ਦੀ ਆਜ਼ਾਦੀ ਲਈ ਗਦਰ ਪਾਰਟੀ ਦੇ ਮਹਾਨ ਰੋਲ ਨੂੰ ਉਜਾਗਰ ਕਰਦਿਆਂ, ਦੇਸ਼ ਭਗਤ ਲਹਿਰ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਜੀ ਦੇ ਜਨਮ ਅਸਥਾਨ ਪਿੰਡ ਭਕਨਾ, ਬਾਬਾ ਜੀ ਦੀ ਯਾਦਗਾਰ ਤੋਂ ਰਵਾਨਾ ਹੋਵੇਗਾ, ਜੋ ਜਲ੍ਹਿਆਂਵਾਲਾ ਬਾਗ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਨਤਮਸਤਕ ਹੁੰਦਾ, ਮਾਝੇ ਤੇ ਦੁਆਬੇ ਖੇਤਰ 'ਚ ਸੁਨੇਹਾ ਦਿੰਦਾ ਮੋਹਾਲੀ-ਚੰਡੀਗੜ੍ਹ ਪੁੱਜੇਗਾ।

2. ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਬੀ ਕੇ ਦੱਤ ਅਤੇ ਮਾਤਾ ਵਿੱਦਿਆਵਤੀ ਦੇ ਯਾਦਗਾਰੀ ਸਥਾਨ ਹੁਸੈਨੀਵਾਲਾ ਤੋਂ ਸਿਜਦਾ ਕਰਕੇ ਜਿਲ੍ਹਾ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਮੋਗਾ ਜ਼ਿਲ੍ਹਿਆਂ ਵਿੱਚੋਂ ਹੁੰਦਾ ਹੋਇਆ ਜ਼ਿਲ੍ਹਾ ਲੁਧਿਆਣਾ; ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਆਦਰਸ਼, ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡ ਸਰਾਭਾ ਵਿਖੇ ਉਨ੍ਹਾਂ ਦੀ ਯਾਦਗਾਰ 'ਤੇ ਨਤਮਸਤਕ ਹੋਵੇਗਾ।

3. ਇਹ ਜਥਾ ਦੇਸ਼ ਦੀ ਆਜ਼ਾਦੀ ਦੇ ਮਤਵਾਲੇ ਆਸ਼ਕ ਰਾਮ ਮੁਹੰਮਦ ਸਿੰਘ ਆਜ਼ਾਦ ; ਸ਼ਹੀਦ ਊਧਮ ਸਿੰਘ ਦੇ ਯਾਦਗਾਰੀ ਸਥਾਨ ਸੁਨਾਮ ਊਧਮ ਸਿੰਘ ਵਾਲਾ ਤੋਂ ਰਵਾਨਾ ਹੋਇਆ ਮਾਨਸਾ, ਬਠਿੰਡਾ, ਬਰਨਾਲਾ, ਸੰਗਰੂਰ, ਪਟਿਆਲਾ, ਮੋਹਾਲੀ ਰਾਹੀਂ ਚੰਡੀਗੜ੍ਹ ਪੁੱਜੇਗਾ। ਇਸ ਤਰ੍ਹਾਂ ਤਿੰਨੋਂ ਜਥੇ ਪੂਰੇ ਪੰਜਾਬ ਵਿੱਚ ਪਾਰਟੀ ਦੀ ਸੌਵੀਂ ਵਰ੍ਹੇਗੰਢ ਅਤੇ ਪਾਰਟੀ ਦੇ ਮਹਾਂ-ਸੰਮੇਲਨ ਦਾ ਸੁਨੇਹਾ ਪੁੱਜਦਾ ਕਰਨਗੇ।

**ਸੁਨੇਹਾ**

ਸੀ ਪੀ ਆਈ 26 ਦਸੰਬਰ 1925 ਨੂੰ ਹੋਂਦ ਵਿੱਚ ਆਈ ਸੀ, ਇਹ ਪੂਰਨ ਆਜ਼ਾਦੀ ਦੇ ਨਾਹਰੇ ਦਾ ਮੁੱਢ ਬੰਨ੍ਹਣ ਵਾਲਿਆਂ ਵਿੱਚੋਂ ਹੈ ।

1936 ਵਿੱਚ ਕਿਸਾਨੀ ਦੇ ਮੁੱਦਿਆਂ 'ਤੇ ਲੜਨ ਲਈ ਕੁਲ ਹਿੰਦ ਕਿਸਾਨ ਸਭਾ ਦਾ ਗਠਨ ਕੀਤਾ। ਇਸੇ ਹੀ ਸਾਲ 1936 ਵਿੱਚ ਕੁਲ ਹਿੰਦ ਵਿਦਿਆਰਥੀ ਫੈਡਰੇਸ਼ਨ ਨੂੰ ਜਥੇਬੰਦ ਕੀਤਾ। ਇਸ ਸਮੇਂ ਦੌਰਾਨ ਮਜ਼ਦੂਰਾਂ, ਕਿਸਾਨਾਂ ਤੇ ਵਿਦਿਆਰਥੀਆਂ ਦਾ ਕੋਈ ਵੀ ਘੋਲ ਨਹੀਂ, ਜਿਸ ਵਿੱਚ ਸੀ ਪੀ ਆਈ ਦੀ ਭੂਮਿਕਾ ਨਾ ਹੋਵੇ। 1947 ਤੱਕ ਦੇਸ਼ ਦੀ ਆਜ਼ਾਦੀ ਪ੍ਰਾਪਤੀ ਲਈ ਅੰਗਰੇਜ਼ਾਂ ਵਿਰੁੱਧ ਅਤੇ ਦੇਸ਼ ਵਿੱਚ ਰਾਜਿਆਂ, ਰਜਵਾੜਿਆਂ ਅਤੇ ਜਗੀਰਦਾਰਾਂ ਵਿਰੁੱਧ ਜਥੇਬੰਦ ਕੀਤੇ ਕਿਸਾਨ ਘੋਲ ਇਤਿਹਾਸ ਦਾ ਹਿੱਸਾ ਹਨ।ਨਿਜ਼ਾਮ ਹੈਦਰਾਬਾਦ ਵਿਰੁੱਧ ਤਿਲੰਗਾਨਾ ਦਾ ਕਿਸਾਨ ਘੋਲ, ਤਿਭਾਗਾ ਅੰਦੋਲਨ ਅਤੇ ਪੈਪਸੂ ਦਾ ਮੁਜ਼ਾਰਾ- ਕਿਸਾਨ ਘੋਲ, ਜਿਸ ਨੇ ਰਾਜੇ, ਰਜਵਾੜਿਆਂ ਅਤੇ ਜਗੀਰਦਾਰਾਂ ਤੋਂ ਮਾਲਕੀ ਹੱਕ ਮੁਜ਼ਾਰਿਆਂ ਨੂੰ ਲੈ ਕੇ ਦੇਣ ਦੇ ਸਫਲ ਘੋਲ ਦੀ ਅਗਵਾਈ ਕੀਤੀ।ਜਿਸ ਸਦਕਾ 784 ਪਿੰਡਾਂ 'ਚ 16 ਲੱਖ ਏਕੜ ਜ਼ਮੀਨ, ਲੱਖਾਂ ਮੁਜ਼ਾਰਿਆਂ ਦੇ ਨਾਂਅ ਚੜ੍ਹੀ।

**ਆਜ਼ਾਦ ਹਿੰਦ ਫੌਜ ਦੇ ਤਿੰਨ ਜਰਨੈਲਾਂ** (ਸ਼ਾਹਨਵਾਜ਼, ਸਹਿਗਲ ਤੇ ਢਿੱਲੋਂ) ਦੇ ਹੱਕ ਵਿੱਚ ਅੰਦੋਲਨ ਖੜ੍ਹਾ ਕਰਨ ਦੀ ਭੂਮਿਕਾ 'ਚ ਏ ਆਈ ਐਸ ਐਫ ਦੇ ਵੱਡੇ ਰੋਲ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਨੇਵੀ ਦੀ ਬਗਾਵਤ (1946) ਵਿਚ ਏ ਆਈ ਐੱਸ ਐੱਫ ਵੱਲੋਂ ਕੀਤੀ ਮਦਦ ਦਾ ਸ਼ਾਨਾਮੱਤਾ ਇਤਿਹਾਸ ਹੈ।

ਦੇਸ਼ ਆਜ਼ਾਦ ਹੋਇਆ, ਸੰਵਿਧਾਨ ਲਾਗੂ ਹੋਇਆ, ਰਾਜਨੀਤਕ ਬਰਾਬਰੀ 21 ਸਾਲ ਦੀ ਉਮਰ ਤੋਂ ਬਿਨਾਂ ਵਿਤਕਰਾ ਹਰ ਇੱਕ ਨੂੰ ਵੋਟ ਦਾ ਹੱਕ ਮਿਲਿਆ ।(ਪਿੱਛੋਂ ਵੋਟ ਦੀ ਉਮਰ ਹੱਦ 18 ਸਾਲ ਕਰਵਾਉਣ ਲਈ ਆਲ ਇੰਡੀਆ ਯੂਥ ਫੈਡਰੇਸ਼ਨ ਅਤੇ ਉਸ ਦੇ ਕੌਮੀ ਆਗੂ ਕਾਮਰੇਡ ਸੀ ਕੇ ਚੰਦਰਾਪਨ ਦਾ ਵੱਡਾ ਯੋਗਦਾਨ ਸੀ) ਜਿਸ ਤਹਿਤ ਸੂਬਾਈ ਅਤੇ ਕੇਂਦਰੀ ਸਰਕਾਰਾਂ ਚੁਣੀਆਂ ਜਾਣ ਲੱਗੀਆਂ । ਪਹਿਲੀਆਂ ਚੋਣਾਂ ਵਿੱਚ ਸੀ ਪੀ ਆਈ ਮੁੱਖ ਵਿਰੋਧੀ ਪਾਰਟੀ ਬਣ ਕੇ ਉੱਭਰੀ। ਕੇਰਲਾ ਸੂਬੇ ਦੇ ਲੋਕਾਂ ਨੇ ਸੀ ਪੀ ਆਈ ਨੂੰ ਜੇਤੂ ਬਣਾਇਆ। ਪਹਿਲੀ ਕਮਿਊਨਿਸਟ ਸਰਕਾਰ ਚੋਣਾਂ ਰਾਹੀਂ ਬਣੀ । ਜ਼ਿੰਦਗੀ ਦੇ ਹਰ ਖੇਤਰ ਵਿੱਚ ਮਜ਼ਦੂਰਾਂ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਔਰਤਾਂ, ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ ਵਿਚ ਕਮਿਊਨਿਸਟ ਵਿਚਾਰਧਾਰਾ ਜੜ੍ਹਾਂ ਜਮਾਉਣ ਲਈ, ਅੱਗੇ ਵਧਣ ਲਗੀ।

**ਲਾਲ ਝੰਡੇ ਨੂੰ ਮਾਰ ਵੱਜੀ**

ਇਤਿਹਾਸ ਤੇ ਇਤਿਹਾਸ ਹੈ, ਇਸ ਵਿੱਚ ਕਿਸੇ ਨੂੰ ਦੋਸ਼ ਦੇਣਾ ਵਾਜਬ ਨਹੀਂ, ਸਗੋਂ ਮੁਲੰਕਣ ਕਰਨਾ ਅਤੇ ਸਬਕ ਲੈਣਾ ਵਾਜਬ ਹੁੰਦਾ ਹੈ। 1964 ਵਿੱਚ ਕਮਿਊਨਿਸਟ ਦੋਫਾੜ ਹੋ ਗਏ। ਇੱਥੇ ਕਮਿਊਨਿਸਟ ਅਸੂਲ ਦਾ ਉਲੰਘਣ ਹੋਇਆ । ਬਹੁ-ਗਿਣਤੀ ਦੇ ਫੈਸਲੇ ਨੂੰ ਘੱਟ-ਗਿਣਤੀ ਨੇ ਪਰਵਾਨ ਕਰਨਾ ਹੁੰਦਾ ਹੈ । ਵਰਨਾ ਕੋਈ ਜਥੇਬੰਦੀ, ਖਾਸ ਤੌਰ 'ਤੇ ਕਮਿਊਨਿਸਟ ਜਥੇਬੰਦੀ ਹੋਂਦ ਗਵਾਉਣ ਦੇ ਰਾਹ ਤੁਰ ਪੈਂਦੀ ਹੈ।ਅਸੀਂ ਹਕੀਕਤ ਹੰਢਾਅ ਰਹੇ ਹਾਂ, ਵੰਡ, ਅੱਗੋਂ ਵੰਡ, ਵੰਡ-ਦਰ-ਵੰਡ ਨੇ, ਇਕ ਅਸੂਲ: (ਇੱਕ ਉਦੇਸ਼ ਲਈ, ਇਕ ਸੰਗਠਨ ਵਿੱਚ, ਬਹੁ-ਗਿਣਤੀ ਦੇ ਫੈਸਲੇ ਨੂੰ ਪ੍ਰਵਾਨ ਕਰਨਾ, ਘੱਟ-ਗਿਣਤੀ ਲਈ ਲਾਜ਼ਮੀ ਹੁੰਦਾ ਹੈ) ਦੇ ਉਲੰਘਣ ਨੇ ਭਾਰਤ ਵਿੱਚ ਕਮਿਊਨਿਸਟ ਅੰਦੋਲਨ ਨੂੰ ਵੰਡ ਕੇ ਰੱਖ ਦਿੱਤਾ ਹੈ ।ਸੀ ਪੀ ਆਈ ਪਹਿਲੇ ਦਿਨੋਂ ਹੀ ਅਜਿਹੀ ਵੰਡ ਨੂੰ ਗੈਰ ਅਸੂਲੀ ਸਮਝਦੀ ਸੀ, ਅੱਜ ਵੀ ਸਮਝਦੀ ਹੈ ਅਤੇ ਸੀ ਪੀ ਆਈ ਲਾਲ ਝੰਡੇ ਦੀ, ਕਮਿਊਨਿਸਟ ਏਕਤਾ ਦੀ ਦਿਲੋਂ ਇੱਛੁਕ ਹੈ ਅਤੇ ਵਾਰ-ਵਾਰ ਸਾਰੀਆਂ ਧਿਰਾਂ ਨੂੰ ਅਪੀਲ ਕਰਦੀ ਹੈ ਕਿ ਆਓ ਏਕਤਾ ਕਰਕੇ ਕਮਿਊਨਿਸਟ ਤਾਕਤ ਨੂੰ ਵੱਡਾ ਕਰੀਏ।

ਬਿਨਾਂ ਸ਼ੱਕ ਲਾਲ ਝੰਡੇ ਦੀ ਸ਼ਕਤੀ ਬਿਖਰੀ ਹੋਣ ਕਰਕੇ ਕਮਜ਼ੋਰ ਹੈ।ਸੀ ਪੀ ਆਈ ਆਪਣੀ ਸ਼ਕਤੀ ਨੂੰ ਸੀਮਤ ਸਮਝਦੀ ਹੈ, ਪਰ ਲੋਕ ਘੋਲਾਂ ਨੂੰ ਪ੍ਰਣਾਲੀ ਹੈ, ਲੋਕ ਮੁੱਦਿਆਂ 'ਤੇ ਆਪਣੀ ਸ਼ਕਤੀ ਅਨੁਸਾਰ ਅਮਲ ਕਰਦੀ ਹੈ। ਜਦੋਂ ਹੀ ਸੀਮਤ ਸ਼ਕਤੀ ਨੂੰ ਵਰਤਣ ਦਾ ਮੌਕਾ ਮਿਲਿਆ ਤਾਂ ਇਸ ਨੇ ਆਪਣੇ ਸਦਾਚਾਰ ਨੂੰ ਉੱਚਾ ਕੀਤਾ ਹੈ ।

ਸੂਬਾ ਪੰਜਾਬ ਵਿੱਚ ਕਮਿਊਨਿਸਟ ਸਰਕਾਰ ਵਿੱਚ ਭਾਈਵਾਲ ਬਣੇ ਕਾਮਰੇਡ ਸਤਪਾਲ ਡਾਂਗ ਕੈਬਨਿਟ ਮੰਤਰੀ ਬਣੇ। ਉਨ੍ਹਾਂ ਨੂੰ ਸਿਵਲ ਸਪਲਾਈ ਮਹਿਕਮਾ ਮਿਲਿਆ। ਉਹਨਾਂ ਕਣਕ ਦੀ ਸਰਕਾਰੀ ਖਰੀਦ ਕੀਤੀ, ਪਹਿਲੀ ਵਾਰ ਕਿਸਾਨ ਨੂੰ ਮੰਡੀਆਂ ਵਿੱਚ ਰੁਲਣ ਤੋਂ ਬਚਾਇਆ, 76 ਰੁਪਏ ਪ੍ਰਤੀ ਕੁਇੰਟਲ ਖਰੀਦ ਕੀਤੀ ਅਤੇ ਲੋਕਾਂ ਨੂੰ ਵਾਜਬ ਰੇਟ ਤੇ ਪਬਲਿਕ ਵੰਡ ਪ੍ਰਣਾਲੀ ਦੇ ਡੀਪੂਆਂ ਰਾਹੀਂ ਵਰਤੋਂ ਦੀਆਂ 14 ਵਸਤਾਂ ਦੇ ਨਾਲ ਕਣਕ ਵੀ ਮੁਹੱਈਆ ਕੀਤੀ। ਜਿਸ ਨਾਲ ਕਿਸਾਨ ਤੇ ਖਪਤਕਾਰ ਦੋਵਾਂ ਨੂੰ ਲਾਭ ਹੋਇਆ।

ਕੇਂਦਰ ਵਿੱਚ ਕਮਿਊਨਿਸਟ ਸਰਕਾਰ ਦਾ ਹਿੱਸਾ ਬਣੇ ਦੇਵ ਗੌੜਾ ਸਰਕਾਰ ਸਮੇਂ ਸੀ ਪੀ ਆਈ ਦੇ ਵੱਡੇ ਆਗੂ ਕਾਮਰੇਡ ਇੰਦਰਜੀਤ ਗੁਪਤ ਗ੍ਰਹਿ ਮੰਤਰੀ ਅਤੇ ਚਤੁਰਾਨਨ ਮਿਸ਼ਰਾ ਖੇਤੀਬਾੜੀ ਮੰਤਰੀ ਬਣੇ।ਇਤਿਹਾਸ ਗਵਾਹ ਹੈ ਲਾਲ ਝੰਡੇ ਦੀ ਏਕਤਾ ਅਤੇ ਮੰਤਰੀਆਂ ਦੇ ਉੱਦਮ ਸਦਕਾ ਪਹਿਲੀ ਵਾਰ ਹੋਇਆ ਕਿ ਦੇਸ਼ ਦੇ ਮੁਲਾਜ਼ਮਾਂ ਨੂੰ 40 ਫੀਸਦੀ ਤਨਖਾਹ ਵਾਧਾ ਮਿਲਿਆ। ਕਿਸਾਨਾਂ ਨੂੰ ਪ੍ਰਤੀ ਸਾਲ ਕਣਕ ਦੀ ਖਰੀਦ ਵਿੱਚ 95 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਮਿਲਿਆ।

ਕੰਸਟਰੱਕਸ਼ਨ ਵਰਕਰਜ਼ ਫੰਡ ਦੀ ਸਥਾਪਨਾ ਕਰਨ ਲਈ, ਉਸਰੀ-ਖਰਚ ਦੀ ਰਕਮ ਦਾ ਇੱਕ ਫੀਸਦੀ ਵਰਕਰਜ਼ ਭਲਾਈ ਫੰਡ ਖਾਤੇ ਜਮ੍ਹਾਂ ਹੋਣਾ ਅਰੰਭ ਕੀਤਾ । ਸੀ ਪੀ ਆਈ ਨੇ ਲੋਕ ਘੋਲਾਂ ਦੇ ਪਿੜ ਮੱਲੀ ਰੱਖੇ।

ਕਾਂਗਰਸ ਦੀ ਯੂ ਪੀ ਏ -1 ਸਰਕਾਰ ਸਮੇਂ ਦਿੱਤੇ ਬਾਹਰੀ ਸਮਰਥਨ ਨਾਲ ਜਦੋਂ ਕਾਨੂੰਨ ਬਣਵਾਉਣ ਦੇ ਸਮਰੱਥ ਬਣੇ ਤਾਂ ਉਨ੍ਹਾਂ ਨੇ ਲੋਕ ਪੱਖ ਪੂਰਿਆ ਹੈ ।ਨਰੇਗਾ-2005, ਆਦਿਵਾਸੀਆ ਦੇ ਹੱਕ ਦਾ ਕਾਨੂੰਨ, ਸੂਚਨਾ ਦਾ ਅਧਿਕਾਰ, ਵਿੱਦਿਆ ਦਾ ਅਧਿਕਾਰ ਆਦਿ ਬਣਨ 'ਚ ਕਮਿਊਨਿਸਟ ਭੂਮਿਕਾ ਇਤਿਹਾਸਕ ਥਾਂ ਰੱਖਦੀ ਹੈ।

ਅੱਜ ਲੋੜਾਂ ਦੀ ਲੋੜ ਬਨੇਗਾ ਪ੍ਰਾਪਤੀ ਮੁਹਿੰਮ : ਹਰ ਇੱਕ ਨੂੰ ਉਸ ਦੀ ਯੋਗਤਾ ਮੁਤਾਬਕ ਕੰਮ ਮਿਲੇ ਅਤੇ ਕੰਮ ਮੁਤਾਬਕ ਉਜਰਤ/ਤਨਖਾਹ ਮਿਲੇ, ਜੇ ਕੰਮ ਨਹੀਂ ਮਿਲਿਆ ਤਾਂ ਕੰਮ ਇੰਤਜ਼ਾਰ ਭੱਤਾ ਮਿਲੇ, ਅਜਿਹੇ ਕਾਨੂੰਨ ਦੀ ਪਾਰਲੀਮੈਂਟ ਵਿਚੋਂ ਪਾਸ ਕਰਵਾਉਣ ਲਈ ਉੱਦਮ ਜਾਰੀ ਹਨ।

ਸੀ ਪੀ ਆਈ ਲਾਲ ਝੰਡੇ ਦੀ ਏਕਤਾ ਰਾਹੀਂ ਕੇਂਦਰ ਦੀ ਬੀ ਜੇ ਪੀ ਵਾਲੀ ਐੱਨ ਡੀ ਏ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ; ਜਿਸ ਵਿੱਚ ਸਮਾਜ ਦੀ ਪਾਟੋਧਾੜ ਕਰਨਾ, ਫਿਰਕੂ ਪਾੜੇ ਦਾ ਜਨੂੰਨ ਪੈਦਾ ਕਰਨਾ, ਸੰਵਿਧਾਨਕ ਅਦਾਰਿਆਂ ਨੂੰ ਵੱਡੇ ਪੂੰਜੀਪਤੀਆਂ ਦੇ ਅਨੁਸਾਰ ਢਾਲਣਾ, ਵੋਟ ਦਾ ਹੱਕ ਸੀਮਤ ਕਰਨਾ ਜਾਂ ਖੋਹ ਲੈਣਾ, ਜ਼ਮੀਨੀ ਅਧਿਕਾਰ ਕਿਸਾਨੀ ਤੋਂ ਕਾਨੂੰਨ ਰਾਹੀਂ ਜਾਂ ਧੱਕੇ ਨਾਲ ਖੋਹ ਕੇ ਕਾਰਪੋਰੇਟਾਂ ਦੇ ਹਵਾਲੇ ਕਰਨਾ, ਆਦਿ ਮੁੱਦਿਆਂ ਉਤੇ ਸਮੁੱਚੇ ਵਿਰੋਧ ਨੂੰ ਇਕੱਠਾ ਕਰਦਿਆਂ, ਇਸ ਦੀ ਰਾਖੀ ਲਈ ਆਧਾਰ ਰੱਖਦੀਆਂ ਸੱਭ ਸਿਆਸੀ, ਲੋਕਤੰਤਰਕ, ਗੈਰ-ਫਿਰਕੂ ਸ਼ਕਤੀਆਂ ਨੂੰ ਇਕਜੁੱਟ ਕਰਨ ਦਾ ਨਿਸ਼ਾਨਾ ਮਿੱਥ ਕੇ ਚੱਲਣ ਦੀ ਧਾਰਨੀ ਹੈ।

ਵਰਤਮਾਨ ਸਮੇਂ ਚੱਲਦੀਆਂ ਸਭ ਮੁਹਿੰਮਾ ਦਾ ਜ਼ਿਕਰ ਸਭ ਬੁਲਾਰੇ ਬਾਖੂਬੀ ਕਰ ਰਹੇ ਹਨ।

25ਵੇਂ ਪਾਰਟੀ ਮਹਾਂ-ਸੰਮੇਲਨ ਦੀ ਸ਼ੁਰੂਆਤੀ ਰੈਲੀ 21 ਸਤੰਬਰ ਜੋ ਮੋਹਾਲੀ ਵਿਖੇ ਕੀਤੀ ਜਾਣੀ ਹੈ, ਉਸ ਵਿੱਚ ਵੱਡੀ ਗਿਣਤੀ ਵਿੱਚ ਪੁੱਜਣ ਦਾ ਸੱਦਾ ਵਿਸ਼ੇਸ਼ ਉਚੇਚ ਨਾਲ ਦੇਣਾ ਬਣਦਾ ਹੈ।

# ਸੰਪਰਕ : 94174-09216

# ਜਥੇ ਦਾ ਜਲਾਲਾਬਾਦ ਪੁੱਜਣ 'ਤੇ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਸਵਾਗਤ

## ਸੀਪੀਆਈ ਨੇ ਦੇਸ਼ ਨੂੰ ਨਾਮਵਾਰ ਲੀਡਰ ਦਿੱਤੇ, ਜਿਨ੍ਹਾਂ ਨੇ ਦੇਸ਼ ਦੀ ਪਾਰਲੀਮੈਂਟ ਤੇ ਅਸੈਂਬਲੀਆਂ 'ਚ ਲੋਕਾਂ ਲਈ ਅਹਿਮ ਕਾਨੂੰਨ ਬਣਵਾਏ : ਮਹੇਸ਼ਰੀ, ਗੋਲਡਨ



**ਜਲਾਲਾਬਾਦ (ਜੰਗੀਰ ਕੌਰ ਫਲੀਆਂਵਾਲਾ, ਜੀਤ ਕੁਮਾਰ)**-ਚੰਡੀਗੜ੍ਹ ਵਿਖੇ 21 ਸਤੰਬਰ ਤੋਂ 25 ਸਤੰਬਰ 2025 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਹੋ ਰਹੇ 25ਵੇਂ ਮਹਾਂ ਸੰਮੇਲਨ ਦੀ ਕਾਮਯਾਬੀ ਲਈ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਸਮਾਰਕ ਹੁਸੈਨੀਵਾਲਾ ਤੋਂ ਬੀਤੇ ਵੀਰਵਾਰ ਸ਼ੁਰੂ ਹੋਇਆ ਜਥਾ ਮਾਰਚ ਸ਼ੁੱਕਰਵਾਰ ਜਲਾਲਾਬਾਦ ਵਿਖੇ ਪਹੁੰਚਿਆ, ਜਿਸ ਦਾ ਇਨਕਲਾਬੀ ਜੋਸ਼ੋ ਖਰੋਸ਼ ਨਾਲ ਨਿੱਘਾ ਸਵਾਗਤ ਕੀਤਾ ਗਿਆ। ਜਥਾ ਪਾਰਟੀ ਦੀ ਕੌਮੀ ਕੌਂਸਲ ਦੀ ਮੈਂਬਰ ਨਰਿੰਦਰ ਕੌਰ ਸੋਹਲ, ਫਿਰੋਜ਼ਪੁਰ ਪਾਰਟੀ ਦੇ ਜ਼ਿਲ੍ਹਾ ਕੌਂਸਲ ਮੈਂਬਰ ਜੀਤ ਕੁਮਾਰ ਤੇ ਬਲਵੰਤ ਚੌਹਾਣਾ ਨੇ ਫਾਜ਼ਿਲਕਾ ਜ਼ਿਲ੍ਹੇ ਦੇ ਆਗੂਆਂ ਦੇ ਹਵਾਲੇ ਕੀਤਾ। ਇਹ ਜਥਾ 7 ਦਿਨ 6 ਜ਼ਿਲ੍ਹਿਆਂ ਫਿਰੋਜ਼ਪੁਰ, ਫਾਜ਼ਿਲਕਾ, ਸ਼੍ਰੀ ਮੁਕਤਸਰ ਸਾਹਿਬ, ਫਰੀਦਕੋਟ, ਮੋਗਾ ਤੇ ਲੁਧਿਆਣਾ ਦੇ ਵੱਖ ਵੱਖ ਪਿੰਡਾਂ, ਸ਼ਹਿਰਾਂ, ਕਸਬਿਆਂ ਤੇ ਗਲੀ-ਮੁਹੱਲਿਆਂ ਵਿੱਚ ਮਹਾਂ ਸੰਮੇਲਨ ਦਾ ਸੁਨੇਹਾ ਲੈ ਕੇ ਆਮ ਲੋਕਾਂ ਤੇ ਪਾਰਟੀ ਵਰਕਰਾਂ ਨੂੰ ਜਾਗਰੂਕ ਕਰੇਗਾ। ਅੱਜ ਜਥੇ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਜਨਰਲ ਸਕੱਤਰ ਸਾਥੀ ਸੁਖਜਿੰਦਰ ਮਹੇਸ਼ਰੀ, ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸਰਾਜ ਗੋਲਡਨ, ਮੀਤ ਸਕੱਤਰ ਸੁਰਿੰਦਰ ਢੰਡੀਆਂ, ਪਰਮਜੀਤ ਢਾਬਾਂ, ਰਮਨ ਧਰਮੂ ਵਾਲਾ, ਹਰਜੀਤ ਕੌਰ ਢੰਡੀਆਂ, ਸ਼ੁਸ਼ਮਾ ਗੋਲਡਨ, ਹਰਭਜਨ ਛੱਪੜੀਵਾਲਾ, ਨਰਿੰਦਰ ਢਾਬਾਂ ਤੇ ਛਿੰਦਰ ਮਹਾਲਮ ਨੇ ਕੀਤੀ। ਫਾਜ਼ਿਲਕਾ ਜ਼ਿਲ੍ਹੇ ਨਾਲ ਸੰਬੰਧਤ ਜਲਾਲਾਬਾਦ 'ਚ ਪਹੁੰਚਿਆ ਇਹ ਜਥਾ ਸਭ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਦੇ ਬੁੱਤ ਤੇ ਬਾਅਦ ਵਿੱਚ ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਹਾਰ ਪਾ ਕੇ ਪਿੰਡ ਢੰਡੀ ਕਦੀਮ ਵੱਲ ਰਵਾਨਾ ਹੋਇਆ। ਇਹ ਜਥਾ ਅੱਜ ਫਾਜ਼ਿਲਕਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਕਸਬਿਆਂ ਵਿੱਚ ਪਾਰਟੀ ਦਾ ਪ੍ਰਚਾਰ ਪ੍ਰਸਾਰ ਕਰੇਗਾ। ਇਸ ਮੌਕੇ ਵੱਖ-ਵੱਖ ਪਿੰਡਾਂ 'ਚ ਕੀਤੇ ਗਏ ਜਲਸਿਆਂ ਨੂੰ ਸੰਬੋਧਨ ਕਰਦਿਆਂ ਸਾਥੀ ਸੁਖਜਿੰਦਰ ਮਹੇਸ਼ਰੀ ਤੇ ਕਾਮਰੇਡ ਹੰਸ ਰਾਜ ਗੋਲਡਨ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਨੇ ਦੇਸ਼ ਨੂੰ ਅਨੇਕਾਂ ਮਹਾਨ ਲੀਡਰ ਪੈਦਾ ਕਰਕੇ ਦਿੱਤੇ ਹਨ, ਜਿਨ੍ਹਾਂ ਨੇ ਦੇਸ਼ ਦੀ ਪਾਰਲੀਮੈਂਟ ਵਿੱਚ ਲੋਕ ਹਿੱਤਾਂ ਦੀ ਰਾਖੀ ਕਰਨ ਲਈ ਲੋਕ ਪੱਖੀ ਕਾਨੂੰਨ ਬਣਾਏ, ਜੋ ਕਿ ਅੱਜ ਵੀ ਦੇਸ਼ ਦੀ ਜਨਤਾ ਲਈ ਇੱਕ ਇਤਿਹਾਸਕ ਦਸਤਾਵੇਜ਼ ਹਨ। ਇਨ੍ਹਾਂ ਲੋਕ ਪੱਖੀ ਕਾਨੂੰਨਾਂ ਰਾਹੀਂ ਲੋਕਾਂ ਦੀ ਜੀਵਨ ਜਾਚ ਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਵੀ ਵੱਡਾ ਸੁਧਾਰ ਹੋਇਆ ਸੀ। ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਦੇ ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ ਤੇ ਕੰਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਪੰਜਾਬ ਦੇ ਮੀਤ ਸਕੱਤਰ ਸਾਥੀ ਪਰਮਜੀਤ ਢਾਬਾਂ ਨੇ ਕਿਹਾ ਕਿ ਕਾਰਪੋਰੇਟ ਘਰਾਣੇ ਅਤੇ ਉਨ੍ਹਾਂ ਦੇ ਇਸ਼ਾਰੇ 'ਤੇ ਕੰਮ ਕਰ ਰਹੀਆਂ ਰਾਜਨੀਤਕ ਪਾਰਟੀਆਂ ਸਿਰਫ ਆਪਣੇ ਮੁਨਾਫੇ ਲਈ ਕੰਮ ਕਰ ਰਹੀਆਂ ਹਨ, ਜਦੋਂਕਿ ਕਮਿਊਨਿਸਟ ਪਾਰਟੀਆਂ ਲੋਕਾਂ ਦੇ ਹਿੱਤ ਲਈ ਕੰਮ ਕਰਦੀਆਂ ਹਨ। ਉਨ੍ਹਾਂ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਦੇਸ਼ ਵਿੱਚੋਂ ਬੇਰੁਜ਼ਗਾਰੀ ਦੇ ਮੁਕੰਮਲ ਖਾਤਮੇ ਲਈ ਸਭ ਲਈ ਰੁਜ਼ਗਾਰ ਦੀ ਗਾਰੰਟੀ ਕਰਦੇ ਕਾਨੂੰਨ ਬਨੇਗਾ ਦੀ ਪ੍ਰਾਪਤੀ, ਸਭ ਲਈ ਮੁਫਤ ਇਲਾਜ ਦੀ ਗਾਰੰਟੀ, ਸਭ ਲਈ ਮੁਫਤ ਤੇ ਲਾਜ਼ਮੀ ਸਿੱਖਿਆ ਅਤੇ ਸਭ ਲਈ ਰੈਣ ਬਸੇਰੇ ਦੇ ਰੂਪ ਵਿੱਚ ਮਕਾਨ ਦੀ ਗਾਰੰਟੀ ਲਈ ਭਾਰਤੀ ਕਮਿਊਨਿਸਟ ਪਾਰਟੀ ਦੇ ਝੰਡੇ ਹੇਠ ਇੱਕਠੇ ਹੋ ਕੇ ਇਹ ਪ੍ਰਾਪਤੀ ਕਰੀਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕ੍ਰਿਸ਼ਨ ਧਰਮੂ ਵਾਲਾ, ਬਲਵੀਰ ਕਾਠਗੜ੍ਹ, ਸੋਨਾ ਧੁਨਕੀਆਂ, ਹਰਚਰਨ ਪਾਲੀਵਾਲਾ, ਕਰਨੈਲ ਬੱਘੇਕੇ, ਸੰਦੀਪ ਜੋਧਾ, ਅਸ਼ੋਕ ਢਾਬਾਂ, ਗੁਰਮੀਤ ਕੌਰ ਕਾਠਗੜ੍ਹ, ਧਰਮਿੰਦਰ ਮੁਰਕਵਾਲਾ, ਮਨਜੀਤ ਕੌਰ ਕਾਠਗੜ੍ਹ ਤੇ ਅਰਵੀਨ ਢਾਬਾਂ ਹਾਜ਼ਰ ਸਨ।

# .ਗਰੀਬ ਪਰਵਾਰ ਦੇ ਬੱਚੇ ਨੇ ਪਾਸ ਕੀਤਾ ਨੀਟ ਦਾ ਪੇਪਰ



**ਭੀਖੀ (ਧਰਮਵੀਰ ਸ਼ਰਮਾ)**-ਵਾਰਡ ਨੰਬਰ 8 ਦੇ ਵਸਨੀਕ ਪ੍ਰਿੰਸ ਕੁਮਾਰ ਪੁੱਤਰ ਸੁਰੇਸ਼ ਕੁਮਾਰ ਨੇ ਨੀਟ ਵੱਲੋਂ ਐਲਾਨ ਕੀਤੇ ਨਤੀਜੇ ਵਿੱਚ ਕੈਟਾਗਰੀ 385 ਰੈਂਕ ਪ੍ਰਾਪਤ ਕਰਕੇ ਮਾਪਿਆਂ ਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਇਲਾਕੇ ਦੀਆਂ ਸਮਾਜ ਸੇਵੀ ਸੰਸਥਾਵਾਂ ਤੇ ਲੋਕ ਪਰਵਾਰ ਨੂੰ ਵਧਾਈਆਂ ਦੇ ਰਹੇ ਹਨ।

ਪੰਜਾਬੀ ਵਿਰਸਾ ਹੈਰੀਟੇਜ ਫਾਊਂਡੇਸ਼ਨ ਰਜਿ. ਪੰਜਾਬ ਵੱਲੋਂ ਪ੍ਰਿੰਸ ਕੁਮਾਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਜ਼ਿਕਰਯੋਗ ਹੈ ਕਿ ਪ੍ਰਿੰਸ ਕੁਮਾਰ ਦੇ ਦਾਦਾ ਹਰਫੂਲ ਸਿੰਘ ਸੇਵਾਮੁਕਤ ਅਧਿਆਪਕ ਤੇ ਉਸਦੇ ਪਿਤਾ ਕਬਾੜ ਦੀ ਫੇਰੀ ਦਾ ਕੰਮ ਕਰਦੇ ਹਨ।ਪ੍ਰਿੰਸ ਕੁਮਾਰ ਦੇ ਪਿਤਾ ਸੁਰੇਸ਼ ਕੁਮਾਰ ਨੇ ਦੱਸਿਆ ਕਿ ਉਸ ਦੇ ਬੇਟੇ ਨੇ ਭਾਰਤ 'ਚੋਂ ਐਸ.ਸੀ. ਕੈਟਾਗਰੀ 385 ਰੈਂਕ ਪ੍ਰਾਪਤ ਕਰਕੇ ਏਮਜ਼ ਬਠਿੰਡਾ ਵਿਖੇ ਸੀਟ ਪ੍ਰਾਪਤ ਕੀਤੀ ਹੈ, ਜੋ ਉਨ੍ਹਾਂ ਲਈ ਬਹੁਤ ਵੱਡੀ ਪ੍ਰਾਪਤੀ ਹੈ।ਕਹਾਣੀਕਾਰ ਭੁਪਿੰਦਰ ਫੌਜੀ ਨੇ ਕਿਹਾ ਕਿ ਪ੍ਰਿੰਸ ਕੁਮਾਰ ਨੇ ਲਗਨ ਤੇ ਮਿਹਨਤ ਸਦਕਾ ਜੋ ਮੁਕਾਮ ਹਾਸਲ ਕੀਤਾ ਹੈ, ਭੀਖੀ ਕਸਬੇ ਲਈ ਮਾਣ ਵਾਲੀ ਗੱਲ ਹੈ, ਆਸ ਕੀਤੀ ਜਾ ਸਕਦੀ ਹੈ ਕਿ ਉਹ ਭਵਿੱਖ ਵਿੱਚ ਹੋਰ ਮੱਲਾਂ ਮਾਰੇਗਾ।

ਉਸਦਾ ਸਨਮਾਨ ਕਰਕੇ ਅਸੀਂ ਮਾਣ ਮਹਿਸੂਸ ਕਰ ਰਹੇ ਹਾਂ।ਪ੍ਰਿੰਸ ਕੁਮਾਰ ਦਾ ਕਹਿਣਾ ਹੈ ਕਿ ਉਹ ਜਿੱਥੇ ਸਮੁੱਚੇ ਲੋਕਾਂ ਦੀ ਭਲਾਈ ਲਈ ਕਾਰਜ ਕਰੇਗਾ, ਉਥੇ ਹੀ .ਗਰੀਬ ਤੇ ਲਾਚਾਰ ਲੋਕਾਂ ਲਈ ਹਮੇਸ਼ਾ ਤਨੋਂ-ਮਨੋਂ ਸੇਵਾਵਾਂ ਦੇਵੇਗਾ।ਉਸ ਨੇ ਕਿਹਾ ਕਿ ਅਗਲੇਰੀ ਪੜ੍ਹਾਈ ਲਈ ਵੀ ਪੂਰੀ ਮਿਹਨਤ ਕਰੇਗਾ।

# ਪੰਜਾਬ ਉਦਯੋਗਿਕ ਬੁਨਿਆਦੀ ਢਾਂਚੇ ਦੇ ਰੱਖ-ਰਖਾਅ ਲਈ ਸੁਤੰਤਰ ਅਥਾਰਟੀ ਸਥਾਪਤ ਕਰੇਗਾ : ਅਰੋੜਾ

## ਕੈਬਨਿਟ ਮੰਤਰੀ ਨੇ 'ਰਾਈਜ਼ਿੰਗ ਪੰਜਾਬ-ਸੁਝਾਵਾਂ ਤੋਂ ਹੱਲ ਤੱਕ' ਸਮਾਗਮ 'ਚ ਪਹਿਲਕਦਮੀਆਂ ਨੂੰ ਕੀਤਾ ਉਜਾਗਰ




**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਦੇ ਉਦਯੋਗ ਤੇ ਵਣਜ ਮੰਤਰੀ ਸੰਜੀਵ ਅਰੋੜਾ ਨੇ ਪੰਜਾਬ ਭਰ ਦੇ ਸਾਰੇ ਫੋਕਲ ਪੁਆਇੰਟਾਂ ਤੇ ਉਦਯੋਗਿਕ ਅਸਟੇਟਾਂ ਵਿੱਚ ਬੁਨਿਆਦੀ ਢਾਂਚੇ ਦੇ ਰੱਖ-ਰਖਾਅ ਦੀ ਨਿਗਰਾਨੀ ਲਈ ਇੱਕ ਸੁਤੰਤਰ ਅਥਾਰਟੀ ਸਥਾਪਤ ਕਰਨ ਦੀ ਸੂਬਾ ਸਰਕਾਰ ਦੀ ਯੋਜਨਾ ਦਾ ਐਲਾਨ ਕੀਤਾ।ਅਥਾਰਟੀ ਦਾ ਉਦੇਸ਼ ਸੀਵਰੇਜ, ਸੜਕਾਂ, ਰੋਸ਼ਨੀ ਤੇ ਉਦਯੋਗਿਕ ਵਿਕਾਸ ਨੂੰ ਸਮਰਥਨ ਦੇਣ ਲਈ ਹੋਰ ਜ਼ਰੂਰੀ ਸਹੂਲਤਾਂ ਵਰਗੇ ਮਹੱਤਵਪੂਰਨ ਮੁੱਦਿਆਂ ਨੂੰ ਹੱਲ ਕਰਨਾ ਹੈ।ਵੀਰਵਾਰ ਲੁਧਿਆਣਾ ਵਿੱਚ 'ਰਾਈਜ਼ਿੰਗ ਪੰਜਾਬ-ਸੁਝਾਵਾਂ ਤੋਂ ਹੱਲ ਤੱਕ' ਸਮਾਗਮ ਵਿੱਚ ਬੋਲਦਿਆਂ ਅਰੋੜਾ ਨੇ ਖੁਲਾਸਾ ਕੀਤਾ ਕਿ ਗਲੋਬਲ ਸਲਾਹਕਾਰ ਫਰਮ ਅਰਨਸਟ ਐਂਡ ਯੰਗ ਅਥਾਰਟੀ ਲਈ ਇੱਕ ਢਾਂਚਾ ਵਿਕਸਤ ਕਰ ਰਹੀ ਹੈ, ਜਿਸ ਨੂੰ ਜਲਦੀ ਹੀ ਲਾਗੂ ਕਰਨ ਦੀ ਉਮੀਦ ਹੈ।ਇਸ ਸਮਾਗਮ ਵਿੱਚ ਲੁਧਿਆਣਾ, ਮੋਗਾ, ਸੰਗਰੂਰ ਤੇ ਫਤਿਹਗੜ੍ਹ ਸਾਹਿਬ ਦੇ ਉਦਯੋਗਪਤੀਆਂ ਨੇ ਭਾਗ ਲਿਆ, ਜਿਨ੍ਹਾਂ ਸਰਕਾਰੀ ਨੀਤੀਆਂ ਨੂੰ ਆਕਾਰ ਦੇਣ ਲਈ ਕੀਮਤੀ ਸੁਝਾਅ ਦਿੱਤੇ।ਅਰੋੜਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਕਾਰੋਬਾਰੀ ਕਾਰਜਾਂ ਨੂੰ ਸੌਖਾ ਬਣਾਉਣ 'ਤੇ ਪੰਜਾਬ ਨੇ 1.14 ਲੱਖ ਕਰੋੜ ਰੁਪਏ ਦੇ ਨਿਵੇਸ਼ ਨੂੰ ਆਕਰਸ਼ਤ ਕੀਤਾ ਹੈ, ਜਿਸ ਨਾਲ 4.5 ਲੱਖ ਲੋਕਾਂ ਲਈ ਰੁਜ਼ਗਾਰ ਪੈਦਾ ਹੋਇਆ ਹੈ।ਮੁੱਖ ਸੁਧਾਰਾਂ ਵਿੱਚ ਉਦਯੋਗਿਕ ਪਲਾਟਾਂ ਨੂੰ ਕਲੱਬ ਕਰਨ ਤੇ ਡੀ-ਕਲੱਬ ਕਰਨ ਦੀਆਂ ਨੀਤੀਆਂ, ਉੱਦਮੀਆਂ ਨੂੰ ਜ਼ਮੀਨ ਦੀ ਵਰਤੋਂ ਨੂੰ ਅਨੁਕੂਲ ਬਣਾਉਣ ਦੇ ਯੋਗ ਬਣਾਉਣਾ ਤੇ ਲੀਜ਼ਹੋਲਡ ਪਲਾਟਾਂ ਜਾਂ ਸ਼ੈੱਡਾਂ ਨੂੰ ਫ੍ਰੀਹੋਲਡ ਵਿੱਚ ਬਦਲਣਾ ਸ਼ਾਮਲ ਹੈ।ਸਰਕਾਰ ਹੋਰ ਨਿਵੇਸ਼ ਨੂੰ ਉਤਸ਼ਾਹਤ ਕਰਨ ਲਈ ਫੋਕਲ ਪੁਆਇੰਟਾਂ ਵਿੱਚ ਖਾਲੀ ਪਲਾਟਾਂ ਲਈ ਨਿਯਮਤ ਨਿਲਾਮੀ ਵੀ ਕਰੇਗੀ। ਮੰਤਰੀ ਨੇ ਐਲਾਨ ਕੀਤਾ ਕਿ 13 ਮਾਰਚ 2026 ਤੋਂ ਆਈ.ਐੱਸ.ਬੀ. ਮੋਹਾਲੀ ਵਿਖੇ ਤਿੰਨ ਦਿਨਾਂ ਪੰਜਾਬ ਨਿਵੇਸ਼ ਸੰਮੇਲਨ ਕੀਤਾ ਜਾਵੇਗਾ।ਇਹ ਸੰਮੇਲਨ ਰਾਜ ਵਿੱਚ ਨਿਵੇਸ਼ ਨੂੰ ਵਧਾਉਣ ਲਈ ਉਦਯੋਗਪਤੀਆਂ, ਵਪਾਰੀਆਂ, ਪ੍ਰਵਾਸੀ ਭਾਰਤੀਆਂ ਤੇ ਵਿਦੇਸ਼ੀ ਕੰਪਨੀਆਂ ਨੂੰ ਇਕੱਠੇ ਕਰੇਗਾ।ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ 'ਰਾਈਜ਼ਿੰਗ ਪੰਜਾਬ' ਪਹਿਲਕਦਮੀ ਉਦਯੋਗਪਤੀਆਂ ਦੀਆਂ ਚਿੰਤਾਵਾਂ ਨੂੰ ਤੁਰੰਤ ਹੱਲ ਕਰਨ ਲਈ ਤਿਆਰ ਕੀਤੀ ਗਈ ਹੈ, ਉਨ੍ਹਾਂ ਦੇ ਫੀਡਬੈਕ ਦੇ ਅਧਾਰ 'ਤੇ ਨੀਤੀਆਂ ਬਣਾਈਆਂ ਜਾ ਰਹੀਆਂ ਹਨ।ਉਨ੍ਹਾਂ ਨੇ ਉਦਯੋਗ ਵਿਭਾਗ ਦੇ ਅਧਿਕਾਰੀਆਂ ਨੂੰ ਉਦਯੋਗਪਤੀਆਂ ਨੂੰ ਉਨ੍ਹਾਂ ਦੇ ਲਾਭਾਂ ਨੂੰ ਵੱਧ ਤੋਂ ਵੱਧ ਕਰਨ ਲਈ ਸਰਕਾਰੀ ਯੋਜਨਾਵਾਂ ਬਾਰੇ ਸਰਗਰਮੀ ਨਾਲ ਸੂਚਿਤ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਉਦਯੋਗ ਨਿਰਦੇਸ਼ਕ ਸੁਰਭੀ ਮਲਿਕ, ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਇਨਵੈਸਟ ਪੰਜਾਬ ਦੇ ਵਧੀਕ ਸੀ.ਈ.ਓ. ਰਾਹੁਲ ਚਾਬਾ, ਵਿਧਾਇਕ ਕੁਲਵੰਤ ਸਿੱਧੂ, ਮਦਨ ਲਾਲ ਬੱਗਾ, ਅਸ਼ੋਕ ਪਰਾਸ਼ਰ ਪੱਪੀ ਤੇ ਦਲਜੀਤ ਸਿੰਘ ਭੋਲਾ ਗਰੇਵਾਲ, ਸੀਨੀਅਰ ਨੇਤਾ ਡਾ. ਕੇ.ਐੱਨ.ਐੱਸ. ਕੰਗ, ਪੰਜਾਬ ਵਿਕਾਸ ਕਮਿਸ਼ਨ ਦੇ ਮੈਂਬਰ ਵੈਭਵ ਮਹੇਸ਼ਵਰੀ, ਗੰਗਾ ਐਕਰੋਵੂਲਜ਼ ਤੋਂ ਸੰਚਾਲਕ ਅਮਿਤ ਥਾਪਰ ਤੇ ਕਈ ਪ੍ਰਸਿੱਧ ਉਦਯੋਗਪਤੀ ਸ਼ਾਮਲ ਸਨ।

## ਕਾਤਰਾਂ

### ਸੜਕ ਹਾਦਸੇ 'ਚ ਮੋਟਰਸਾਈਕਲ ਚਾਲਕ ਦੀ ਮੌਤ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਪਿੰਡ ਜ਼ਖਵਾਲੀ ਨਜ਼ਦੀਕ ਵਾਪਰੇ ਸੜਕ ਹਾਦਸੇ 'ਚ ਇੱਕ ਨੌਜਵਾਨ ਮੋਟਰਸਾਈਕਲ ਚਾਲਕ ਦੀ ਮੌਤ ਹੋ ਗਈ।ਪ੍ਰਾਪਤ ਜਾਣਕਾਰੀ ਅਨੁਸਾਰ ਅਜੈ ਕੁਮਾਰ (25) ਵਾਸੀ ਪਿੰਡ ਮੂਲੇਪੁਰ ਸ਼ਾਮ ਕਰੀਬ 7.30 ਵਜੇ ਪਿੰਡ ਜਖਵਾਲੀ ਤੋਂ ਮੂਲੇਪੁਰ ਨੂੰ ਜਾਂਦੀ ਸੜਕ ਤੋਂ ਮੋਟਰਸਾਈਕਲ ਲੈ ਕੇ ਲੰਘ ਰਿਹਾ ਸੀ ਤਾਂ ਤੇਜ਼ ਰਫ਼ਤਾਰ ਨਾਲ ਜਾ ਰਹੀ ਕਾਰ ਨੰਬਰ ਪੀ.ਬੀ.23.ਪੀ-4411 ਨੇ ਉਸ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ।ਇਸ ਹਾਦਸੇ 'ਚ ਗੰਭੀਰ ਸੱਟਾਂ ਲੱਗਣ ਕਾਰਨ ਅਜੈ ਕੁਮਾਰ ਦੀ ਮੌਤ ਹੋ ਗਈ।ਮ੍ਰਿਤਕ ਦੇ ਪਿਤਾ ਦੇ ਬਿਆਨਾਂ 'ਤੇ ਕਾਰ ਦੇ ਡਰਾਈਵਰ ਵਿਰੁੱਧ ਕੇਸ ਦਰਜ ਕਰਕੇ ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਪਿਓ ਚੇਅਰਮੈਨ ਤੇ ਪੁੱਤ ਬਣਿਆ 'ਪ੍ਰਧਾਨ'



**ਬਠਿੰਡਾ (ਰਾਜੀਵ ਗੋਇਲ)**-ਆਖਦੇ ਨੇ ਕਿ ਬਾਣੀਏ ਦਾ ਪੁੱਤ ਜਵਾਨ ਹੋਵੇ ਤਾਂ ਹੱਟੀ 'ਤੇ ਬੈਠਦੈ ਅਤੇ ਜੱਟ ਦਾ ਪੁੱਤ ਜਵਾਨ ਹੋਵੇ ਤਾਂ ਟ੍ਰੈਕਟਰ 'ਤੇ ਬੈਠ ਜਾਂਦਾ। ਇਸੇ ਕਹਾਵਤ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਅੱਜ ਪੰਜਾਬ ਖਾਦੀ ਤੇ ਗ੍ਰਾਮ ਉਦਯੋਗ ਬੋਰਡ ਦੇ ਚੇਅਰਮੈਨ ਇੰਦਰਜੀਤ ਸਿੰਘ ਮਾਨ ਦੇ ਸਪੁੱਤਰ ਸੁਖਰਾਜ ਸਿੰਘ ਮਾਨ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਅਸ਼ਅਫ ਦੀ ਪ੍ਰਧਾਨਗੀ ਹਾਸਲ ਕੀਤੀ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਮੇਰੇ ਪਿਤਾ ਇੱਕ ਸਮਾਜਸੇਵੀ ਇਨਸਾਨ ਹਨ, ਭਾਵੇਂ ਹੀ ਉਹ ਰਾਜਨੀਤੀ ਵਿੱਚ ਆ ਗਏ, ਪਰ ਮੈਂ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਦਾ ਹੋਇਆ ਸਮਾਜਸੇਵਾ ਵੀ ਕਰਾਂਗਾ ਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਅੱਗੇ ਵੀ ਲੈ ਕੇ ਜਾਵਾਂਗਾ। ਉਧਰ, ਦੂਜੇ ਪਾਸੇ ਚੇਅਰਮੈਨ ਇੰਦਰਜੀਤ ਸਿੰਘ ਵੱਲੋਂ ਆਪਣੇ ਪੁੱਤ ਨੂੰ ਵਧਾਈ ਦਿੱਤੀ ਗਈ ਹੈ। ਪੁੱਤ ਦੀ ਇਸ ਪ੍ਰਾਪਤੀ ਨੂੰ ਲੈ ਕੇ ਹਲਕਾ ਰਾਮਪੁਰਾ ਫੂਲ ਵਿਖੇ ਮਾਨ ਦੇ ਸਮਰਥਕ ਖੁਸ਼ ਦਿਖਾਈ ਦੇ ਰਹੇ ਹਨ ਤੇ ਕਹਿ ਰਹੇ ਹਨ ਕਿ 'ਪਿਓ ਚੇਅਰਮੈਨ ਤੇ ਪੁੱਤ ਪ੍ਰਧਾਨਗੀ' ਦੀ ਕੁਰਸੀ 'ਤੇ ਬੈਠ ਗਿਆ।

### ਖ਼ੂਨਦਾਨ ਕੈਂਪ ਭਲਕੇ

**ਬਠਿੰਡਾ (ਰਾਜੀਵ ਗੋਇਲ)**-ਬ੍ਰਹਮ ਕੁਮਾਰੀ ਆਸ਼ਰਮ ਭਗਤਾ ਭਾਈਕਾ ਵਿਖੇ 24 ਅਗਸਤ ਨੂੰ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਆਸ਼ਰਮ ਦੇ ਸੰਚਾਲਕਾਂ ਨੇ ਦੱਸਿਆ ਕਿ ਇਹ ਕੈਂਪ 24 ਅਗਸਤ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਸੁਸਾਇਟੀ ਰੋਡ ਵਿਖੇ ਸਥਿਤ ਬ੍ਰਹਮ ਕੁਮਾਰੀ ਆਸ਼ਰਮ ਵਿਖੇ ਹੀ ਲੱਗੇਗਾ। ਸੰਚਾਲਕਾਂ ਵੱਲੋਂ ਖ਼ੂਨਦਾਨੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ।

# ਗਾਜ਼ਾ 'ਚ ਹੋ ਰਹੇ ਕਤਲੇਆਮ ਖ਼ਿਲਾਫ਼ ਜਗਰਾਉਂ 'ਚ ਕੀਤਾ ਪ੍ਰਦਰਸ਼ਨ



**ਜਗਰਾਉਂ (ਸੰਜੀਵ ਅਰੋੜਾ)**-ਅੱਜ ਦੁਨੀਆਂ ਭਰ 'ਚ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ 'ਚ ਇੱਕ ਲੱਖ ਪੈਂਤੀ ਹਜ਼ਾਰ ਫ਼ੌਜੀ ਉਤਾਰ ਕੇ ਗਾਜ਼ਾ ਨੂੰ ਦੁਨੀਆਂ ਦੇ ਨਕਸ਼ੇ ਤੋਂ ਮਿਟਾਉਣ ਦੀ ਸਾਜ਼ਿਸ਼ ਖ਼ਿਲਾਫ਼ ਜਗਰਾਉਂ 'ਚ ਇਨਸਾਫ ਤੇ ਅਮਨਪਸੰਦ ਲੋਕਾਂ ਨੇ ਅਵਾਜ਼ ਉਠਾਈ।

ਸਥਾਨਕ ਰਾਣੀ ਝਾਂਸੀ ਚੌਕ 'ਚ ਇਨਕਲਾਬੀ ਕੇਂਦਰ ਪੰਜਾਬ ਦੇ ਸੱਦੇ 'ਤੇ ਵੱਖ-ਵੱਖ ਜਥੇਬੰਦੀਆਂ ਦੇ ਵਰਕਰਾਂ ਨੇ ਇਕੱਤਰ ਹੋ ਮੁਜ਼ਾਹਰਾ ਕਰਦਿਆਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਤੇ ਉਸ ਦੇ ਲੰਗੋਟੀਏ ਯਾਰ ਸੰਸਾਰ ਅਮਨ ਦੇ ਖੂੰਖਾਰ ਦੁਸ਼ਮਣ ਡੋਨਾਲਡ ਟਰੰਪ ਖਿਲਾਫ ਨਾਰੇਅਬਾਜ਼ੀ ਕਰਦਿਆਂ ਇਸ ਕਤਲੇਆਮ ਤੇ ਤਬਾਹੀ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ। ਇਸ ਸਮੇਂ ਕੰਵਲਜੀਤ ਖੰਨਾ ਤੇ ਐਡੋਵਕੇਟ ਮਹਿੰਦਰ ਸਿੰਘ ਸਿੱਧਵਾਂ ਨੇ ਕਿਹਾ ਕਿ ਪਿਛਲੇ ਦੋ ਸਾਲ ਤੋਂ ਫਲੀਸਤੀਨੀ ਲੋਕਾਂ ਦੇ ਦੇਸ਼ 'ਤੇ ਕਬਜ਼ਾ ਕਰਕੇ 65 ਹਜ਼ਾਰ ਲੋਕਾਂ ਦਾ ਕਤਲੇਆਮ ਕਰਕੇ, ਤਿੰਨ ਸੌ ਪੱਤਰਕਾਰਾਂ ਨੂੰ ਮਾਰ ਕੇ, ਖੁਰਾਕ ਹਾਸਲ ਕਰਨ ਲਈ ਇਕੱਤਰ ਹੋਏ ਲੋਕਾਂ 'ਤੇ ਗੋਲੀਆਂ ਚਲਾ ਕੇ ਹੁਣ ਤੱਕ 2800 ਲੋਕਾਂ ਨੂੰ ਮਾਰ ਦਿੱਤਾ ਗਿਆ ਹੈ। ਇਸ ਸਮੇਂ ਤੱਕ ਪਿਛਲੇ ਦੋ ਸਾਲਾਂ 'ਚ ਅੱਸੀ ਪ੍ਰਤੀਸ਼ਤ ਲੋਕ ਘਰੋਂ ਬੇਘਰ ਹੋ ਚੁੱਕੇ ਹਨ। ਖੁਰਾਕ ਨਾ ਮਿਲਣ ਕਾਰਨ ਹੁਣ ਤੱਕ ਭੁੱਖ ਨਾਲ ਸੈਂਕੜੇ ਬੱਚੇ ਮਰ ਚੁੱਕੇ ਹਨ। ਹਰ ਵੇਲੇ ਸੂਲੀ ਤੇ ਟੰਗੀ ਜ਼ਿੰਦਗੀ ਜੀ ਰਹੇ ਫਲਸਤੀਨੀਆ ਦਾ ਪਲ ਪਲ ਖੌਫ 'ਤੇ ਦਹਿਸ਼ਤ 'ਚ ਨਿਕਲ ਰਿਹਾ ਹੈ। 85 ਪ੍ਰਤੀਸ਼ਤ ਗਾਜ਼ਾ ਦਾ ਹਿੱਸਾ ਇਜ਼ਰਾਈਲ ਵੱਲੋਂ ਫਲੀਸਤੀਨੀਆਂ ਲਈ ਨੋ ਐਂਟਰੀ ਜ਼ੋਨ ਐਲਾਨਿਆ ਜਾ ਚੁੱਕਾ ਹੈ। ਅਸਲ 'ਚ ਅਮਰੀਕਾ ਨੇ ਇਜ਼ਰਾਈਲ ਨੂੰ ਹੁਣ ਤੱਕ ਅਰਬਾਂ ਖਰਬਾਂ ਦੇ ਹਥਿਆਰ ਤੇ ਆਰਥਿਕ ਮਦਦ ਕੀਤੀ ਹੀ ਇਸ ਲਈ ਹੈ ਤਾਂ ਕਿ ਉਹ ਅਰਬ ਦੇਸ਼ਾਂ ਦੇ ਤੇਲ 'ਤੇ ਕਬਜ਼ਾ ਰੱਖ ਸਕੇ ਤੇ ਇਜ਼ਰਾਈਲ ਨੂੰ ਚੀਨ 'ਤੇ ਰੂਸ ਖਿਲਾਫ਼ ਇੱਕ ਫੌਜੀ ਚੌਕੀ ਵਜੋਂ ਵਰਤ ਸਕੇ। ਪਿਛਲੇ ਦੋ ਸਾਲਾਂ 'ਚ ਗਾਜ਼ਾ ਦੇ ਹਸਪਤਾਲ, ਸਕੂਲ, ਬਸਤੀਆਂ ਸਭ ਕੁਝ ਤਬਾਹ ਕਰਕੇ ਤੇਈ ਲੱਖ ਫਲੀਸਤੀਨੀਆਂ ਨੂੰ ਆਪਣੇ ਹੀ ਮੁਲਕ 'ਚ ਰਫਿਊਜ਼ੀ ਬਣਾ ਦਿੱਤਾ ਗਿਆ ਹੈ। ਅਮਰੀਕਨ ਰਾਸ਼ਟਰਪਤੀ ਟਰੰਪ ਤੇ ਇਜ਼ਰਾਈਲ ਦਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਸੰਸਾਰ ਭਰ ਦੇ ਦੇਸ਼ਾਂ 'ਚ ਉਨ੍ਹਾਂ ਦੀ ਦਹਿਸ਼ਤ ਖਿਲਾਫ਼ ਲੱਖਾਂ ਲੋਕਾਂ ਵੱਲੋਂ ਉਠਾਈ ਅਵਾਜ਼ ਦੀ ਪ੍ਰਵਾਹ ਨਹੀਂ ਕਰ ਰਹੇ। ਸੰਸਾਰ ਦੇ ਸਿਰਫ਼ ਇੱਕ ਦੋ ਨੂੰ ਛੱਡ ਕੇ ਸਾਰੇ ਮੁਸਲਮਾਨਾਂ ਦੇਸ਼ ਅਮਰੀਕਾ ਦੇ ਪਿੱਲੇ ਬਣ ਕੇ ਚੱਲ ਰਹੇ ਹਨ। ਨਾਟੋ ਗੁੱਟ ਦੇ ਫਰਾਂਸ, ਕੈਨੇਡਾ, ਇੰਗਲੈਂਡ ਜਿਹੇ ਦੇਸ਼ ਫਲਸਤੀਨ ਨੂੰ ਮਾਨਤਾ ਦੇਣ ਦਾ ਡਰਾਮਾ ਕਰਕੇ ਅਸਲ 'ਚ ਅਮਰੀਕਾ ਦੇ ਨਾਲ ਖੜੇ ਹਨ। ਇਸ ਸਮੇਂ ਬੋਲਦਿਆਂ ਮਾਸਟਰ ਜਸਵੰਤ ਸਿੰਘ ਕਲੇਰ, ਮਜ਼ਦੂਰ ਆਗੂ ਅਵਤਾਰ ਸਿੰਘ ਬਿੱਲਾ ਨੇ ਫਲਸਤੀਨ 'ਤੇ ਠੋਸੀ ਜੰਗ ਤੁਰੰਤ ਬੰਦ ਕਰਨ ਤੇ ਫਲਸਤੀਨ ਦੀ ਅਜ਼ਾਦੀ ਬਹਾਲ ਕਰਨ ਦੀ ਮੰਗ ਕੀਤੀ। ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਦੇ ਗਾਜ਼ਾ ਬਾਬਤ ਦੋਹਰੇ ਕਿਰਦਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਅਬ ਕੀ ਬਾਰ ਟਰੰਪ ਸਰਕਾਰ ਦਾ ਹੋਕਰਾ ਮਾਰਨ ਵਾਲੇ ਮੋਦੀ ਦਾ ਕਿਰਦਾਰ ਮਨੁੱਖੀ ਕਤਲੇਆਮ ਰੋਕਣ ਦੇ ਮਾਮਲੇ 'ਚ ਸਿਰੇ ਦਾ ਮੌਕਾਪ੍ਰਸਤ ਹੈ।

ਇਸ ਸਮੇਂ ਮਾਸਟਰ ਅਵਤਾਰ ਸਿੰਘ, ਸੁਰਜੀਤ ਸਿੰਘ ਦੌਧਰ, ਗੁਰਮੇਲ ਸਿੰਘ ਰੂਮੀ, ਕਾ. ਮੁਖਤਿਆਰ ਸਿੰਘ, ਕੁਲਦੀਪ ਸਿੰਘ ਕੀਪਾ, ਲਖਵੀਰ ਸਿੰਘ ਸਮਰਾ, ਸੁਦਰਸ਼ਨ ਕੁਮਾਰ, ਗੁਰਪ੍ਰੀਤ ਸਿੰਘ, ਮੁਹੰਮਦ ਅਸਰਫ, ਅਵਤਾਰ ਸਿੰਘ ਗਗੜਾ ਤੇ ਦੇਵ ਰਾਜ ਆਦਿ ਹਾਜ਼ਰ ਸਨ।

# ਵੱਖ-ਵੱਖ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੇ ਮੁੱਖ ਮੰਤਰੀ ਦੀ ਕੋਠੀ ਅੱਗੇ ਫੂਕਿਆ ਪੁਤਲਾ

## ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰੇ ਸਰਕਾਰ : ਮੋਰਚਾ ਆਗੂ




**ਲੌਂਗੋਵਾਲ/ਸੰਗਰੂਰ (ਪ੍ਰਦੀਪ ਸੱਪਲ/ਪ੍ਰਵੀਨ ਸਿੰਘ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਬੈਨਰ ਹੇਠ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗਾਂ ਕਰਨ ਦੇ ਲਿਖਤੀ ਪੱਤਰ ਜਾਰੀ ਕਰਕੇ ਮੀਟਿੰਗਾਂ ਕਰਨ ਤੋਂ ਭੱਜਣ ਦੇ ਰੋਸ ਵਜੋਂ ਸੰਗਰੂਰ ਰੈਲੀ ਕਰਨ ਉਪਰੰਤ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ। ਇਸ ਸਮੇਂ ਮੋਰਚੇ ਦੇ ਸੂਬਾਈ ਆਗੂ ਸ਼ੇਰ ਸਿੰਘ ਖੰਨਾ, ਸੰਦੀਪ ਸੰਧੂ, ਮਦਨ ਸਿੰਘ, ਦਰਸ਼ਨ ਸਿੰਘ ਨੇ ਕਿਹਾ ਕਿ ਸਰਕਾਰੀ ਵਿਭਾਗਾਂ ਦੇ ਆਊਟਸੋਰਸ, ਇਨਲਿਸਟਮੈਂਟ, ਠੇਕੇਦਾਰਾ ਕੰਪਨੀਆਂ ਤੇ ਸੋਸਾਇਟੀਆਂ ਰਾਹੀਂ ਰੱਖੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ 'ਆਪ' ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਠੇਕਾ ਮੁਲਾਜ਼ਮਾਂ ਨੂੰ ਲਾਰੇ-ਲੱਪਿਆਂ ਵਿੱਚ ਰੱਖ ਕੇ ਆਪਣਾ ਸਮਾਂ ਲੰਘਾ ਰਹੀ ਹੈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਿਧਾਨ ਸਭਾ ਵਿੱਚ ਠੇਕੇਦਾਰਾਂ ਤੇ ਕੰਪਨੀਆਂ ਵੱਲੋਂ ਆਊਟਸੋਰਸ ਠੇਕਾ ਮੁਲਾਜ਼ਮਾਂ ਦੀ ਕਿਰਤ ਦੀ ਕੀਤੀ ਜਾ ਰਹੀ ਅੰਨ੍ਹੀਂ-ਲੁੱਟ ਨੂੰ ਬੰਦ ਕਰਨ ਦੇ ਐਲਾਨ ਮਗਰੋਂ ਵੀ ਠੇਕਾ ਮੁਲਾਜ਼ਮਾਂ ਨੂੰ ਠੇਕਾ ਪ੍ਰਣਾਲੀ ਦੀ ਚੱਕੀ ਵਿੱਚ ਪਿਸਣ ਲਈ ਮਜਬੂਰ ਕੀਤਾ ਹੋਇਆ ਹੈ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਜਿਵੇਂ ਕਿ ਜਲ ਸਪਲਾਈ ਤੇ ਸੈਨੀਟੇਸ਼ਨ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਅਤੇ ਸੀਵਰੇਜ ਬੋਰਡ, ਪੀ ਐੱਸ ਪੀ ਸੀ ਐੱਲ ਨੇ ਸਮੂਹ ਸਰਕਾਰੀ ਥਰਮਲ ਪਲਾਂਟਾਂ ਤੇ ਹਾਈਡਲ ਪ੍ਰਾਜੈਕਟਾਂ, ਵੇਰਕਾ ਮਿਲਕ ਤੇ ਕੈਟਲ ਫੀਡ ਪਲਾਂਟਾਂ, ਲੋਕ ਨਿਰਮਾਣ ਵਿਭਾਗ (ਬਿਜਲੀ ਵਿੰਗ) ਆਦਿ ਵਿੱਚ ਪਿਛਲੇ ਲੰਬੇ ਅਰਸੇ ਤੋਂ ਲਗਾਤਾਰ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਲਈ 'ਆਪ' ਸਰਕਾਰ ਵੱਲੋਂ ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜ਼ਕਾਲ ਵਿੱਚ ਅਜੇ ਤੱਕ ਕੋਈ ਵੀ ਨੀਤੀ ਨਹੀਂ ਬਣਾਈ, ਜਿਸ ਤੋਂ ਸਾਫ਼ ਜ਼ਾਹਿਰ ਹੈ ਕਿ 'ਆਪ' ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਆਪਣਾ ਸਮਾਂ ਲੰਘਾਉਣਾ ਚਾਹੁੰਦੀ ਹੈ।ਇਸ ਮੌਕੇ ਧਨ ਸਿੰਘ, ਗੁਰਤੇਜ ਸਿੰਘ, ਸਤਨਾਮ ਸਿੰਘ, ਲਖਵੀਰ ਸਿੰਘ, ਦਲੇਲ ਸਿੰਘ ਦਿੜਬਾ, ਪ੍ਰਮੋਦ ਕੁਮਾਰ ਖਨੌਰੀ, ਗੁਰਦੀਪ ਸਿੰਘ, ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।

# ਕਾਂਗਰਸ 'ਚ ਉਮੀਦਵਾਰਾਂ ਦੀ ਚੋਣ ਲੋਕਤੰਤਰੀ ਤਰੀਕੇ ਨਾਲ਼ ਕੀਤੀ ਜਾਂਦੀ : ਰਾਓ

## ਹਲਕਾ ਧੂਰੀ ਦੇ ਕਾਂਗਰਸ ਵਰਕਰਾਂ ਦੀ ਵਿਸ਼ਾਲ ਮੀਟਿੰਗ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਅੱਜ ਕੁੱਲ ਹਿੰਦ ਕਾਂਗਰਸ ਦੇ ਸਕੱਤਰ ਤੇ ਪੰਜਾਬ ਕਾਂਗਰਸ ਦੇ ਇੰਚਾਰਜ ਰਾਵਿੰਦਰ ਰਾਓ ਡਾਲਵੀ ਨੇ ਕਿਹਾ ਕਿ ਕਾਂਗਰਸ ਪਾਰਟੀ 'ਚ ਉਮੀਦਵਾਰਾਂ ਦੀ ਚੋਣ ਲੋਕਤੰਤਰੀ ਤਰੀਕੇ ਨਾਲ਼ ਕੀਤੀ ਜਾਂਦੀ ਹੈ ਤੇ ਇਸ ਲਈ ਟਿਕਟ ਦੇ ਦਾਅਵੇਦਾਰ ਆਪਸ ਵਿੱਚ ਲੜਨ ਦੀ ਬਜਾਏ ਦੁਸ਼ਮਣ ਨਾਲ ਇੱਕਜੁਟ ਹੋ ਕੇ ਲੜਨ ਤਾਂ ਕਿ 2027 'ਚ ਪੰਜਾਬ ਅੰਦਰ ਕਾਂਗਰਸ ਦੀ ਸਰਕਾਰ ਬਣਾਈ ਜਾ ਸਕੇ।ਸ੍ਰੀ ਡਾਲਵੀ ਸਥਾਨਕ ਸ੍ਰੀ ਸਨਾਤਨ ਧਰਮ ਆਸ਼ਰਮ ਵਿਖੇ ਵਿਧਾਨ ਸਭਾ ਹਲਕਾ ਧੂਰੀ ਦੇ ਕਾਂਗਰਸ ਵਰਕਰਾਂ ਦੀ ਵਿਸ਼ਾਲ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾਂ ਟਿਕਟ ਦਾਅਵੇਦਾਰਾਂ ਨੂੰ ਨਸੀਹਤ ਦਿੰਦਿਆਂ ਕਿਹਾ ਕਿ ਜਿਹੜਾ ਵੀ ਪਾਰਟੀ ਦੇ ਅਨੁਸ਼ਾਸਨ ਨੂੰ ਤੋੜੇਗਾ, ਉਸ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ ਦੀ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ 'ਚ ਪੰਜਾਬੀਅਤ ਨੂੰ ਖਤਮ ਕਰਨ ਤੇ ਪੰਜਾਬ ਨੂੰ ਬਰਬਾਦ ਕਰਨ ਦੀ ਸਾਜ਼ਿਸ਼ ਇਸ ਤੋਂ ਪਹਿਲਾਂ ਕਦੇ ਨਹੀਂ ਹੋਈ, ਜਦੋਂ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ।ਸ੍ਰੀ ਡਾਲਵੀ ਨੇ ਆਪ ਆਗੂ ਸਿਸੋਦੀਆ ਦੇ ਭੜਕਾਊ ਬਿਆਨ ਦੀ ਨਿੰਦਾ ਕਰਦਿਆਂ ਕਿਹਾ ਕਿ ਦੇਸ਼ ਸੰਵਿਧਾਨ ਅਨੁਸਾਰ ਚੱਲੇਗਾ ਨਾ ਕਿ ਸਿਸੋਦੀਆ ਦੇ ਬਿਆਨ ਅਨੁਸਾਰ।ਉਨ੍ਹਾਂ ਕੇਂਦਰੀ ਭਾਜਪਾ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਭਾਜਪਾ ਦੇਸ਼ 'ਚ ਵੋਟ ਚੋਰੀ ਕਰਕੇ ਸਰਕਾਰ ਬਣਾਉਣਾ ਚਾਹੁੰਦੀ ਹੈ ਤਾਂ ਕਿ ਲੋਕਾਂ ਦੇ ਅਧਿਕਾਰ ਖੋਹੇ ਜਾ ਸਕਣ।ਜ਼ਿਲ੍ਹਾ ਪ੍ਰਧਾਨ ਸੁਰਿੰਦਰਪਾਲ ਸਿੰਘ ਸਿਬੀਆ ਨੇ ਕਿਹਾ ਕਿ ਦੇਸ਼ ਸਿਆਸੀ ਤੌਰ 'ਤੇ ਮਾੜੇ ਹਾਲਾਤਾਂ 'ਚੋਂ ਗੁਜ਼ਰ ਰਿਹਾ ਹੈ ਅਤੇ ਲੋਕਤੰਤਰ ਤੇ ਸੰਵਿਧਾਨ ਖਤਰੇ 'ਚ ਹੈ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਭਾਜਪਾ ਦੀ ਵੋਟ ਚੋਰੀ ਦੀ ਸਾਜ਼ਿਸ਼ ਨੂੰ ਬੇਨਕਾਬ ਕਰਕੇ ਦੇਸ਼ 'ਚ ਲੋਕਤੰਤਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਮੁੱਢ ਧੂਰੀ ਤੋਂ ਬੰਨ੍ਹਿਆ ਗਿਆ ਸੀ ਤੇ ਆਪ ਦਾ ਵਿਨਾਸ਼ ਵੀ ਧੂਰੀ ਤੋਂ ਹੀ ਹੋਵੇਗਾ।ਸਾਬਕਾ ਹਲਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਨੇ ਆਪਣੇ ਸੰਬੋਧਨ 'ਚ ਸਪਸ਼ਟ ਕਿਹਾ ਕਿ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ, ਜਿਸ ਨੂੰ ਵੀ ਟਿਕਟ ਦੇ ਕੇ ਨਿਵਾਜ਼ੇਗੀ, ਅਸੀਂ ਉਸ ਦਾ ਡੱਟ ਕੇ ਸਮਰਥਨ ਕਰਾਂਗੇ।ਇਸ ਮੌਕੇ ਕਾਂਗਰਸ ਦੇ ਹਲਕਾ ਕੋਆਰਡੀਨੇਟਰ ਗੁਰਮੇਲ ਸਿੰਘ ਮੌੜ, ਓ ਬੀ ਸੀ ਸੈੱਲ ਦੇ ਅਮਰੀਕ ਸਿੰਘ, ਹੰਸ ਰਾਜ ਗੁਪਤਾ, ਹਰਦੀਪ ਸਿੰਘ ਦੌਲਤਪੁਰ, ਸ਼ੁਭਮ ਸ਼ਰਮਾ ਸ਼ੁਭੀ, ਗੁਰਬਖਸ਼ ਸਿੰਘ ਗੁੱਡੂ, ਅਮ੍ਰਿਤ ਬਰਾੜ ਕਾਂਝਲਾ, ਗੁਰਪਿਆਰ ਧੂਰਾ, ਇੰਦਰਪਾਲ ਸਿੰਘ ਗੋਲਡੀ, ਲਖਵੀਰ ਸਿੰਘ ਬਮਾਲ, ਸਤੀਸ਼ ਜਿੰਦਲ ਤੇ ਚਮਕੌਰ ਸਿੰਘ ਕੁੰਭੜਵਾਲ ਆਦਿ ਮੌਜੂਦ ਸਨ।

# ਸਿਧਾਰਥ ਤੇ ਕਰਨ ਥਾਪਰ ਵਿਰੁੱਧ ਕੇਸ ਦਰਜ ਕਰਨ ਦੀ ਨਿੰਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਸੂਬਾਈ ਚੇਅਰਮੈਨ ਬਲਵਿੰਦਰ ਜੰਮੂ, ਕਾਰਜਕਾਰੀ ਪ੍ਰਧਾਨ ਜੈ ਸਿੰਘ ਛਿੱਬਰ, ਸਕੱਤਰ ਜਨਰਲ ਭੂਸ਼ਨ ਸੂਦ ਤੇ ਜਥੇਬੰਦਕ ਸਕੱਤਰ ਸੰਤੋਖ ਗਿੱਲ ਨੇ 'ਦ ਵਾਇਰ' ਦੇ ਸੰਸਥਾਪਕ ਸੰਪਾਦਕ ਸਿਧਾਰਥ ਵਰਧਰਾਜਨ ਤੇ ਸਲਾਹਕਾਰ ਸੰਪਾਦਕ ਕਰਨ ਥਾਪਰ ਵਿਰੁੱਧ ਅਸਾਮ ਪੁਲਸ ਵੱਲੋਂ ਕੁੱਝ ਦਿਨਾਂ ਵਿੱਚ ਹੀ ਦੂਜਾ ਕੇਸ ਦਰਜ ਕਰਨ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਆਗੂਆਂ ਨੇ ਅਸਾਮ ਪੁਲਸ ਵੱਲੋਂ ਸੀਨੀਅਰ ਪੱਤਰਕਾਰਾਂ ਖ਼ਿਲਾਫ਼ 'ਭਾਰਤ ਦੀ ਪ੍ਰਭੂਸੱਤਾ ਨੂੰ ਖ਼ਤਰੇ ਵਿੱਚ ਪਾਉਣ' ਦੇ ਦੋਸ਼ਾਂ ਹੇਠ ਦਰਜ ਕੀਤਾ ਕੇਸ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਹੀ ਅਸਾਮ ਪੁਲਸ ਵੱਲੋਂ ਵਰਧਰਾਜਨ ਤੇ ਹੋਰਨਾਂ ਵਿਰੁੱਧ 'ਦ ਵਾਇਰ' ਵਿੱਚ 'ਅਪ੍ਰੇਸ਼ਨ ਸੰਧੂਰ' ਬਾਰੇ ਸਰਕਾਰ ਦੀ ਆਲੋਚਨਾ ਕਰਦਾ ਲੇਖ ਪ੍ਰਕਾਸ਼ਿਤ ਕਰਨ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਕਿਸੇ ਤਰ੍ਹਾਂ ਦੀ ਜ਼ੋਰ ਜ਼ਬਰਦਸਤੀ ਕਰਨ ਤੋਂ ਰਾਹਤ ਦਿੱਤੀ ਸੀ, ਪਰ ਅਸਾਮ ਪੁਲਸ ਨੇ ਦੋਵੇਂ ਪੱਤਰਕਾਰਾਂ ਵਿਰੁੱਧ ਇੱਕ ਹੋਰ ਕੇਸ ਦਰਜ ਕੀਤਾ ਹੈ, ਜੋ ਪ੍ਰੈੱਸ ਦੀ ਅਜ਼ਾਦੀ ਉਪਰ ਸਿੱਧਾ ਹਮਲਾ ਹੈ। ਆਗੂਆਂ ਨੇ ਦੋਸ਼ ਲਾਇਆ ਕਿ ਗੁਹਾਟੀ ਪੁਲਸ ਦੀ ਅਪਰਾਧ ਸ਼ਾਖਾ ਵੱਲੋਂ ਕੇਸ ਸਬੰਧੀ ਕੋਈ ਜਾਣਕਾਰੀ ਸਾਂਝੀ ਕਰਨ ਦੀ ਥਾਂ ਦੋਵੇਂ ਪੱਤਰਕਾਰਾਂ ਨੂੰ 22 ਅਗਸਤ ਨੂੰ ਪੁਲਸ ਸਾਹਮਣੇ ਪੇਸ਼ ਹੋਣ ਦਾ ਹੁਕਮ ਸੁਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਰਬਉੱਚ ਅਦਾਲਤ ਵੱਲੋਂ ਦੇਸ਼ ਧ੍ਰੋਹ ਦੀ ਧਾਰਾ ਦੀ ਸੰਵਿਧਾਨਕਤਾ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਬਾਰੇ ਸੁਣਵਾਈ ਦੌਰਾਨ ਇਸ ਉਪਰ ਅਸਥਾਈ ਰੋਕ ਲਗਾ ਦਿੱਤੀ ਸੀ, ਪਰ ਨਵੇਂ ਕਾਨੂੰਨ ਬੀ. ਐੱਨ. ਐੱਸ. ਦੀ ਧਾਰਾ 152 ਆਈ ਪੀ ਸੀ ਦੀ ਧਾਰਾ 124ਏ ਨਾਲੋਂ ਵੀ ਵਧੇਰੇ ਖ਼ਤਰਨਾਕ ਬਣਾ ਦਿੱਤੀ ਗਈ ਹੈ, ਜਿਸ ਦੀ ਵਰਤੋਂ ਵਿਰੋਧੀ ਅਵਾਜ਼ ਨੂੰ ਬੰਦ ਕਰਨ ਲਈ ਕੀਤੀ ਜਾ ਰਹੀ ਹੈ।

# ਮੀਟਿੰਗਾਂ 'ਚ ਹਾਂ-ਪੱਖੀ ਹੁੰਗਾਰੇ ਦੇ ਬਾਵਜੂਦ ਅਜੇ ਤੱਕ ਮੰਗਾਂ ਓਵੇਂ ਈ ਖੜ੍ਹੀਆਂ : ਗੁਰਜੰਟ ਕੋਕਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਰੋਡਵੇਜ਼ ਕਾਮਿਆਂ ਦੀ ਜਥੇਬੰਦੀ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਬ੍ਰਾਂਚ ਮੋਗਾ ਦੀ ਮੀਟਿੰਗ ਨੱਛਤਰ ਸਿੰਘ ਧਾਲੀਵਾਲ ਭਵਨ 'ਚ ਰਾਜਬੀਰ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ।ਸੈਂਟਰ ਬਾਡੀ ਵੱਲੋਂ ਸੂਬਾ ਸਕੱਤਰ ਗੁਰਜੰਟ ਕੋਕਰੀ, ਗੁਰਦੀਪ ਮੁੱਲਾਂਪੁਰ ਤੇ ਸੁਰਿੰਦਰ ਬਰਾੜ ਸ਼ਾਮਲ ਹੋਏ।ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਦੇਣ ਉਪਰੰਤ ਡਿੱਪੂ ਸਕੱਤਰ ਮਨਦੀਪ ਮੱਖੂ ਵੱਲੋਂ ਹਾਜ਼ਰ ਸਾਥੀਆਂ ਨਾਲ ਸਥਾਨਕ ਮਸਲੇ ਵਿਚਾਰੇ ਗਏ।ਜਥੇਬੰਦਕ ਕੰਮਾਂ ਤੇ ਸਮੂਹ ਸਾਥੀਆਂ ਨੂੰ ਏਕਤਾ ਵਿੱਚ ਰਹਿਣ ਦੀ ਅਪੀਲ ਕੀਤੀ।ਸੂਬਾ ਸਕੱਤਰ ਗੁਰਜੰਟ ਕੋਕਰੀ ਨੇ ਕਿਹਾ ਕਿ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਨਾਲ ਮੁਲਾਜ਼ਮ ਮੰਗਾਂ ਸਬੰਧੀ ਹੋਈਆਂ ਮੀਟਿੰਗਾਂ ਵਿੱਚ ਠੀਕ ਹੁੰਗਾਰਾ ਜ਼ਰੂਰ ਮਿਲਿਆ ਹੈ, ਪ੍ਰੰਤੂ ਮੰਗਾਂ ਅਜੇ ਤੱਕ ਓਵੇਂ ਈ ਖੜ੍ਹੀਆਂ ਹਨ।ਵਰਕਸ਼ਾਪਾਂ ਬੇਹੱਦ ਖ਼ਸਤਾ ਹਾਲ ਹਨ, ਸਪੇਅਰ ਪਾਰਟ ਤੇ ਟਾਇਰਾਂ ਦੀ ਭਾਰੀ ਕਮੀ ਹੋਣ ਕਾਰਨ ਬੱਸਾਂ ਹਜ਼ਾਰਾਂ ਕਿਲੋਮੀਟਰ ਮਿਸ ਹੋ ਰਹੇ ਹਨ।ਉੱਚ ਅਧਿਕਾਰੀਆਂ ਵੱਲੋਂ ਫੰਡ ਨਾ ਹੋਣ ਦੀ ਦੁਹਾਈ ਦਿੱਤੀ ਜਾ ਰਹੀ ਹੈ।ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਮਹਿਕਮੇ ਨੂੰ ਤੁਰੰਤ ਫੰਡ ਜਾਰੀ ਕਰੇ ਤਾਂ ਜੋ ਆਮ ਲੋਕਾਂ ਨੂੰ ਸਸਤੀਆਂ ਸਫ਼ਰ ਸਹੂਲਤਾਂ ਦੇਣ ਵਾਲਾ ਰੋਡਵੇਜ਼ ਅਦਾਰਾ ਚੱਲਦਾ ਰਹੇ।ਔਰਤਾਂ ਨੂੰ ਦਿੱਤੇ ਜਾ ਰਹੇ ਮੁਫਤ ਸਫ਼ਰ ਸਹੂਲਤ ਦਾ ਕਰੋੜਾਂ ਰੁਪਏ ਸਰਕਾਰ ਵੱਲ ਬਕਾਇਆ ਖੜ੍ਹਾ ਹੈ।ਖਾਲੀ ਪਈਆਂ ਆਸਾਮੀਆਂ ਨੂੰ ਤੁਰੰਤ ਭਰਨਾ, ਪੁਰਾਣੀ ਪੈਨਸ਼ਨ ਲਾਗੂ ਕਰਨਾ, ਰਹਿੰਦੀਆਂ ਪ੍ਰਮੋਸ਼ਨ, ਕੰਟਰੈਕਟ ਕਾਮਿਆਂ ਨੂੰ ਪੱਕੇ ਕਰਨਾ ਅਹਿਮ ਮੰਗਾ ਹਨ।ਇਸ ਵਾਰ ਦੀਵਾਲੀ ਹੋਣ ਕਾਰਨ ਸ਼ਹੀਦ ਨੱਛਤਰ ਧਾਲੀਵਾਲ ਦੀ ਬਰਸੀ 17 ਅਕਤੂਬਰ ਨੂੰ ਮਨਾਈ ਜਾਵੇਗੀ।ਇਸ ਸਮੇਂ ਸਤਪਾਲ ਸਿੰਘ ਚੇਅਰਮੈਨ, ਜਗਪਾਲ ਸਿੰਘ ਐਕਟਿੰਗ ਪ੍ਰਧਾਨ, ਸਤਨਾਮ ਸਿੰਘ ਸੀਵੀਆ, ਗੁਰਪ੍ਰੀਤ ਸਿੰਘ ਧੂਹੜ, ਬਲਰਾਜ ਸਿੰਘ, ਸਮਿੰਦਰਪਾਲ ਸਿੰਘ, ਮਨਪ੍ਰੀਤ ਸਿੰਘ, ਗੁਰਦੀਪ ਸਿੰਘ ਮੁਲਾਂਪੁਰ ਤੇ ਹੋਰ ਸਾਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 'ਆਪ' ਦੇ ਰਾਜ 'ਚ ਆਮ ਆਦਮੀ ਹੀ ਸੁਰੱਖਿਅਤ ਨਹੀਂ : ਹਰਦਿਆਲ ਕੰਬੋਜ

## ਵੋਟ ਚੋਰਾਂ ਦੇ ਹੱਥ ਦੇਸ਼ ਦਾ ਸੰਵਿਧਾਨ ਤੇ ਲੋਕਤੰਤਰ ਸੁਰੱਖਿਅਤ ਨਹੀਂ : ਡਾਲਵੀ



**ਪਟਿਆਲਾ/ਰਾਜਪੁਰਾ (ਰਾਜਿੰਦਰ ਥਿੰਦ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਆਗਾਜ਼ ਕਰ ਦਿੱਤਾ ਗਿਆ ਹੈ। ਇਸ ਤਹਿਤ ਵਿਧਾਨ ਸਭਾ ਹਲਕਾ ਰਾਜਪੁਰਾ ਤੋਂ ਕਾਂਗਰਸ ਦੇ ਹਲਕਾ ਇੰਚਾਰਜ, ਸਾਬਕਾ ਵਿਧਾਇਕ ਹਰਦਿਆਲ ਕੰਬੋਜ ਦੀ ਅਗਵਾਈ ਹੇਠ ਰਾਜਪੁਰਾ ਵਿਖੇ ਕਾਂਗਰਸ ਪਾਰਟੀ ਵੱਲੋਂ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਹਲਕੇ ਦੇ ਸਮੂਹ ਬਲਾਕ ਪ੍ਰਧਾਨਾਂ, ਅਹੁਦੇਦਾਰਾਂ ਤੇ ਕਾਂਗਰਸੀ ਵਰਕਰਾਂ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਸ਼ਮੂਲੀਅਤ ਕੀਤੀ ਗਈ।ਡਾਲਵੀਆ ਨੇ ਕਿਹਾ ਕਿ ਦੇਸ਼ ਭਰ ਵਿੱਚ ਕਾਂਗਰਸ ਸੰਗਠਨ ਨੂੰ ਮਜ਼ਬੂਤ ਕਰਨ ਲਈ ਪਾਰਟੀ ਹਾਈਕਮਾਨ ਵੱਲੋਂ ਸੰਗਠਨ ਸਿਰਜਣ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਪੰਜਾਬ ਵਿੱਚ 90 ਆਬਜ਼ਰਵਰ ਲਗਾਏ ਗਏ ਹਨ, ਜੋ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਜਾ ਕੇ ਵਰਕਰਾਂ ਨਾਲ ਗੱਲਬਾਤ ਕਰਕੇ ਫੀਡ ਬੈਕ ਲੈਣਗੇ।ਬੇਸ਼ੱਕ ਇਹ ਇੱਕ ਮੀਟਿੰਗ ਸੀ, ਪ੍ਰੰਤੂ ਵਰਕਰਾਂ ਵਿੱਚ ਇੰਨਾ ਉਤਸ਼ਾਹ ਸੀ ਕਿ ਇਸ ਮੀਟਿੰਗ ਨੇ ਰੈਲੀ ਦਾ ਰੂਪ ਧਾਰ ਲਿਆ।ਇਸ ਮੌਕੇ ਪੰਜਾਬ ਕਾਂਗਰਸ ਦੇ ਸਹਿ-ਇੰਚਾਰਜ ਰਵਿੰਦਰ ਉੱਤਮ ਰਾਓ ਡਾਲਵੀ ਨੇ ਸੰਬੋਧਨ ਕਰਦਿਆਂ ਭਾਜਪਾ ਤੇ ਵੋਟ ਚੋਰੀ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਵੋਟ ਚੋਰੀ ਕਰਨ ਵਾਲੇ ਲੋਕਾਂ ਦੇ ਹੱਥ ਦੇਸ਼, ਸੰਵਿਧਾਨ ਤੇ ਲੋਕਤੰਤਰ ਸੁਰੱਖਿਅਤ ਨਹੀਂ ਹੈ।ਉਨ੍ਹਾਂ ਕਿਹਾ ਕਿ ਸੰਵਿਧਾਨ ਨੇ ਲੋਕਾਂ ਨੂੰ ਵੋਟ ਦਾ ਅਧਿਕਾਰ ਦਿੱਤਾ ਹੈ, ਜਦੋਂਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਚੋਣ ਕਮਿਸ਼ਨਰ ਉਨ੍ਹਾਂ ਤੋਂ ਵੋਟ ਖੋਹ ਰਹੇ ਹਨ।ਉਨ੍ਹਾਂ ਕਿਹਾ ਕਿ ਭਾਜਪਾ ਦੀ ਇਸ ਮਾੜੀ ਰਾਜਨੀਤੀ ਤਹਿਤ ਦੇਸ਼ ਵਾਸੀਆਂ ਦੇ ਪਹਿਲਾਂ ਵੋਟ ਕਾਰਡ ਜਾਵੇਗਾ, ਫਿਰ ਰਾਸ਼ਨ ਕਾਰਡ ਜਾਣਗੇ ਤੇ ਫਿਰ ਲੋਕਾਂ ਦੀ ਜ਼ਮੀਨ ਅਡਾਨੀ ਤੇ ਅੰਬਾਨੀ ਨੂੰ ਸੌਂਪ ਦਿੱਤੀ ਜਾਵੇਗੀ।ਉਨ੍ਹਾਂ ਕਾਂਗਰਸੀ ਆਗੂਆਂ, ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦੀ ਇਸ ਮਾੜੀ ਰਾਜਨੀਤੀ ਦਾ ਡੱਟ ਕੇ ਵਿਰੋਧ ਕਰਨ। ਇਸ ਮੌਕੇ ਸਾਬਕਾ ਵਿਧਾਇਕ ਹਰਦਿਆਲ ਕੰਬੋਜ ਨੇ ਕਿਹਾ ਕਿ ਪੰਜਾਬ ਅੰਦਰ ਅੱਜ ਭਗਵੰਤ ਮਾਨ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਲੈਂਡ ਪੂਲਿੰਗ ਨੀਤੀ ਬਣਾ ਕੇ ਹਥਿਆਉਣ ਦੀ ਸਾਜ਼ਿਸ਼ ਘੜ ਰਹੀ ਹੈ, ਉਥੇ ਸੂਬੇ ਦੀ ਅਰਥ ਵਿਵਸਥਾ ਡਾਵਾਂਡੋਲ ਹੋਣ ਕਾਰਨ ਪੰਜਾਬ ਦਾ ਸਰਵ-ਪੱਖੀ ਵਿਕਾਸ ਨਾ ਹੋਣ ਕਾਰਨ ਆਮ ਆਦਮੀ ਪਾਰਟੀ ਵੱਲੋਂ ਦਿਖਾਏ ਸੁਪਨੇ ਚੂਰ-ਚੂਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਰਾਜਭਾਗ ਤੋਂ ਇੰਨੇ ਦੁਖੀ ਹਨ ਕਿ ਉਹ 2027 ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਦਾ ਤਖਤਾ ਪਲਟਣ ਲਈ ਪੱਬਾਂ ਭਾਰ ਹਨ।ਇਸ ਮੌਕੇ ਮਹੰਤ ਹਰਵਿੰਦਰ ਸਿੰਘ ਖਨੌੜਾ, ਕੋਆਰਡੀਨੇਟਰ ਚਮਨ ਲਾਲ ਕਲਵਾਨੂੰ ਤੇ ਮੀਡੀਆ ਇੰਚਾਰਜ ਹਰਦੀਪ ਸਿੰਘ ਕਿੰਗਰਾ, ਨਗਰ ਕੌਂਸਲ ਪ੍ਰਧਾਨ ਨਰਿੰਦਰ ਸ਼ਾਸਤਰੀ, ਬਲਾਕ ਪ੍ਰਧਾਨ ਬਲਦੇਵ ਸਿੰਘ ਗੱਦੋਮਾਜਰਾ, ਨਗਰ ਕੌਂਸਲ ਬਨੂੜ ਦੇ ਪ੍ਰਧਾਨ ਜਗਤਾਰ ਸਿੰਘ ਕੰਬੋਜ ਸਮੇਤ ਸਾਰੇ ਕਾਂਗਰਸੀ ਕੌਂਸਲਰ, ਪਿੰਡਾਂ ਤੇ ਸ਼ਹਿਰਾਂ ਤੋਂ ਆਏ ਸੈਂਕੜੇ ਵਰਕਰ ਮੌਜੂਦ ਸਨ।

# ਕੈਂਪ ਬੰਦ ਕਰਾਉਣ 'ਤੇ ਭਾਜਪਾ ਵੱਲੋਂ ਸਰਕਾਰ ਖਿਲਾਫ ਪ੍ਰਦਰਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਭਾਜਪਾ ਵੱਲੋਂ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ ਤੇ ਸਾਬਕਾ ਡੀਟੀਓ ਗੁਰਚਰਨ ਸਿੰਘ ਸੰਧੂ ਦੀ ਸਾਂਝੀ ਅਗਵਾਈ ਹੇਠ ਸ਼ੁੱਕਰਵਾਰ ਨੂੰ ਘਾਹ ਮੰਡੀ ਚੌਕ ਵਿਖੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਗਿਆ।ਇਸ ਦੌਰਾਨ ਭਾਜਪਾ ਆਗੂਆਂ ਤੇ ਵਰਕਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਸਰਕਾਰ ਦਾ ਜੰਮ ਕੇ ਪਿੱਟ ਸਿਆਪਾ ਕੀਤਾ ਤੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਭੜਾਸ ਕੱਢੀ।ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੋਰਾ ਪਠੇਲਾ, ਰਾਈਸ ਮਿਲ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਭਾਰਤ ਭੂਸ਼ਣ ਬਿੰਟਾ, ਸੰਦੀਪ ਗਿਰਧਰ, ਮੰਡਲ ਚੜ੍ਹਦੀ ਕਲਾ ਦੇ ਪ੍ਰਧਾਨ ਪੂਜਾ ਕੱਕੜ, ਸਾਬਕਾ ਪ੍ਰਧਾਨ ਰਾਜਕੁਮਾਰ ਭਟੇਜਾ ਮੇਲੂ, ਸਪੋਕਸਪਰਸਨ ਮਿੰਕਲ ਬਜਾਜ, ਸਾਬਕਾ ਡੀਟੀਓ ਗੁਰਚਰਨ ਸਿੰਘ ਸੰਧੂ, ਭਾਈ ਰਾਹੁਲ ਸਿੱਧੂ ਆਦਿ ਬੁਲਾਰਿਆਂ ਨੇ ਕਿਹਾ ਕਿ ਇਹ ਸਰਕਾਰ ਭਾਜਪਾ ਦੀ ਚੜ੍ਹਦੀ ਕਲਾ ਦੇਖ ਕੇ ਘਬਰਾਹਟ 'ਚ ਆ ਗਈ ਹੈ ਤੇ ਭਾਜਪਾ ਦੇ ਕੈਂਪਾਂ ਨੂੰ ਜਾਣ-ਬੁੱਝ ਕੇ ਰੋਕਿਆ ਜਾ ਰਿਹਾ ਹੈ ਤਾਂ ਜੋ ਲੋਕ ਭਾਜਪਾ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਨਾਲ ਨਾ ਜੁੜ ਜਾਣ।ਇਸ ਮੌਕੇ ਮੰਡਲ 2 ਦੇ ਪ੍ਰਧਾਨ ਹਰੀਸ਼ ਵਾਟਸ, ਮੰਡਲ 3 ਦੇ ਪ੍ਰਧਾਨ ਰਾਜਿੰਦਰ ਭੁਜੀਆ ਵਾਲੇ, ਸਤੀਸ਼ ਭਠੇਜਾ, ਅਸ਼ਵਨੀ ਗਿਰਧਰ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਵਿੰਦਰ ਕਟਾਰੀਆ, ਰਾਜੀਵ ਦਾਬੜਾ, ਪਿੰਦਰ ਸਰਪੰਚ, ਭੰਵਰ ਲਾਲ, ਕਪਿਲ ਧੂੜੀਆ, ਅਨੁਰਾਗ ਸ਼ਰਮਾ, ਅਖਿਲ ਭਾਰਤੀ, ਨੀਟਾ ਤੰਵਰ, ਰਾਹੁਲ ਕਟਾਰੀਆ, ਨਵੀਨ ਕੁਮਾਰ ਨਵੀ ਮੋਰਵਾਲ, ਮਨੀਸ਼ ਧਮੀਜਾ, ਸ਼ਿਵ ਨੰਦਨ ਕਟਾਰੀਆ, ਰਾਹੁਲ ਬਜਾਜ, ਦੀਪੂ ਭਾਟੀਆ, ਸਮਿੰਦਰ ਸਿੰਘ ਸੇਖੋਂ, ਸੁਖਦੇਵ ਸੁੱਖਾ ਆਦਿ ਹਾਜ਼ਰ ਸਨ।

# ਰੇਲ ਗੱਡੀ ਦੇ ਠਹਿਰਾਅ ਦਾ ਐਲਾਨ ਹੋਇਆ, ਪਰ ਪਰਨਾਲਾ ਉੱਥੇ ਦਾ ਉੱਥੇ



**ਲਹਿਰਾਗਾਗਾ (ਪਵਨ ਸ਼ਰਮਾ)**

ਹਿਸਾਰ-ਜਾਖਲ-ਧੂਰੀ-ਲੁਧਿਆਣਾ ਰੇਲਵੇ ਸਟੇਸ਼ਨ ਗੋਬਿੰਦਗੜ੍ਹ ਖੋਖਰ ਯਾਤਰੂ ਗੱਡੀਆਂ ਦੇ ਠਹਿਰਾਓ ਦੇ ਮਾਮਲੇ ਦਾ ਪਰਨਾਲਾ ਉੱਥੇ ਦਾ ਉੱਥੇ ਹੀ ਖੜਾ ਹੈ, ਹਾਲਾਂਕਿ ਰੇਲਵੇ ਵਿਭਾਗ ਦੇ ਅਧਿਕਾਰੀਆਂ ਨੇ ਇਸ ਸਟੇਸ਼ਨ 'ਤੇ ਯਾਤਰੀਆਂ ਗੱਡੀਆਂ ਦੇ ਠਹਿਰਾਓ ਨੂੰ ਮੁੜ ਬਹਾਲ ਕਰਨ ਦੇ ਲਿਖਤੀ ਹੁਕਮ ਵੀ ਜਾਰੀ ਕਰ ਦਿੱਤੇ ਹਨ, ਪ੍ਰੰਤੂ ਇਸ ਨੂੰ ਅਜੇ ਤੱਕ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ।

ਡਾ. ਦੇਵ ਰਾਜ ਡੀ.ਏ.ਵੀ. ਪਬਲਿਕ ਸਕੂਲ ਖਾਈ/ਲਹਿਰਾਗਾਗਾ ਦੇ ਮੈਨੇਜਿੰਗ ਡਾਇਰੈਕਟਰ ਪ੍ਰਵੀਨ ਖੋਖਰ ਨੇ ਦੱਸਿਆ ਕਿ ਇਹ ਸਟੇਸ਼ਨ ਜਿਹੜਾ ਕਿ ਪਿੰਡ ਖੋਖਰ ਖੁਰਦ, ਖੋਖਰ ਕਲਾਂ ਤੇ ਗੋਬਿੰਦਗੜ੍ਹ ਦਾ ਸਾਂਝਾ ਸਟੇਸ਼ਨ ਹੈ।ਇਸ ਸਟੇਸ਼ਨ 'ਤੇ ਪਿੰਡ ਸੰਗਤਪੁਰਾ, ਚੰਗਾਲੀਵਾਲਾ, ਸੰਗਤੀਵਾਲਾ, ਅੜਕਵਾਸ, ਗੰਢਆਂ ਭੈਣੀ, ਲਦਾਲ, ਨੰਗਲਾ ਆਦਿ ਸਮੇਤ ਹੋਰਨਾਂ ਪਿੰਡਾਂ ਦੇ ਵਸਨੀਕ ਸੰਗਰੂਰ, ਸੁਨਾਮ, ਧੂਰੀ, ਲੁਧਿਆਣਾ, ਜਾਖਲ, ਹਿਸਾਰ, ਲਹਿਰਾਗਾਗਾ ਸਮੇਤ ਹੋਰਨਾਂ ਦੂਰ-ਦੁਰਾੜੇ ਸ਼ਹਿਰਾਂ ਵਿੱਚ ਆਪਣੇ ਰੋਜ਼ਮਰਾ ਦੀ ਕੰਮਾਂ-ਕਾਜਾਂ ਲਈ ਇਸ ਸਟੇਸ਼ਨ ਤੋਂ ਆਉਂਦੇ-ਜਾਂਦੇ ਸਨ, ਪ੍ਰੰਤੂ ਯਾਤਰੀਆਂ ਗੱਡੀਆਂ ਦੇ ਠਹਿਰਾਓ ਨਾ ਹੋਣ ਕਰਕੇ ਉਨ੍ਹਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਬਹੁਤੇ ਪਿੰਡਾਂ 'ਚ ਦੀ ਬੱਸ ਸਰਵਿਸ ਵੀ ਨਹੀਂ ਹੈ, ਜਿਸ ਕਰਕੇ ਇਨ੍ਹਾਂ ਦੀਆਂ ਮੁਸ਼ਕਲਾਂ ਵਿੱਚ ਹੋਰ ਵੀ ਵਾਧਾ ਹੁੰਦਾ ਹੈ।ਜ਼ਿਕਰਯੋਗ ਗੱਲ ਇਹ ਵੀ ਹੈ ਕਿ ਕੋਵਿਡ ਸਮੇਂ ਤੋਂ ਪਹਿਲਾਂ ਇਸ ਸਟੇਸ਼ਨ ਤੇ ਸਵੇਰੇ 5 ਵਜੇ ਤੋਂ ਲੈ ਕੇ ਸ਼ਾਮੀ 9 ਵਜੇ ਤੱਕ ਦਰਜਨਾਂ ਯਾਤਰੀ ਗੱਡੀਆਂ ਦੇ ਠਹਿਰਾਓ ਹੁੰਦੇ ਸਨ, ਜਿਸ ਤੋਂ ਰੇਲ ਵਿਭਾਗ ਨੂੰ ਚੋਖੀ ਆਮਦਨੀ ਹੁੰਦੀ ਸੀ ।ਉਨ੍ਹਾਂ ਦੱਸਿਆ ਕਿ ਸਮੇਂ-ਸਮੇਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਮਰਹੂਮ ਸੁਖਦੇਵ ਸਿੰਘ ਢੀਂਡਸਾ, ਤਤਕਾਲੀ ਪਾਰਲੀਮੈਂਟ ਮੈਂਬਰ ਸਿਮਰਜੀਤ ਸਿੰਘ ਮਾਨ, ਮੈਂਬਰ ਪਾਰਲੀਮੈਂਟ ਮੀਤ ਹੇਅਰ, ਭਾਜਪਾ ਪੰਜਾਬ ਦੇ ਸੀਨੀਅਰ ਆਗੂ ਸ਼੍ਰੀ ਅਰਵਿੰਦ ਖੰਨਾ, ਮੈਡਮ ਦਮਨ ਬਾਜਵਾ ਤੇ ਹਰਮਨ ਬਾਜਵਾ ਆਦਿ ਸਮੇਤ ਹੋਰ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਸੀਨੀਅਰ ਨੇਤਾਵਾਂ ਰਾਹੀਂ ਕੇਂਦਰੀ ਰੇਲ ਮੰਤਰੀ ਦੇ ਨਾਂਅ ਭੇਜੇ ਪੱਤਰਾਂ ਦਾ ਅਸਰ ਇਹ ਹੋਇਆ ਕਿ ਇਸ ਸਟੇਸ਼ਨ ਤੇ ਪੱਤਰ ਨੰ. 2023/ਸੀ.ਐੱਚ.ਜੀ/13/13 ਮਿਤੀ 05/08/2025 ਗੱਡੀ ਨੰ.54605 (ਚੁਰੂ-ਲੁਧਿਆਣਾ ਜੰ. ਪੈਸੇਂਜਰ) ਗੱਡੀ ਨੰਬਰ 54634 (ਲੁਧਿਆਣਾ ਜੰ.-ਭਿਵਾਨੀ ਪੈਸੇਂਜਰ), ਗੱਡੀ ਨੰਬਰ 54633 (ਸਿਰਸਾ-ਲੁਧਿਆਣਾ ਜੰ. ਪੈਸੇਂਜਰ) ਗੱਡੀ ਨੰਬਰ 54631 (ਭਿਵਾਨੀ-ਧੂਰੀ ਪੈਸੇਂਜਰ), ਗੱਡੀ ਨੰਬਰ 54632 (ਧੂਰੀ-ਸਿਰਸਾ ਪੈਸੇਂਜਰ) ਗੱਡੀਆਂ ਦੇ ਠਹਿਰਾਓ ਮੁੜ ਬਹਾਲ ਕਰ ਦਿੱਤੇ ਗਏ, ਪੰਤੂ ਅਮਲੀ ਤੌਰ 'ਤੇ ਅਜੇ ਤੱਕ ਇਹ ਗੱਡੀਆਂ ਸਟੇਸ਼ਨ 'ਤੇ ਰੁਕਣੀਆਂ ਨਹੀਂ ਸ਼ੁਰੂ ਹੋਈਆਂ।ਉਨ੍ਹਾਂ ਕੇਂਦਰੀ ਰੇਲ ਮੰਤਰੀ ਤੋਂ ਇਲਾਵਾ ਕੇਂਦਰੀ ਰੇਲਵੇ ਰਾਜ ਮੰਤਰੀ ਤੋਂ ਮੰਗ ਕੀਤੀ ਹੈ ਕਿ ਗੱਡੀਆਂ ਦੇ ਠਹਿਰਾਓ ਸਬੰਧੀ ਜਾਰੀ ਕੀਤੇ ਪੱਤਰ 'ਤੇ ਅਮਲ ਕਰਦੇ ਹੋਏ ਤੁਰੰਤ ਗੱਡੀਆਂ ਰੁਕਣੀਆਂ ਸ਼ੁਰੂ ਕਰਾਈਆਂ ਜਾਣ ਤਾਂ ਜੁ ਲੋਕਾਂ ਦੀ ਲਟਕਦੀ ਆ ਰਹੀ ਮੰਗ ਪੂਰੀ ਹੋ ਸਕੇ।

## ਯੂਨੀਵਰਸਿਟੀ ਕਾਲਜ 'ਚ ਸਦਭਾਵਨਾ ਦਿਵਸ ਮਨਾਇਆ



**ਧੂਰੀ (ਮਹਿੰਦਰ ਸਿੰਘ ਸੱਗੂ)**-ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ) ਵਿਖੇ ਸਦਭਾਵਨਾ ਦਿਵਸ ਮਨਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਨੇ ਸਦਭਾਵਨਾ ਤੇ ਏਕਤਾ ਦੇ ਮਹੱਤਵ ਬਾਰੇ ਜਾਣਕਾਰੀ ਦਿੰਦਿਆ ਕਿਹਾ ਕਿ ਇਸ ਦਿਵਸ ਦਾ ਮੁੱਖ ਮੰਤਵ ਸੱਭਿਆਚਾਰਕ, ਧਾਰਮਿਕ ਤੇ ਵੱਖ-ਵੱਖ ਤਰ੍ਹਾਂ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਭਲਾਈ ਲਈ ਕੰਮ ਕਰਨਾ ਹੈ। ਉਨ੍ਹਾਂ ਕਾਲਜ ਵਿਦਿਆਰਥੀਆਂ ਨੂੰ ਮਿਲ-ਜੁਲ ਕੇ ਰਹਿਣ ਦਾ ਸੰਦੇਸ਼ ਦਿੱਤਾ। ਡਾ. ਊਸ਼ਾ ਜੈਨ ਨੇ ਮੁੱਖ ਬੁਲਾਰੇ ਵਜੋਂ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਦਭਾਵਨਾ ਤੇ ਏਕਤਾ ਹੀ ਦੇਸ਼ ਤੇ ਸਮਾਜ ਦੇ ਵਿਕਾਸ ਲਈ ਜ਼ਰੂਰੀ ਹੈ। ਇਸ ਸਮੇਂ ਐੱਨ ਐੱਸ ਐੱਸ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਕੁਮਾਰ, ਰੈੱਡ ਰਿਬਨ ਕਲੱਬ ਦੇ ਕੋਆਰਡੀਨੇਟਰ ਡਾ. ਗਗਨਦੀਪ ਸਿੰਘ, ਡਾ. ਰਾਕੇਸ਼ ਕੁਮਾਰ ਤੋਂ ਇਲਾਵਾ ਬਹੁਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

## ਮੁਫ਼ਤ ਆਯੂਸ਼ ਆਯੁਰਵੇਦਿਕ ਹੋਮਿਓਪੈਥੀ ਕੈਂਪ ਲਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਡਾਇਰੈਕਟਰ ਆਯੁਰਵੇਦਾ ਪੰਜਾਬ ਡਾ. ਰਵੀ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਤੇ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫਸਰ ਡਾ. ਮਲਕੀਅਤ ਸਿੰਘ ਘੱਗਾ ਤੇ ਜ਼ਿਲ੍ਹਾ ਹੋਮਿਓਪੈਥੀ ਅਫਸਰ ਡਾ. ਰਹਿਮਾਨ ਅਸਦ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਸ੍ਰੀ ਟਿੱਬੀ ਸਾਹਿਬ, ਹਰੇੜੀ ਰੋਡ, ਕਰਤਾਰਪੁਰਾ ਵਿਖੇ ਆਯੂਸ਼ ਮੈਡੀਕਲ ਕੈਂਪ, ਆਯੁਰਵੈਦਿਕ ਤੇ ਹੋਮਿਓਪੈਥਿਕ ਕੈਂਪ ਲਾਇਆ ਗਿਆ। ਕੈਂਪ ਦਾ ਉਦਘਾਟਨ ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਤੇ ਸੂਬਾਈ ਪੈਨਸ਼ਨਰ ਆਗੂ ਸਮਾਜ ਸੇਵੀ ਸ੍ਰੀ ਰਾਜ ਕੁਮਾਰ ਅਰੋੜਾ ਨੇ ਕੀਤਾ। ਉਨ੍ਹਾਂ ਨਾਲ ਆਰਗੇਨਾਈਜ਼ਰ ਕਰਨੈਲ ਸਿੰਘ ਸੇਖੋਂ, ਰਾਮ ਕੁਮਾਰ ਬਾਂਸਲ, ਰਵਿੰਦਰ ਸਿੰਘ ਗੁੱਡੂ, ਲਾਲ ਚੰਦ ਸੈਣੀ, ਜਸਵੀਰ ਸਿੰਘ ਖ਼ਾਲਸਾ, ਡਾ. ਮਨਮੋਹਨ ਸਿੰਘ, ਬਾਪੂ ਰਾਮ ਸਰੂਪ ਅਲੀਸ਼ੇਰ, ਓਮ ਪ੍ਰਕਾਸ਼ ਖਿੱਪਲ, ਕੰਵਲਜੀਤ ਸਿੰਘ, ਆਰ.ਐੱਸ.ਪਾਂਧੀ, ਜਵਾਹਰ ਲਾਲ ਸ਼ਰਮਾ, ਵਿਸ਼ੇਸ਼ੀ ਲਾਲ, ਮਹੇਸ਼ ਕੁਮਾਰ ਜੋਹਰ, ਨਿਰਮਲ ਐਵਾਰਡੀ ਸਤਦੇਵ ਸ਼ਰਮਾ ਆਦਿ ਵੀ ਮੌਜੂਦ ਸਨ। ਕੈਂਪ ਵਿੱਚ ਆਯੁਰਵੈਦਿਕ ਵਿਭਾਗ ਵੱਲੋਂ 433 ਅਤੇ ਹੋਮਿਓਪੈਥੀ ਵਿਭਾਗ ਵੱਲੋਂ 209 ਕੁੱਲ 642 ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਵਿੱਚ ਸੀਨੀਅਰ ਮੈਡੀਕਲ ਅਫ਼ਸਰ ਫਿਜ਼ੀਸ਼ੀਅਨ ਡਾ. ਰਵੀਕਾਂਤ ਮਦਾਨ, ਆਯੁਰਵੈਦਿਕ ਮੈਡੀਕਲ ਅਫਸਰ ਡਾ. ਰਜਨੀ ਬਾਲਾ, ਕੈਂਪ ਇੰਚਾਰਜ ਰਮਨਦੀਪ ਕੁਮਾਰ, ਹੋਮਿਓਪੈਥੀ ਮੈਡੀਕਲ ਅਫਸਰ ਡਾ. ਅਮਰਿੰਦਰ ਕੌਰ ਤੇ ਡਾ. ਸਿਮਰਨ ਕੌਰ, ਉਪ ਵੈਦ ਸ੍ਰੀਮਤੀ ਈਸ਼ਾ ਗੋਇਲ, ਸ੍ਰੀਮਤੀ ਮਨਪ੍ਰੀਤ ਕੌਰ, ਸ੍ਰੀ ਅਮਿਤ ਕੁਮਾਰ, ਸ੍ਰੀ ਕੈਲਾਸ਼ ਮਿੱਤਲ, ਫਾਰਮਾਸਿਸਟ ਹੋਮਿਓਪੈਥੀ ਕਰਨੈਲ ਸਿੰਘ, ਸ੍ਰੀਮਤੀ ਬਬੀਤਾ ਰਾਣੀ ਵੱਲੋਂ ਮਰੀਜ਼ਾਂ ਦਾ ਚੰਗੀ ਤਰ੍ਹਾਂ ਚੈੱਕਅਪ ਕੀਤਾ ਗਿਆ ਤੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ।

## ਡਾ. ਦੇਵ ਰਾਜ ਡੀ ਏ ਵੀ ਸਕੂਲ ਨੇ ਸਥਾਪਨਾ ਦਿਵਸ ਮਨਾਇਆ



**ਲਹਿਰਾਗਾਗਾ (ਪਵਨ ਸ਼ਰਮਾ)**-ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ (ਰਜਿ.) ਦੀ ਅਗਵਾਈ ਵਿੱਚ ਚਲਾਏ ਜਾ ਰਹੇ ਡਾ. ਦੇਵ ਰਾਜ ਡੀ.ਏ.ਵੀ. ਪਬਲਿਕ ਸਕੂਲ ਨੇ ਆਪਣਾ 36ਵਾਂ ਸਥਾਪਨਾ ਦਿਵਸ ਬੜੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਵਿਦਿਆਰਥੀਆਂ, ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਸਕੂਲ ਪ੍ਰਬੰਧਕ ਪ੍ਰਵੀਨ ਖੋਖਰ, ਲੱਕੀ ਖੋਖਰ, ਅਨਿਰੁੱਧ ਕੌਸ਼ਲ ਨੇ ਕਿਹਾ ਕਿ 21 ਅਗਸਤ 1989 ਨੂੰ ਡਾ. ਦੇਵ ਰਾਜ ਡੀ.ਏ.ਵੀ. ਪਬਲਿਕ ਸਕੂਲ/ਖੋਖਰ ਪਬਲਿਕ ਸਕੂਲ ਨੇ ਵਿੱਦਿਆ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ ਸੀ, ਆਪਣੇ ਹੁਣ ਤੱਕ ਦੇ ਤੈਅ ਕੀਤੇ ਸਫ਼ਰ ਦੌਰਾਨ ਇਸ ਸੰਸਥਾ ਨੇ ਅਨੇਕਾਂ ਔਕੜਾਂ, ਖ਼ੁਸ਼ੀਆਂ-ਗ਼ਮੀਆਂ, ਤੰਗੀਆਂ-ਤੁਰਸ਼ੀਆਂ ਸੰਗ ਗੁਜ਼ਰਦਿਆਂ ਨਾ ਸਿਰਫ਼ ਵਿੱਦਿਆ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰਦੇ ਇਲਾਕੇ ਦੇ ਲੋਕਾਂ ਨੂੰ ਦਿੱਤੀਆਂ, ਸਗੋਂ ਵਿਗਿਆਨ, ਖੇਡਾਂ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੀ ਵੱਡੀਆਂ ਪ੍ਰਾਪਤੀਆਂ ਕਰਕੇ ਸਿਰਫ਼ ਪੰਜਾਬ ਵਿੱਚ ਹੀ ਨਹੀਂ, ਸਗੋਂ ਦੇਸ਼ ਵਿੱਚ ਵੀ ਨਾਮ ਰੌਸ਼ਨ ਕੀਤਾ ਹੈ। ਇਸ ਸਮੇਂ ਕਰਾਏ ਗਏ ਬਾਲ ਵਿੱਦਿਅਕ ਮੁਕਾਬਲੇ ਦੇ ਲੇਖ-ਲੇਖਣੀ ਮੁਕਾਬਲੇ ਦੇ ਜੂਨੀਅਰ ਵਰਗ ਵਿੱਚੋਂ ਹਰਪ੍ਰੀਤ ਕੌਰ ਨੇ ਪਹਿਲਾ ਤੇ ਕਾਰਤਿਕ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਜਦਕਿ ਸੀਨੀਅਰ ਵਰਗ ਵਿੱਚੋਂ ਹਰਮਨਪ੍ਰੀਤ ਕੌਰ ਨੇ ਪਹਿਲਾ ਪਲਕ ਪ੍ਰੀਤ ਕੌਰ ਨੇ ਦੂਜਾ ਤੇ ਜਸ਼ਨਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸੁੰਦਰ ਲਿਖਾਈ ਵਿੱਚ ਜਸਮੀਤ ਕੌਰ ਨੇ ਪਹਿਲਾ, ਅਰਾਧਨਾ ਨੇ ਦੂਜਾ ਤੇ ਬਲਕਰਨ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਵਿਤਾ ਉਚਾਰਨ ਮੁਕਾਬਲੇ ਵਿੱਚੋਂ ਗੁਰਨਕਸ਼ ਸਿੰਘ, ਗੁਰਲੀਨ ਕੌਰ ਤੇ ਯਸ਼ ਪਹਿਲਾ, ਮੋਨਿਕਾ ਰਾਣੀ, ਸਹਿਨਾਜ਼ ਤੇ ਵਿਸ਼ਵਪ੍ਰੀਤ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਸ਼ਬੀਰ ਮੁਹੰਮਦ, ਦੀਵਾਂਸ਼ੀ ਰਾਣੀ ਤੇ ਨਵਦੀਪ ਸਿੰਘ ਤੀਜੇ ਸਥਾਨ 'ਤੇ ਰਹੇ। ਪ੍ਰਸ਼ਨ-ਉੱਤਰ ਮੁਕਾਬਲੇ ਵਿੱਚੋਂ ਮਨਜੋਤ ਕੌਰ ਦੇ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਸੁਖਵਿੰਦਰ ਸਿੰਘ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

## ਮੈਗਾ ਮੈਡੀਕਲ ਚੈੱਕਅਪ ਕੈਂਪ ਦੀਆਂ ਤਿਆਰੀਆਂ ਮੁਕੰਮਲ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਧੂਰੀ ਵਿਕਾਸ ਮੰਚ (ਰਜਿ.) ਵੱਲੋਂ 31 ਅਗਸਤ ਨੂੰ ਸਥਾਨਕ ਸ੍ਰੀ ਸਨਾਤਨ ਧਰਮ ਚੈਰੀਟੇਬਲ ਹਸਪਤਾਲ ਵਿੱਚ ਲਾਏ ਜਾ ਰਹੇ ਮੈਗਾ ਚੈਕਅੱਪ ਕੈਂਪ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਤਿਆਰੀਆਂ ਦਾ ਜਾਇਜ਼ਾ ਲੈਣ ਲਈ ਚੇਅਰਮੈਨ ਜਗਜੀਵ ਸਿੰਘ ਜੱਗੀ ਢੀਂਡਸਾ ਤੇ ਪ੍ਰੋਜੈਕਟ ਚੇਅਰਮੈਨ ਰਾਜੇਸ਼ਵਰ ਚੌਧਰੀ ਦੀ ਅਗਵਾਈ ਹੇਠ ਵਿਸ਼ੇਸ਼ ਬੈਠਕ ਹੋਈ। ਧੂਰੀ ਵਿਕਾਸ ਮੰਚ ਦੇ ਪ੍ਰਧਾਨ ਅਮਨ ਗਰਗ ਤੇ ਸਕੱਤਰ ਜਨਰਲ ਹੰਸ ਰਾਜ ਬਜਾਜ ਨੇ ਦੱਸਿਆ ਕਿ ਕੈਂਪ 31 ਅਗਸਤ ਨੂੰ ਸਵੇਰੇ 10 ਵਜੇ ਸ਼ੁਰੂ ਹੋਵੇਗਾ। ਇਸ ਵਿੱਚ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰ ਆਪਣੀ ਟੀਮ ਸਮੇਤ ਮਰੀਜ਼ਾਂ ਦਾ ਮੁਫ਼ਤ ਚੈਕਅੱਪ ਕਰਨਗੇ। ਹੱਡੀਆਂ ਤੇ ਜੋੜਾਂ ਦੇ ਮਾਹਿਰ ਡਾ. ਅਕਾਸ਼ਦੀਪ ਸਿੰਘ, ਸਰਜਨ ਡਾ. ਰੁਪਿੰਦਰ ਗਰਗ, ਛਾਤੀ ਤੇ ਟੀ.ਬੀ. ਰੋਗਾਂ ਦੇ ਮਾਹਿਰ ਡਾ. ਏ. ਤਾਇਲ, ਅੱਖਾਂ ਦੇ ਮਾਹਿਰ ਡਾ. ਅਮਨਦੀਪ ਗਰਗ, ਮੈਡੀਸਨ ਵਿਭਾਗ ਤੋਂ ਡਾ. ਯਸ਼ਪਾਲ ਗੋਇਲ, ਔਰਤ ਰੋਗਾਂ ਦੀ ਮਾਹਰ ਡਾ. ਆਸ਼ਾ ਗਰਗ, ਦੰਦਾਂ ਦੇ ਰੋਗਾਂ ਦੀ ਮਾਹਰ ਡਾ. ਦੀਕਸ਼ਾ ਗਰਗ ਅਤੇ ਨਾੜਾਂ ਦੇ ਰੋਗਾਂ ਦੇ ਮਾਹਰ ਡਾ. ਮਨਪ੍ਰੀਤ ਕੌਰ ਆਪਣੀ ਟੀਮ ਸਮੇਤ ਸੇਵਾਵਾਂ ਦੇਣਗੇ। ਕੈਂਪ ਵਿੱਚ ਆਉਣ ਵਾਲੇ ਸਾਰੇ ਮਰੀਜ਼ਾਂ ਨੂੰ ਇਲਾਜ ਦੇ ਨਾਲ-ਨਾਲ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਪ੍ਰਧਾਨ ਅਮਨ ਗਰਗ ਨੇ ਕਿਹਾ ਕਿ ਇਸ ਮੈਗਾ ਕੈਂਪ ਦਾ ਮੁੱਖ ਮਕਸਦ ਲੋਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਤੇ ਲੋੜਵੰਦਾਂ ਨੂੰ ਇਲਾਜ ਦੀ ਸਹੂਲਤ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਉਪ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਚੇਅਰਮੈਨ ਜਗਜੀਵ ਸਿੰਘ ਜੱਗੀ ਢੀਂਡਸਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਕੈਂਪ ਵਿੱਚ ਸ਼ਾਮਲ ਹੋ ਕੇ ਆਪਣੀ ਜਾਂਚ ਕਰਵਾਉਣ।

## 'ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ : ਇਸ ਦੇ ਰਾਜਨੀਤਕ ਪ੍ਰਭਾਵ' ਵਿਸ਼ੇ 'ਤੇ ਖ਼ਾਸ ਲੈਕਚਰ



**ਸ੍ਰੀ ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਵੱਲੋਂ 'ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਦੇ ਰਾਜਨੀਤਕ ਪ੍ਰਭਾਵ' ਵਿਸ਼ੇ 'ਤੇ ਇਕ ਖ਼ਾਸ ਲੈਕਚਰ ਦਾ ਆਯੋਜਨ ਕੀਤਾ ਗਿਆ। ਮੁੱਖ ਬੁਲਾਰੇ ਵਜੋਂ ਰਾਜਨੀਤੀ ਵਿਗਿਆਨ ਦੇ ਪ੍ਰੋਫੈਸਰ ਡਾ. ਜਸਬੀਰ ਅਲੀ ਖਾਨ ਨੇ ਸੰਬੋਧਨ ਕੀਤਾ। ਉਨ੍ਹਾਂ ਨੇ ਨੀਤੀ ਦੇ ਸੂਖਮ ਪੱਖਾਂ ਬਾਰੇ ਵਿਸਥਾਰ ਨਾਲ ਵਿਚਾਰ-ਚਰਚਾ ਕੀਤੀ। ਡਾ. ਖਾਨ ਨੇ ਇਸ ਦੇ ਢਾਂਚੇ, ਉਦੇਸ਼ਾਂ ਤੇ ਲਾਗੂ ਕਰਨ ਦੀ ਰਣਨੀਤੀ ਦਾ ਆਲੋਚਨਾਤਮਕ ਵਿਸ਼ਲੇਸ਼ਣ ਕੀਤਾ। ਉਨ੍ਹਾਂ ਨੇ ਨੀਤੀ ਦੇ ਵਿਹਾਰਕ ਚੁਣੌਤੀਆਂ ਤੇ ਕਮਜ਼ੋਰੀਆਂ ਵੱਲ ਧਿਆਨ ਖਿੱਚਿਆ, ਜੋ ਇਸ ਦੀ ਪ੍ਰਭਾਵਸ਼ੀਲਤਾ ਨੂੰ ਰੋਕਦੀਆਂ ਹਨ। ਇਨ੍ਹਾਂ ਖਾਮੀਆਂ ਨੂੰ ਉਜਾਗਰ ਕਰਕੇ, ਉਨ੍ਹਾਂ ਨੇ ਭਾਗੀਦਾਰਾਂ ਨੂੰ ਸੰਭਾਵੀ ਸੁਧਾਰਾਂ ਤੇ ਹੱਲਾਂ ਬਾਰੇ ਸੋਚਣ ਲਈ ਪ੍ਰੇਰਿਤ ਕੀਤਾ। ਮੁੱਖ ਮਹਿਮਾਨ ਪ੍ਰੋ. ਪ੍ਰਿਤਪਾਲ ਸਿੰਘ ਨੇ ਵਿਭਾਗ ਨੂੰ ਇਸ ਵਿਸ਼ੇ 'ਤੇ ਲੈਕਚਰ ਆਯੋਜਤ ਕਰਨ ਲਈ ਵਧਾਈ ਦਿੱਤੀ ਤੇ ਅਜਿਹੀਆਂ ਅਕਾਦਮਿਕ ਚਰਚਾਵਾਂ ਨੂੰ ਉਤਸ਼ਾਹਤ ਕੀਤਾ। ਡੀਨ ਅਕਾਦਮਿਕ ਮਾਮਲੇ ਡਾ. ਸੁਖਵਿੰਦਰ ਸਿੰਘ ਬਿਲਿੰਗ ਨੇ ਵੀ ਇਸ ਨੀਤੀ ਦੀਆਂ ਖਾਮੀਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਤਰ੍ਹਾਂ, ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ ਨੇ ਕਿਸਾਨਾਂ ਤੇ ਉਨ੍ਹਾਂ ਦੀ ਜੀਵਿਕਾ ਲਈ ਜ਼ਮੀਨ ਦੀ ਮਹੱਤਤਾ ਬਾਰੇ ਦੱਸਿਆ।

## ਜ਼ਿਲ੍ਹਾ ਪੱਧਰੀ ਖੇਡਾਂ 'ਚ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਲੌਂਗੋਵਾਲ (ਪ੍ਰਦੀਪ ਸੱਪਲ)**-ਸ. ਸੰ. ਜ. ਕ. ਸ. ਦ. ਸ.ਸ.ਸ. ਐੱਸ.ਓ.ਈ. ਨੀਲ ਕੰਠੀ ਵਿਗ ਵਿਖੇ ਡੀ ਈ ਓ ਹਰਦੇਵ ਕੁਮਾਰ ਤੇ ਪ੍ਰਿੰਸੀਪਲ ਇੰਚਾਰਜ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਈਆਂ ਜਾ ਰਹੀਆਂ ਜ਼ਿਲ੍ਹਾ ਪੱਧਰੀ ਖੇਡਾਂ 'ਚ ਵੱਖ-ਵੱਖ ਵਰਗ ਦੇ ਬੱਚਿਆਂ ਨੇ ਭਾਗ ਲਿਆ, ਜਿਸ ਵਿੱਚ ਸਕੂਲ ਦੀ ਹਾਕੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਜਿਸ ਵਿੱਚ ਤਨਵੀਰ ਕੁਮਾਰ, ਵੰਸ਼, ਸ਼ਰੀਕ ਫੌਜੀ ਮਨਪ੍ਰੀਤ ਤੇ ਮਨਜੋਤ ਸਿੰਘ ਸੰਧਵੀ ਨੇ ਵਧੀਆ ਪ੍ਰਦਰਸ਼ਨ ਕੀਤਾ। ਲੱਕੀ ਰਾਮ ਨੇ ਗੋਲਡ ਮੈਡਲ, ਗੋਬਿੰਦ ਕੁਮਾਰ ਨੇ ਬ੍ਰਾਂਜ਼ ਮੈਡਲ ਤੇ ਤੁਸ਼ਾਰ ਨੇ ਚਾਂਦੀ ਦਾ ਮੈਡਲ ਪ੍ਰਾਪਤ ਕੀਤਾ। ਪ੍ਰਿੰਸੀਪਲ ਵੱਲੋਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਦੇਸ਼ ਭਗਤ ਗਲੋਬਲ ਸਕੂਲ ਵਿਖੇ ਇਨਵੈਸਟੀਚਰ ਸਮਾਰੋਹ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿੱਚ ਇਨਵੈਸਟੀਚਰ ਸਮਾਗਮ ਕਰਵਾਇਆ ਗਿਆ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਕਰਵਾਉਣ ਦਾ ਮੁੱਖ ਮੰਤਵ ਬੱਚਿਆਂ ਅੰਦਰ ਲੀਡਰਸ਼ਿਪ ਦੇ ਗੁਣ ਪ੍ਰਫੁੱਲਤ ਕਰਨਾ ਹੈ।ਅਸੀਂ ਬੱਚਿਆਂ ਅੰਦਰ ਲੀਡਰਸ਼ਿਪ, ਅਨੁਸ਼ਾਸਨ, ਆਤਮ ਵਿਸ਼ਵਾਸ ਵਰਗੇ ਗੁਣ ਪੈਦਾ ਕਰਨੇ ਚਾਹੁੰਦੇ ਹਾਂ।ਇਸ ਸਮਾਗਮ ਵਿੱਚ ਚਾਰੋ ਹਾਊਸਾਂ (ਫਾਲਕਨ, ਪੈਂਥਰ, ਸਟੇਲੀਅਨ, ਟਸਕਰ) ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਹ ਚੋਣ ਪ੍ਰਕਿਰਿਆ ਵੋਟਿੰਗ ਰਾਹੀਂ ਹੋਈ।ਇਸ ਸਮਾਗਮ ਦੌਰਾਨ ਆਰਿਅਨ ਨੂੰ ਹੈੱਡ ਬੁਆਏ, ਜਸ਼ਨਪ੍ਰੀਤ ਕੌਰ ਨੂੰ ਹੈੱਡ ਗਰਲ ਚੁਣਿਆ ਗਿਆ।ਸੱਭਿਆਚਾਰਕ ਸੈਕਰੇਟਰੀ ਸਾਨਵੀ, ਸਹਾਇਕ ਸੱਭਿਆਚਾਰਕ ਸੈਕਰੇਟਰੀ ਜੀਤਪਾਲ, ਸਪੋਰਟਸ ਸੈਕਰੇਟਰੀ ਏਕਮਜੋਤ, ਸਹਾਇਕ ਸਪੋਰਟਸ ਸੈਕਰੇਟਰੀ ਪ੍ਰਾਂਜਲ, ਸਾਹਿਤਕ ਸੈਕਰੇਟਰੀ ਹਰਮਨਪ੍ਰੀਤ ਕੌਰ, ਸਹਾਇਕ ਸਾਹਿਤਕ ਸੈਕਰੇਟਰੀ ਜੈਸਮੀਨ ਕੌਰ ਨੂੰ ਵੋਟਿੰਗ ਸਿਸਟਮ ਦੇ ਤਹਿਤ ਚੁਣਿਆ ਗਿਆ।ਫਾਲਕਨ ਹਾਊਸ ਦਾ ਸੀਨੀਅਰ ਕੈਪਟਨ ਸਾਹਿਲ ਗਰਗ, ਵਾਈਸ ਕੈਪਟਨ ਯਾਦਵਿੰਦਰ ਸਿੰਘ, ਪ੍ਰੀਫੈਕਟ ਸਹਿਜਦੀਪ ਸਿੰਘ, ਜੂਨੀਅਰ ਕੈਪਟਨ ਮਨਨ, ਵਾਈਸ ਕੈਪਟਨ ਰਾਧਿਕਾ, ਹਾਊਸ ਪ੍ਰੀਫੈਕਟ ਖੁਸ਼ਨੂਰ ਚੁਣੇ ਗਏ।ਪੈਂਥਰ ਹਾਊਸ ਦੇ ਉਮੀਦਵਾਰਾਂ ਵਜੋਂ ਸੀਨੀਅਰ ਕੈਪਟਨ ਹਰਮਨਪ੍ਰੀਤ ਕੌਰ, ਵਾਈਸ ਕੈਪਟਨ ਜਪਨੂਰ, ਪ੍ਰੀਫੈਕਟ ਸ਼ਗਨਪ੍ਰੀਤ, ਜੂਨੀਅਰ ਕੈਪਟਨ ਦਸ਼ਨੂਪ ਸਿੰਘ, ਵਾਈਸ ਕੈਪਟਨ ਪ੍ਰਿਨੀ ਤੇ ਹਾਊਸ ਪ੍ਰੀਫੈਕਟ ਨੁਜ਼ਾਇਰਾਹ ਨੂੰ ਨਾਮਜ਼ਦ ਕੀਤਾ ਗਿਆ।ਸਟੈਲੀਅਨ ਹਾਊਸ ਵਿੱਚੋਂ ਸੀਨੀਅਰ ਕੈਪਟਨ ਸਿਮਰਨਪ੍ਰੀਤ, ਵਾਈਸ ਕੈਪਟਨ ਆਰੀਅਨ, ਪ੍ਰੀਫੈਕਟ ਅਇਆਨ, ਜੂਨੀਅਰ ਕੈਪਟਨ ਗੁਰਨੂਰ ਕੌਰ, ਵਾਈਸ ਕੈਪਟਨ ਅੰਸ਼ਪ੍ਰੀਤ ਸਿੰਘ ਅਤੇ ਹਾਊਸ ਪ੍ਰੀਫੈਕਟ ਸਮਰੀਨ ਕੌਰ ਨੂੰ ਮੌਕਾ ਮਿਲਿਆ। ਟਸਕਰ ਹਾਊਸ ਵੱਲੋਂ ਸੀਨੀਅਰ ਹਾਊਸ ਕੈਪਨ ਸੁਨਿਕਸ਼ਾ, ਵਾਈਸ ਕੈਪਟਨ ਅਭਿਜੋਤ ਸਿੰਘ ਤੇ ਪ੍ਰੀਫੈਕਟ ਯਥਾਰਥ, ਜੂਨੀਅਰ ਕੈਪਟਨ ਅਜੀਤ ਸਿੰਘ, ਵਾਈਸ ਕੈਪਟਨ ਗੁਰਕੀਰਤ ਸਿੰਘ ਤੇ ਹਾਊਸ ਪ੍ਰੀਫੈਕਟ ਨੌਮਿਤ ਦੀ ਚੋਣ ਹੋਈ।ਸਾਰੇ ਚੁਣੇ ਹੋਏ ਨੁਮਾਇੰਦਿਆਂ ਨੂੰ ਬੈਚ ਅਤੇ ਸੈਸ਼ੇ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਨਵੀਂ ਟੀਮ ਨੂੰ ਸਨਮਾਨਤ ਕਰਦੇ ਹੋਏ ਉਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਇਮਾਨਦਾਰੀ ਨਾਲ ਨਿਭਾਉਣ ਦੀ ਸਲਾਹ ਦਿੱਤੀ।ਸਮਾਗਮ ਦੌਰਾਨ ਵਿਦਿਆਰਥੀਆਂ ਨੇ ਪ੍ਰਤਿੱਗਿਆ ਲੈ ਕੇ ਆਪਣੇ ਕਰਤੱਵਾਂ ਪ੍ਰਤੀ ਵਚਨਬੱਧਤਾ ਦਰਸਾਈ।ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ, ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ, ਸਕੂਲ ਮੈਨੇਜਮੈਂਟ, ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆ ਤੇ ਸਾਰਿਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਤੇ ਧੰਨਵਾਦ ਕੀਤਾ।

ਇਸ ਮੌਕੇ ਡਾਕਟਰ ਮੁਨੀਸ਼ ਜੋਸ਼ੀ ਪ੍ਰਿੰਸੀਪਲ ਮਾਤਾ ਜਰਨੈਲ ਕੌਰ ਮੈਮੋਰਿਲ ਕਾਲਜ਼ ਆਫ ਫਾਰਮੇਸੀ, ਮੈਡਮ ਰੁਪਿੰਦਰ ਬੁੱਟਰ ਪ੍ਰਿੰਸੀਪਲ ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ਼, ਮੇਜਰ ਚੰਦ ਸੁਪ੍ਰਿੰਟੈਂਡੈਂਟ ਦੇਸ਼ ਭਗਤ ਕੈਂਪਸ, ਮੈਡਮ ਮਨਜਿੰਦਰ ਕੌਰ ਵਾਈਸ ਪ੍ਰਿੰਸੀਪਲ ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ ਨਰਸਿੰਗ ਐਂਡ ਪੈਰਾ ਮੈਡੀਕਲ ਸਾਇੰਸਜ਼, ਨਵਦੀਪ ਸਿੰਘ ਅਕਾਊਂਟੈਂਟ ਦੇਸ਼ ਭਗਤ ਕੈਂਪਸ, ਦਿਲਬਾਗ ਸਿੰਘ ਬਾਗੀ ਸੁਪਰਵਾਈਜ਼ਰ ਦੇਸ਼ ਭਗਤ ਕੈਂਪਸ ਤੇ ਸਮੂਹ ਸਟਾਫ਼ ਮੈਂਬਰ ਮੌਜੂਦ ਸਨ।

# ਦਸਮੇਸ਼ ਇੰਟਰਨੈਸ਼ਨਲ ਸਕੂਲ ਦੇ ਖਿਡਾਰੀਆਂ ਨੇ 209 ਤਗਮੇ ਜਿੱਤ ਕੇ ਬਣਾਇਆ ਰਿਕਾਰਡ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਗਰਮ ਰੁੱਤ ਖੇਡਾਂ ਜ਼ੋਨ ਦੇ ਅਲੱਗ-ਅਲੱਗ ਸਕੂਲਾਂ 'ਚ ਜ਼ੋਨ ਕੋਆਰਡੀਨੇਟਰ ਪ੍ਰਿੰਸੀਪਲ ਦਿਲਪ੍ਰੀਤ ਸਿੰਘ ਸੰਧੂ ਦੀ ਰਹਿਨੁਮਾਈ ਹੇਠ ਅਲੱਗ-ਅਲੱਗ ਖੇਡ ਕੋਆਰਡੀਨੇਟਰ ਡੀ.ਪੀ.ਈ. ਗੁਰਮੀਤ ਸਿੰਘ, ਗੁਰਨਾਮ ਸਿੰਘ, ਅਮਨਦੀਪ ਸਿੰਘ, ਬਲਵੰਤ ਸਿੰਘ, ਬੂਟਾ ਸਿੰਘ, ਗੁਰਸੇਵਕ ਸਿੰਘ, ਰਜਿੰਦਰ ਕੁਮਾਰ, ਕ੍ਰਿਸ਼ਨ ਕੁਮਾਰ, ਧਰਮਿੰਦਰ ਸਿੰਘ ਤੇ ਮਨਜੀਤ ਸਿੰਘ ਮੰਨਾ ਦੀ ਯੋਗ ਅਗਵਾਈ ਹੇਠ ਦਿਲਚਸਪ ਤੇ ਫਸਵੇਂ ਮੁਕਾਬਲੇ ਕਰਾਏ ਗਏ, ਜਿਸ ਵਿੱਚ ਦਸਮੇਸ਼ ਇੰਟਰਨੈਸ਼ਨਲ ਸਕੂਲ ਸਰਦੂਲਗੜ੍ਹ ਦੇ 350 ਖਿਡਾਰੀਆਂ ਨੇ ਖੇਡਾਂ ਵਿੱਚ ਹਿੱਸਾ ਲਿਆ ਤੇ ਅਲੱਗ-ਅਲੱਗ ਖੇਡ ਮੁਕਾਬਲਿਆਂ 'ਚੋਂ 79 ਸੋਨੇ ਤੇ 76 ਚਾਂਦੀ, 54 ਕਾਂਸੇ ਦੇ ਤਗਮੇ ਜਿੱਤ ਕੇ ਕੁੱਲ 209 ਤਗਮਿਆਂ ਨਾਲ ਜ਼ੋਨ 'ਚੋਂ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਬੈਡਮਿੰਟਨ ਅੰਡਰ-19 ਲੜਕੀਆਂ ਨੇ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਗਮਾ ਜਿੱਤਿਆ, ਵਾਲੀਬਾਲ ਅੰਡਰ-19 ਲੜਕੀਆਂ ਤੇ ਅੰਡਰ-17 ਲੜਕਿਆਂ ਨੇ ਦੂਜਾ ਸਥਾਨ ਹਾਸਲ ਕਰਕੇ ਚਾਂਦੀ ਤਗਮਾ ਜਿੱਤਿਆ। ਬਾਸਕਿਟਬਾਲ ਅੰਡਰ-19 ਲੜਕੇ ਤੇ ਅੰਡਰ-19 ਲੜਕੀਆਂ ਨੇ ਤੀਜਾ ਸਥਾਨ ਹਾਸਲ ਕਰਕੇ ਕਾਂਸੇ ਤਗਮੇ ਜਿੱਤੇ, ਰੱਸਾਕਸ਼ੀ ਅੰਡਰ-17 ਲੜਕਿਆਂ ਨੇ ਤੀਜਾ ਸਥਾਨ ਹਾਸਲ ਕਰਕੇ ਕਾਂਸੇ ਦਾ ਤਗਮਾ ਜਿੱਤਿਆ, ਕ੍ਰਿਕਟ ਅੰਡਰ-19 ਲੜਕਿਆਂ ਪਹਿਲੇ ਸਥਾਨ ਨਾਲ ਸੋਨ ਤਗਮਾ ਜਿੱਤਿਆ, ਸ਼ਤਰੰਜ ਅੰਡਰ-14 ਲੜਕਿਆਂ ਤੇ ਅੰਡਰ-17 ਲੜਕੀਆਂ ਦੂਜਾ ਸਥਾਨ ਹਾਸਲ ਕਰਕੇ ਚਾਂਦੀ ਤਗਮੇ ਜਿੱਤੇ, ਯੋਗਾ ਅੰਡਰ-17 ਲੜਕਿਆਂ ਨੇ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਗਮਾ ਜਿੱਤਿਆ, ਗੱਤਕਾ ਅੰਡਰ-14, 17, 19 ਲੜਕਿਆਂ ਨੇ 4 ਸੋਨ, 4 ਚਾਂਦੀ ਤਗਮੇ ਜਿੱਤੇ, ਆਰਚਰੀ ਅੰਡਰ-14, 17, 19 ਲੜਕੇ, ਲੜਕੀਆਂ ਨੇ 6 ਸੋਨ ਤਗਮੇ ਤੇ 6 ਚਾਂਦੀ ਤਗਮੇ ਜਿੱਤੇ, ਰਾਇਫਲ-ਸੂਟਿੰਗ ਅੰਡਰ-14,17,19 ਲੜਕੇ, ਲੜਕੀਆਂ ਨੇ ਨੇ 6 ਸੋਨ ਤਗਮੇ ਅਤੇ 6 ਚਾਂਦੀ ਤਗਮੇ ਜਿੱਤੇ।ਸਕੇਟਿੰਗ ਅੰਡਰ-14, 17, 19 ਲੜਕੇ-ਲੜਕੀਆਂ ਨੇ 6 ਸੋਨੇ, 9 ਚਾਂਦੀ ਤੇ 2 ਕਾਂਸੇ ਦੇ ਤਗਮੇ ਜਿੱਤੇ।ਤੈਰਾਕੀ ਅੰਡਰ-14, 17, 19 ਨੇ 50 ਸੋਨ, 45 ਚਾਂਦੀ ਤੇ 46 ਕਾਂਸੇ ਦੇ ਤਗਮੇ ਜਿੱਤੇ। ਮਾਰਸ਼ਲ ਆਰਟ ਮੁਕਾਬਲਿਆਂ 'ਚ ਖਿਡਾਰੀਆਂ ਨੇ 3 ਸੋਨ, 2 ਚਾਂਦੀ ਤੇ 3 ਕਾਂਸੇ ਦੇ ਤਗਮੇ ਜਿੱਤੇ।ਤਲਵਾਰਬਾਜ਼ੀ ਅੰਡਰ-19 ਲੜਕੀ ਆਸਥਾ ਸੋਨੀ ਨੇ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਗਮਾ ਜਿੱਤਿਆ।ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਤੇ ਡਾਇਰੈਕਟਰ ਦਿਲਮੋਹਿਤ ਸਿੰਘ ਸੰਧੂ ਨੇ ਏਨੀ ਵੱਡੀ ਗਿਣਤੀ 'ਚ ਦਸਮੇਸ਼ ਇੰਟਰਨੈਸ਼ਨਲ ਸਕੂਲ, ਜੋ ਸੀ.ਬੀ.ਐਸ.ਈ ਨਾਲ ਐਫੀਲੀਏਟਿਡ ਹੈ, ਦੇ ਖਿਡਾਰੀਆਂ ਵੱਲੋਂ ਏਨੇ ਤਗਮੇ ਜਿੱਤਣ 'ਤੇ ਇਨ੍ਹਾਂ ਖਿਡਾਰੀਆਂ ਤੇ ਅਲੱਗ-ਅਲੱਗ ਖੇਡਾਂ ਦੇ ਕੋਚ ਮਨਦੀਪ ਸਿੰਘ, ਗੁਰਸੇਵਕ ਸਿੰਘ, ਹਰਜਿੰਦਰ ਕੌਰ, ਮਨਜੀਤ ਕੌਰ, ਗੁਰਜੀਤ ਸਿੰਘ, ਅਮਨਦੀਪ ਸਿੰਘ, ਕੁਲਦੀਪ ਸਿੰਘ, ਇਕਬਾਲ ਕੌਰ, ਰਮਨਦੀਪ ਕੌਰ, ਜਸਵੀਰ ਕੌਰ, ਕਿਰਨਦੀਪ ਕੌਰ, ਪਰਮਜੀਤ ਕੌਰ, ਰਮਨਦੀਪ ਸਿੰਘ ਨੂੰ ਵਧਾਈਆਂ ਦਿੰਦਿਆਂ ਜ਼ਿਲ੍ਹੇ ਲਈ ਚੁਣੇ ਗਏ ਵੱਡੀ ਗਿਣਤੀ ਖਿਡਾਰੀਆਂ ਨੂੰ ਹੋਰ ਮਿਹਨਤ ਕਰਾਉਣ ਲਈ ਪ੍ਰੇਰਿਆ।

# ਓ ਐੱਸ ਡੀ ਸੁਖਵੀਰ ਸਿੰਘ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

## ਧੂਰੀ ਓਵਰ ਬਰਿੱਜ ਦੀ ਉਸਾਰੀ 'ਚ ਭਾਜਪਾ ਪਾ ਰਹੀ ਅੜਿੱਕੇ : ਸੁਖਵੀਰ ਸਿੰਘ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਸਥਾਨਕ ਮੁੱਖ ਮੰਤਰੀ ਕੈਂਪਸ ਦਫ਼ਤਰ ਵਿਖੇ ਧੂਰੀ ਹਲਕੇ ਦੀਆਂ ਪੰਚਾਇਤਾਂ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ।ਇਸ ਮੀਟਿੰਗ ਦੌਰਾਨ ਉਨ੍ਹਾਂ ਲੋਕਾਂ ਦੇ ਵਿਕਾਸ ਸਬੰਧੀ ਮਸਲੇ ਸੁਣੇ ਤੇ ਪੰਚਾਇਤਾਂ ਵੱਲੋਂ ਪੇਸ਼ ਕੀਤੀਆਂ ਤਜਵੀਜ਼ਾਂ ਨੂੰ ਗੰਭੀਰਤਾ ਨਾਲ ਨੋਟ ਕੀਤਾ।ਇਸ ਦੇ ਨਾਲ-ਨਾਲ ਚੱਲ ਰਹੇ ਵਿਕਾਸ ਕਾਰਜਾਂ ਦੀ ਵਿਸਥਾਰ ਰਿਪੋਰਟ ਵੀ ਹਾਸਲ ਕੀਤੀ ਗਈ ਤਾਂ ਜੋ ਉਨ੍ਹਾਂ ਦੀ ਪ੍ਰਗਤੀ ਦੀ ਨਿਗਰਾਨੀ ਕੀਤੀ ਜਾ ਸਕੇ।ਇਸ ਮੌਕੇ ਧੂਰੀ ਰੇਲਵੇ ਓਵਰ ਬਰਿੱਜ ਦੀ ਉਸਾਰੀ ਵਿੱਚ ਹੋ ਰਹੀ ਲਗਾਤਾਰ ਦੇਰੀ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਓ.ਐੱਸ.ਡੀ. ਸੁਖਵੀਰ ਸਿੰਘ ਨੇ ਸਪੱਸ਼ਟ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਪ੍ਰੋਜੈਕਟ ਲਈ ਆਪਣੀ ਜ਼ਿੰਮੇਵਾਰੀ ਪੂਰੀ ਕਰ ਦਿੱਤੀ ਹੈ।ਰਾਜ ਸਰਕਾਰ ਵੱਲੋਂ ਤਮਾਮ ਲੋੜੀਂਦੀ ਰਕਮ ਜਮ੍ਹਾਂ ਕਰਵਾ ਦਿੱਤੀ ਗਈ ਹੈ ਤੇ ਸਾਰੀ ਕਾਗਜ਼ੀ ਕਾਰਵਾਈ ਵੀ ਪੂਰੀ ਕਰ ਲਈ ਗਈ ਹੈ, ਪ੍ਰੰਤੂ ਕੇਂਦਰ ਦੀ ਭਾਜਪਾ ਸਰਕਾਰ ਜਾਣ-ਬੁੱਝ ਕੇ ਇਸ ਮਹੱਤਵਪੂਰਨ ਪ੍ਰੋਜੈਕਟ ਵਿੱਚ ਰੁਕਾਵਟ ਪਾ ਰਹੀ ਹੈ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਧੂਰੀ ਹਲਕੇ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਹਲਕੇ ਦੇ ਕਿਸੇ ਵੀ ਵਿਕਾਸ ਕਾਰਜ ਲਈ ਪੈਸੇ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਪਿੰਡਾਂ ਦੀਆਂ ਸੜਕਾਂ, ਪਾਣੀ-ਸਪਲਾਈ, ਸਿੱਖਿਆ ਤੇ ਸਿਹਤ ਸਬੰਧੀ ਪ੍ਰੋਜੈਕਟਾਂ ਲਈ ਫੰਡ ਬੇਰੋਕ-ਟੋਕ ਉਪਲਬਧ ਕਰਵਾਏ ਜਾਣਗੇ ਤਾਂ ਜੋ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ।ਇਸ ਮੌਕੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਮੁੱਖ ਮੰਤਰੀ ਦਫ਼ਤਰ ਦੇ ਨੁਮਾਇੰਦੇ ਰਮਨਦੀਪ ਸਿੰਘ, ਏ.ਡੀ.ਸੀ. ਸੁਖਚੈਨ ਸਿੰਘ, ਡੀ.ਐੱਸ.ਪੀ. ਧੂਰੀ ਦਮਨਬੀਰ ਸਿੰਘ, ਅਨਿਲ ਮਿੱਤਲ, ਨਰੇਸ਼ ਸਿੰਗਲਾ ਸਮੇਤ ਕਈ ਮਹਿਕਮਿਆਂ ਦੇ ਅਧਿਕਾਰੀ ਤੇ ਪਤਵੰਤੇ ਮੌਜੂਦ ਸਨ।

## ਬਿਨਾਂ ਪ੍ਰੀਖਿਆ ਦਿੱਤੇ 30,000 'ਚ ਮਿਲੀਆਂ ਜਾਲ੍ਹੀ ਡਿਗਰੀਆਂ ਦਾ ਪਰਦਾਫਾਸ਼

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਜਾਲ੍ਹੀ ਡਿਗਰੀ ਰੈਕੇਟ ਦਾ ਪਰਦਾਫਾਸ਼ ਹੋਇਆ ਹੈ। ਬਿਨਾਂ ਦਾਖਲੇ ਤੇ ਬਿਨਾਂ ਪ੍ਰੀਖਿਆ ਦਿੱਤੇ 30,000 ਰੁਪਏ ਵਿੱਚ ਜਾਲ੍ਹੀ ਬੀ ਏ ਦੀਆਂ ਡਿਗਰੀਆਂ ਵੇਚੀਆਂ ਜਾ ਰਹੀਆਂ ਸਨ। ਇਨ੍ਹਾਂ ਜਾਲ੍ਹੀ ਡਿਗਰੀਆਂ ਦੇ ਅਧਾਰ 'ਤੇ ਬਹੁਤ ਸਾਰੇ ਨੌਜਵਾਨਾਂ ਦੇ ਦਾਖਲੇ ਵੀ ਹੋਏ ਹਨ। ਇਸ ਨੈੱਟਵਰਕ ਮਾਮਲੇ ਵਿੱਚ ਸਥਾਨਕ ਪੁਲਸ ਨੇ ਦਿੱਲੀ ਸਥਿਤ ਸੰਸਥਾ ਨਾਲ ਜੁੜੇ ਰੈਕੇਟ ਸੰਚਾਲਕ ਵਿਕਾਸ ਸ਼ਰਮਾ ਨੂੰ ਅਦਾਲਤ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੁਲਸ ਰਿਮਾਂਡ 'ਤੇ ਲੈ ਲਿਆ ਹੈ। ਵਿਕਾਸ ਗਾਜ਼ੀਆਬਾਦ (ਯੂ ਪੀ) ਦਾ ਰਹਿਣ ਵਾਲਾ ਹੈ। ਸਿਟੀ ਪੁਲਸ ਸਟੇਸ਼ਨ ਦੇ ਐੱਸ ਆਈ ਚਰਨਜੀਤ ਸਿੰਘ ਨੇ ਦੱਸਿਆ ਕਿ ਸੀ ਐੱਮ ਫਲਾਇੰਗ ਨੂੰ ਮਿਲੀ ਸ਼ਿਕਾਇਤ ਵਿੱਚ ਸਰਕਾਰੀ ਗਰਲਜ਼ ਕਾਲਜ ਰਾਣੀਆ ਦੇ ਪ੍ਰਿੰਸੀਪਲ ਡਾ. ਬੰਤਾ ਸਿੰਘ ਦੇ ਬਿਆਨ 'ਤੇ ਥਾਣਾ ਸਿਟੀ ਸਿਰਸਾ ਵਿੱਚ ਵੱਖ ਵੱਖ ਧਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਸੀ। ਸੀ ਐੱਮ ਫਲਾਇੰਗ ਨੇ ਛਾਪੇਮਾਰੀ ਦੌਰਾਨ ਕਈ ਯੂਨੀਵਰਸਿਟੀਆਂ ਦੇ ਨਾਮ 'ਤੇ ਜਾਰੀ ਕੀਤੇ ਗਏ ਜਾਲ੍ਹੀ ਸਰਟੀਫਿਕੇਟ, ਡੀ ਐੱਮ ਸੀ, ਮਾਈਗ੍ਰੇਸ਼ਨ ਸਰਟੀਫਿਕੇਟ, 8 ਰਬੜ ਸਟੈਂਪ ਤੇ ਖਾਲੀ ਫਾਰਮੈਟ ਬਰਾਮਦ ਕੀਤੇ। ਜਾਂਚ ਤੋਂ ਪਤਾ ਲੱਗਿਆ ਕਿ ਸੰਸਥਾਵਾਂ ਨੌਜਵਾਨਾਂ ਤੋਂ ਵੱਡੀ ਰਕਮ ਲੈ ਕੇ ਬਿਨਾਂ ਪ੍ਰੀਖਿਆ ਦਿੱਤੇ ਜਾਲ੍ਹੀ ਡਿਗਰੀਆਂ ਪ੍ਰਦਾਨ ਕਰਦੀ ਸੀ। ਇੱਕ ਵਿਦਿਆਰਥੀ ਮੁਕੇਸ਼ ਕੁਮਾਰ ਨੇ ਮੰਨਿਆ ਸੀ ਕਿ ਉਸ ਨੇ ਬੀਏ ਡੀਐੱਮਸੀ 30 ਹਜ਼ਾਰ ਰੁਪਏ ਵਿੱਚ ਖਰੀਦ ਕੇ ਉਸੇ ਆਧਾਰ 'ਤੇ ਦਾਖਲਾ ਲਿਆ ਸੀ। ਪੁਲਸ ਪੁੱਛਗਿੱਛ ਦੌਰਾਨ ਵਿਕਾਸ ਨੇ ਦਿੱਲੀ ਸਥਿਤ ਪ੍ਰਿੰਟਿੰਗ ਪ੍ਰੈੱਸ ਤੇ ਆਰ ਆਈ ਓ ਐੱਸ ਦਫਤਰ ਦੀ ਪਛਾਣ ਕੀਤੀ, ਜਿੱਥੋਂ ਜਾਲ੍ਹੀ ਸਰਟੀਫਿਕੇਟ ਤਿਆਰ ਕੀਤੇ ਜਾਂਦੇ ਸਨ। ਪੁਲਸ ਵੱਲੋਂ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਦੀ ਸ਼ਮੂਲੀਅਤ ਦਾ ਪਤਾ ਲਾਇਆ ਜਾ ਰਿਹਾ ਹੈ।

## ਸਰਕਾਰ ਹੜ੍ਹ ਪੀੜਤ ਲੋਕਾਂ ਦੀ ਹਰ ਮਦਦ ਲਈ ਤਿਆਰ : ਸਵਨਾ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹੜ੍ਹ ਪੀੜ੍ਹਤ ਲੋਕਾਂ ਦੀ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ।ਇਹ ਪ੍ਰਗਟਾਵਾ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਪਿੰਡ ਦੋਨਾ ਨਾਨਕਾ ਤੇ ਤੇਜਾ ਰੁਹੇਲਾ ਵਿਖੇ ਪਹੁੰਚ ਕੇ ਹੜ੍ਹ ਪੀੜਤ ਲੋਕਾਂ ਦਾ ਹਾਲ ਚਾਲ ਜਾਣਨ ਤੇ ਪਸ਼ੂਆਂ ਲਈ ਹਰਾ ਚਾਰਾ ਵੰਡਣ ਮੌਕੇ ਕੀਤਾ।ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਉਹ ਲੋਕਾਂ ਦੇ ਨਾਲ ਹਨ ਤੇ ਹਰ ਸਮੇਂ ਲੋਕਾਂ ਵਿੱਚ ਵਿਚਰ ਕੇ ਉਨ੍ਹਾਂ ਦਾ ਹਾਲ ਚਾਲ ਪੁੱਛਦੇ ਹਨ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਉਨ੍ਹਾਂ ਨੂੰ ਲੋੜੀਂਦੀਆਂ ਜ਼ਰੂਰਤ ਦੀਆਂ ਚੀਜ਼ਾਂ ਮੁਹੱਈਆ ਕਰਾਈਆਂ ਜਾਂਦੀਆਂ ਹਨ।

ਉਨ੍ਹਾਂ ਕਿਹਾ ਕਿ ਅਸੀਂ ਸਾਰੇ ਰਲ-ਮਿਲ ਕੇ ਇਸ ਕੁਦਰਤ ਦੀ ਕਰੋਪੀ ਦਾ ਸਾਹਮਣਾ ਕਰਾਂਗੇ।ਉਨ੍ਹਾਂ ਹਲਕਾ ਵਾਸੀਆਂ ਖਾਸ ਕਰ ਹਰ ਪੀੜਤ ਲੋਕਾਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਇਸ ਮੁਸ਼ਕਲ ਦੀ ਘੜੀ ਵਿੱਚ ਪੰਜਾਬ ਸਰਕਾਰ ਤੇ ਉਹ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ ਤੇ ਹਰ ਮੁਸ਼ਕਲ ਦੀ ਘੜੀ ਵਿੱਚ ਲੋਕਾਂ ਦਾ ਸਾਥ ਦੇਣ ਦੀ ਤਿਆਰ ਹਨ।ਉਨ੍ਹਾਂ ਅੱਗੇ ਕਿਹਾ ਕਿ ਜਿੱਥੇ ਉਹ ਪਿੰਡ ਵਾਸੀਆਂ ਨੂੰ ਪਸ਼ੂਆਂ ਲਈ ਹਰਾ ਚਾਰਾ ਤੇ ਹੋਰ ਲੋੜੀਦੀਆਂ ਚੀਜ਼ਾਂ ਮੁਹੱਈਆ ਕਰਾ ਰਹੇ ਹਨ, ਉੱਥੇ ਹੀ ਸਾਡੇ ਪ੍ਰਸ਼ਾਸਨ ਨੇ ਵੀ ਆਪਣੀਆਂ ਟੀਮਾਂ ਹੜ੍ਹ ਪੀੜ੍ਹਤ ਲੋਕਾਂ ਦੀ ਮਦਦ ਲਈ ਤਿਆਰ ਕੀਤੀਆਂ ਹਨ, ਜੋ ਇਨ੍ਹਾਂ ਹੜ੍ਹ ਪੀੜ੍ਹਤਾਂ ਦੀ ਮਦਦ ਕਰ ਰਹੀਆਂ ਹਨ।

# ਭਾਗਵਤ ਕਥਾ ਦੇ ਸੰਬੰਧ 'ਚ ਕੱਢੀ ਗਈ ਸੰਧਿਆ ਫੇਰੀ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**

ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਦੀਪਕ ਸ਼ਰਮਾ ਫਾਰਮ ਹਾਊਸ ਵਿਖੇ ਹੋਣ ਵਾਲੀ ਸ਼੍ਰੀਮਦ ਭਾਗਵਤ ਕਥਾ ਦੇ ਪ੍ਰਚਾਰ ਲਈ ਚੌਥੀ ਸੰਧਿਆ ਫੇਰੀ ਦਾ ਆਯੋਜਨ ਕੀਤਾ ਗਿਆ।ਸੰਧਿਆ ਫੇਰੀ ਦੀ ਸ਼ੁਰੂਆਤ ਮਾਤਾ ਭਦ੍ਰਕਾਲੀ ਮੰਦਰ ਤੋਂ ਮਾਤਾ ਸੋਨਾ ਦੇਵੀ ਦੇਵਾ ਜੀ ਦੁਆਰਾ ਪ੍ਰਭੂ ਦੇ ਪੂਜਣ ਤੇ ਨਾਰੀਅਲ ਤੋੜਨ ਨਾਲ ਕੀਤੀ ਗਈ।ਸੰਧਿਆ ਫੇਰੀ 'ਚ ਵਿਸ਼ੇਸ਼ ਤੌਰ ਬਾਲ ਗੋਪਾਲ ਲੰਗਰ ਸਮਿਤੀ ਦੇ ਪ੍ਰਧਾਨ ਟੀਟੂ ਗਿਰਧਰ, ਦੇਵੀ ਪੂਗਲ, ਸੰਯੋਗਿਤਾ, ਨੀਲਮ, ਰਿਤੂ ਗਲੋਤਰਾ, ਰਿਤੂ ਮੋਂਗਾ, ਵੇਨੂ ਢੀਂਡਸਾ, ਭਜਨੀਕ ਸੋਨੂੰ ਮੋਂਗਾ, ਸਾਗਰ ਮੋਂਗਾ ਸ਼ਾਮਲ ਹੋਏ। ਸਾਰੇ ਸ਼ਹਿਰ ਵਾਸੀਆਂ ਨੇ ਸ਼ਰਧਾਲੂਆਂ ਦਾ ਫੁੱਲਾਂ ਨਾਲ ਸਵਾਗਤ ਕੀਤਾ।ਇਸ ਮੌਕੇ ਸਾਧਵੀ ਸੁਨੀਤਾ ਭਾਰਤੀ ਨੇ ਦੱਸਿਆ ਕਿ ਇੱਕ ਵਾਰ ਵੰਦੇ ਮਾਤਰਮ ਦੀ ਰਚਨਾ ਕਰਨ ਵਾਲੇ ਬੰਕਿਮ ਚੰਦਰ ਚੈਟਰਜੀ ਠਾਕੁਰ ਸ਼੍ਰੀ ਰਾਮਕ੍ਰਿਸ਼ਨ ਪਰਮਹੰਸ ਜੀ ਨੂੰ ਮਿਲੇ।

ਠਾਕੁਰ ਨੇ ਉਨ੍ਹਾਂ ਤੋਂ ਪੁੱਛਿਆ ਕਿ ਉਨ੍ਹਾਂ ਦੇ ਅਨੁਸਾਰ ਜੀਵਨ ਦਾ ਉਦੇਸ਼ ਕੀ ਹੈ। ਫਿਰ ਬੰਕਿਮ ਚੰਦਰ ਨੇ ਕਿਹਾ ਕਿ ਸਮਾਜ ਦੀ ਸੇਵਾ ਕਰਨਾ, ਦੂਜਿਆਂ ਦਾ ਭਲਾ ਕਰਨਾ, ਸਾਰਿਆਂ ਲਈ ਭਲਾ ਸੋਚਣਾ ਤੇ ਭਲਾ ਕਰਨਾ ਜੀਵਨ ਦਾ ਉਦੇਸ਼ ਹੈ। ਜਿਵੇਂ ਹੀ ਠਾਕੁਰ ਨੇ ਇਹ ਸੁਣਿਆ, ਉਨ੍ਹਾਂ ਕਿਹਾ ਕਿ ਇੰਨੇ ਮਹਾਨ ਜੀਵਨ ਦਾ ਉਦੇਸ਼ ਇੰਨਾ ਛੋਟਾ ਕਿਵੇਂ ਹੋ ਸਕਦਾ ਹੈ।ਤੁਸੀਂ ਜੋ ਕੁਝ ਦੱਸਿਆ ਹੈ, ਉਹ ਮਨੁੱਖੀ ਜੀਵਨ ਦਾ ਫਰਜ਼ ਹੈ, ਜੀਵਨ ਦਾ ਟੀਚਾ ਨਹੀਂ।ਸਾਡੇ ਵਿੱਚੋਂ ਵੀ ਬਹੁਤ ਲੋਕ ਇਹ ਗਲਤੀ ਕਰਦੇ ਹਨ।ਜੇਕਰ ਕੋਈ ਸਾਨੂੰ ਅਧਿਆਤਮਿਕਤਾ ਵੱਲ ਪ੍ਰੇਰਿਤ ਕਰਦਾ ਹੈ, ਤਾਂ ਅਸੀਂ ਅਕਸਰ ਕਹਿੰਦੇ ਹਾਂ ਕਿ ਕਿਸੇ ਨੂੰ ਦੁੱਖ ਨਾ ਦਿਓ, ਕਿਸੇ ਦਾ ਬੁਰਾ ਨਾ ਕਰੋ, ਸਾਰਿਆਂ ਦਾ ਭਲਾ ਕਰੋ, ਇਹ ਕਾਫ਼ੀ ਹੈ।ਇਹ ਕਥਾ ਸਰਵ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸੇਵਿਕਾ ਸਾਧਵੀ ਭਾਗਿਆਸ਼੍ਰੀ ਭਾਰਤੀ ਜੀ ਦੁਆਰਾ ਕੀਤੀ ਜਾਵੇਗੀ।ਉਹ ਆਪਣੀ ਟੀਮ ਨਾਲ ਸਾਡੇ ਵਿਚਕਾਰ ਪਹੁੰਚ ਰਹੇ ਹਨ।ਸਾਰੇ ਨਾਗਰਿਕਾਂ ਨੂੰ ਇਸ ਕਥਾ ਵਿੱਚ ਸ਼ਾਮਲ ਹੋਣ ਲਈ ਵਿਸ਼ੇਸ਼ ਸੰਦੇਸ਼ ਦਿੱਤਾ ਗਿਆ।ਕਥਾ ਦੇ ਦੌਰਾਨ ਸੰਗਤ ਲਈ ਲੰਗਰ ਦਾ ਪ੍ਰਬੰਧ ਹੋਵੇਗਾ ਤੇ ਇਸ ਕਥਾ ਦਾ ਸਮਾਂ ਸ਼ਾਮ 7:00 ਵਜੇ ਤੋਂ ਰਾਤ 10:00 ਵਜੇ ਤੱਕ ਹੋਵੇਗਾ, ਪ੍ਰਭੂ ਦੀ ਪਵਿੱਤਰ ਆਰਤੀ ਨਾਲ ਸੰਧਿਆ ਫੇਰੀ ਦੀ ਸਮਾਪਤੀ ਹੋਈ।


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

**Sr.DEN-IV/JAT** ਭਾਰਤ ਦੇਰਾਸ਼ਟਰਪਤੀ ਦੇ ਵਲੋਂ ਤੋਂ ਕੰਮ ਕਰਦੇ ਹੋਏ ਹੇਠਾਂ ਦਿਤੇ ਗਏ ਨਿਵਿਦਾਵਾਂ ਦੇ ਲਈ ਖੁਲ੍ਹੀਆਂ ਨਿਵਿਦਾਵਾਂ (ਈ-ਨਿਵਿਦਾਵਾਂ) ਮੰਗ ਕਰਦੇ ਹਨ ਅਤੇ ਸਮਾਪਤੀ ਮਿਤੀ ਦੇ ਨਾਲ www.ireps.gov.in 'ਤੇ ਉਪਲਬਧ ਹਨ **12.09.2025** ਤਕ **15:00** ਘੰਟੇ।ਬੋਲੀਦਾਤਾ ਆਪਣੇ ਮੂਲ/ਸੰਸ਼ੋਧਿਤ ਬੋਲੀਆਂ ਅੰਤਮ ਮਿਤੀ ਅਤੇ ਸਮੇਂ ਤਕ ਹੀ ਜਮ੍ਹਾ ਕਰ ਸਕਣਗੇ। ਇਸ ਨਿਵਿਦਾ ਦੇ ਵਿਰੁਧ ਮੈਨੂੰਅਲ ਪ੍ਰਸਤਾਵ ਦੀ ਇਜਾਜਤ ਨਹੀਂ ਹੈ ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਪ੍ਰਸਤਾਵ ਨੂੰ ਨਜਰਅੰਦਾਜਨ ਕਰ ਦਿਤਾ ਜਾਵੇਗਾ। ਠੇਕੇਦਾਰਾਂ ਨੂੰ ਇਸ ਨਿਵਿਦਾ ਦੇ ਲਈ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਤੇ ਉਪਲਬਧ ਭੁਗਤਾਨ ਮੋਡ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ। ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਜਿਵੇਂ ਪੋਰਟਲ, ਡਿਮਾਂਡ ਡ੍ਰਾਫਟ ਬੈਂਕਰ ਚੈਕ, ਜਮ੍ਹਾ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ। ਵਧੇਰੇ ਜਾਣਕਾਰੀ ਦੇ ਲਈ ਲਾਗਆਨ ਕਰੋ www.ireps.gov.in.

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਨਿਵਿਦਾ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| **ਟੈਂਡਰ ਅਪਲੋਡ ਕਰਨ ਦੀ ਮਿਤੀ** | **ਨਿਵਿਦਾ ਸ਼ੁਰੂ ਕਰਨ ਦੀ ਮਿਤੀ** | **ਨਿਵਿਦਾ ਬੰਦ ਕਰਨ ਦੀ ਮਿਤੀ/ਸਮਾਂ** |
| 21.08.2025 | 29.08.2025 | 12.09.2025, 15:00 |

| ਲ. ਨੰ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 18-2025-26-MCTM-DRM-JAT | ADEN/MCTM ਦੇ ਤਹਿਤ 23 (12 ਵਿਚੋ ਤੋਂ 1) ਅਤੇ 02 (8.5 ਵਿਚ ਤੋਂ 1) ਦੀ ਟੀਟੀਆਰ | | | |
| | | **ਵਿਗਿਆਪਨ ਮੁਲ (ਰੁ.)** | **ਬਿਆਨਾ ਰਾਸ਼ੀ (ਰੁ.)** | **ਆਫਰ ਦੀ ਵੈਲੇਡਿਟੀ** | **ਸਮਾਪਤੀ ਦਾ ਸਮਾਂ** |
| | | 2,31,97,664.68 | 2,66,000.00 | 60 days | 12 ਮਹੀਨੇ |
| | | **ਕੰਮ ਦੀ ਸਮਾਨ ਨੇਚਰ:** CTR/TRR/TFR/TTR ਜਿਸ ਵਿਚ ਟ੍ਰੈਕ ਨੂੰ ਉਪਰ ਚੁਕਦਾ, ਸਕ੍ਰੀਨਿੰਗ, ਟ੍ਰੈਕ ਨੂੰ ਤਣਾਅਮੁਕਤ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਅਤੇ TTR ਦੇ ਲਈ ਪੂਰਵ ਅਤੇ ਬਾਅਦ ਦਾ ਕੰਮ ਸ਼ਾਮਲ ਹੈ, ਟੀ-28 ਦੁਆਰਾ | | | |
| 2 | 19-2025-26-BDGM-DRM-JAT | ਰੇਲਵੇ ਦੀਆਂ ਜਰੂਰਤਾਂ ਦੇ ਅਨੁਸਾਰ ਵਿਲਵਾਂ ਡਿਪੋ ਜਾਂ ਕਿਸੇ ਹੋਰ ਸਥਾਨ ਤੋਂ ADEN/BDGMਦੇ ਤਹਿਤ BAHL-BRML ਸੈਕਸ਼ਨ ਤਕ ਸਮਗਰੀ ਦਾ ਪਰਿਵਹਨ | | | |
| | | **ਵਿਗਿਆਪਨ ਮੁਲ (ਰੁ.)** | **ਬਿਆਨਾ ਰਾਸ਼ੀ (ਰੁ.)** | **ਆਫਰ ਦੀ ਵੈਲੇਡਿਟੀ** | **ਸਮਾਪਤੀ ਦਾ ਸਮਾਂ** |
| | | 39,99,997.25 | 80,000.00 | 60 days | 8 ਮਹੀਨੇ |
| | | **ਕੰਮ ਦੀ ਸਮਾਨ ਨੇਚਰ** :ਕੁਝ ਨਹੀਂ | | | |

ਨੋਟ:- 1. ਬੋਲੀ ਲਗਾਉਣ ਤੋਂ ਪਹਿਲੇ ਬੋਲੀ ਲਗਾਉਣ ਵਾਲਿਆਂ ਨੂੰ ਜਾਂਚ ਕਰਨੀ ਹੋਵੇਗੀ ਨਿਵਿਦਾ ਦੇ ਵਿਰੁਧ ਜਾਰੀ ਕਿਸੇ ਵੀ ਸ਼ੁਧੀਪੱਤਰ ਦੇ ਲਈ।

ਨੋਟ:- 2. ਜੇਕਰ ਹਿੰਦੀ ਅਤੇ ਅੰਗ੍ਰੇਜੀ ਸੰਸਕਰਨ ਦੇ ਵਿਚ ਅਰਥ ਵਿਚ ਕੋਈ ਤਰੁਟੀ ਹੈ, ਤਾਂ ਅੰਗ੍ਰੇਜੀ ਸੰਸਕਰਨ ਨੂੰ ਸਹੀ ਅਤੇ ਅੰਤਮ ਮੰਨਿਆ ਜਾਵੇਗਾ।

ਨੰ.: 18-2025-26-MCTM-DRM-JAT & 19-2025-26-BDGM-DRM-JAT ਤਾਰੀਕ 21.08.2025 2568/25

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**



**Bajaj Finance Limited**

**Registered Office :** Bajaj Finance Limited, C/o Bajaj Auto Limited Complex Mumbai Pune Road Akurdi Pune 411035
**Branch Office:** Bajaj Finance Ltd, Malhi Complex,1st Floor , Above State Bank of Patiala, Near Madaan Bajaj Dealer Batala Road, Gurdaspur -143 521

BAJAJ FINANCE

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

**ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8 (1) ਨਾਲ ਪੜ੍ਹੀ ਜਾਂਦੀ ਅੰਤਿਕਾ IV ਅਨੁਸਾਰ**

ਜਦੋਂ ਕਿ ਨਿਮਨਹਸਤਾਖਰੀ ਨੇ ਬਜਾਜ ਫਾਇਨਾਂਸ ਲਿਮਟਿਡ (ਬੀ ਐੱਫ ਐੱਲ) ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਦੀਆਂ ਵਿਵਸਥਾਵਾਂ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਨੂੰ ਰਜਿਸਟਰਡ ਡਾਕ ਰਾਹੀਂ ਡਿਮਾਂਡ ("ਨੋਟਿਸ") ਜਾਰੀ ਕਰਦਿਆਂ ਉਕਤ ਨੋਟਿਸ 13 (2) ਅਧੀਨ 'ਚ ਦਰਸਾਈ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ।

ਹੇਠਾਂ ਦਰਸਾਏ ਕਰਜ਼ਦਾਰ/ਰਹਿਣਕਾਰ/ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਉਕਤ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਬਜਾਜ ਫਾਇਨਾਂਸ ਲਿਮਟਿਡ ਦੀ ਹੇਠਾਂ ਦਰਸਾਈ ਰਕਮ ਸਮੇਤ ਇਸ ਉਪਰ ਇਕਰਾਰਨਾਮੇ ਦੀ ਦਰ ਨਾਲ ਵਿਆਜ ਸਮੇਤ ਵਸੂਲੀ ਜਾਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਾ ਖਾਤਾ ਨੰ./ਕਰਜ਼ਦਾਰਾਂ/ਰਹਿਣਕਾਰਾਂ/ ਗਰੰਟਰਾਂ ਦੇ ਨਾਂਅ ਅਤੇ ਪਤਾ | ਸਕਿਉਰਡ ਅਚੱਲ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਮਿਤੀ ਅਤੇ ਰਕਮ / ਕਬਜ਼ਾ ਮਿਤੀ |
|---|---|---|
| **LAN: SPPI/ P5U7PBL3978163 & P520PBL7764975**<br>1. ਸ੍ਰੀ ਰਾਜੇਸ਼ ਕੁਮਾਰ ਗੰਦੋਤਰਾ ਪੁੱਤਰ ਜਗਨਨਾਥ, ਬੇਰੀਆਂ ਮੁਹੱਲਾ ਪੀ ਮੋਸਟ ਆਫਿਸ ਦੀਨਾਨਗਰ, ਗੁਰਦਾਸਪੁਰ-143531 ਪੰਜਾਬ<br>2. ਸਨੇਹਾ ਸਨੇਹਾ ਪਤਨੀ ਰਾਜੇਸ਼ ਕੁਮਾਰ ਗੰਦੋਤਰਾ ਬੇਰੀਆਂ ਮੁਹੱਲਾ ਪੀ ਮੋਸਟ ਆਫਿਸ ਦੀਨਾਨਗਰ, ਗੁਰਦਾਸਪੁਰ-143531 ਪੰਜਾਬ | ਖਸਰਾ ਨੰ. 145/2 (130-19), 145/2 (9-15), 145/2 (0-15), 145/2 (0-14), 145/2 (1-0), 145/2 (0-8), 145/2 (2-17), ਵਾਕਿਆ ਰਕਬਾ ਪਿੰਡ ਦੀਨਾਨਗਰ, ਹੱਦਬਸਤ ਨੰ. 290, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ ਨਾਲ ਸਾਂਝੇ ਖੇਤਰ ਦੇ ਅਨੁਪਾਤਕ ਹਿੱਸੇ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਦਸਤਾਵੇਜ਼ ਅਨੁਸਾਰ : ਪੂਰਬ : ਕਰਨ ਕੁਮਾਰ, ਪੱਛਮ : ਮਲਕੀ ਰੇਲਵੇ, ਉੱਤਰ : ਗਲੀ 11' ਚੌੜੀ, ਦੱਖਣ : ਸੁਖਵਿੰਦਰ ਸਿੰਘ, ਸਾਈਟ ਅਨੁਸਾਰ : ਪੂਰਬ : ਸੁਖਵਿੰਦਰ ਸਿੰਘ, ਪੱਛਮ : ਵਰਕਸ਼ਾਪ, ਰੇਲਵੇ ਰੋਡ, ਉੱਤਰ : ਗਲੀ 11' ਚੌੜੀ, ਦੱਖਣ : ਹੋਰ ਜਾਇਦਾਦ ਦਫ਼ਤਰ | 12.05.2025 & Rs. 30,88,227.48/-<br>ਸੰਕੇਤਕ ਕਬਜ਼ਾ ਮਿਤੀ 21.08.2025 1.30 ਦੁਪਹਿਰ ਤੋਂ 2.00 ਵਜੇ ਬਾਅਦ ਦੁਪਹਿਰ |

ਸਥਾਨ : ਗੁਰਦਾਸਪੁਰ
ਮਿਤੀ : 22.08.2025

ਅਧਿਕਾਰਤ ਅਫਸਰ
ਵਾਸਤੇ ਮੈਸ: ਬਜਾਜ ਫਾਇਨਾਂਸ ਲਿਮਟਿਡ



**YES BANK** ਰਜਿਸਟਰਡ ਅਤੇ ਕਾਰਪੋਰੇਟ ਦਫਤਰ : ਯੈੱਸ ਬੈਂਕ ਹਾਊਸ, ਆਫ ਵੈੱਸਟਰਨ ਐੱਕਸਪ੍ਰੈੱਸ ਹਾਈਵੇ, ਸਾਂਤਾਕਰੂਜ਼ (ਈਸਟ), ਮੁੰਬਈ-400055 ਇੰਡੀਆ , ਵੈੱਬਸਾਈਟ : www.yesbank.in, E-Mail : communications@yesbank.in CIN : L65190MH2003PLC143249

**ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਦੀ ਪ੍ਰਕਾਸ਼ਨਾ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰ/ਗਿਰਵੀਕਾਰਾਂ, ਜਿਨ੍ਹਾਂ ਨੇ ਬੈਂਕ ਤੋਂ ਲਈ ਕਰਜ਼ਾ ਸਹੂਲਤ ਦਾ ਮੂਲ ਅਤੇ ਵਿਆਜ ਵਾਪਸ ਮੋੜਨ 'ਚ ਅਸਫਲਤਾ ਦਿਖਾਈ ਅਤੇ ਜਿਨ੍ਹਾਂ ਦੇ ਕਰਜ਼ਾ ਖਾਤੇ ਬੈਂਕ ਵੱਲੋਂ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਦੇ ਸੈਕਸ਼ਨ 13 (2) ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਤਹਿਤ ਉਨ੍ਹਾਂ ਦੇ ਜਾਣਕਾਰੀ ਵਾਲੇ ਆਖਰੀ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਜਾਣਕਾਰੀ ਦਿੱਤੀ ਗਈ ਹੈ।

| ਲੜੀ ਨੰ. | ਖਾਤਾ ਨੰਬਰ | ਕਰਜ਼ੇ ਦੀ ਕਿਸਮ | ਕਰਜ਼ਦਾਰਾਂ, ਸਹਿ-ਕਰਜ਼ਦਾਰਾਂ, ਰਹਿਣਕਾਰਾਂ ਦਾ ਨਾਂਅ | 13 (2) ਨੋਟਿਸ ਮੁਤਾਬਕ ਬਕਾਇਆ ਰਕਮ | ਐੱਨ ਪੀ ਦੀ ਮਿਤੀ / ਨੋਟਿਸ ਦੀ ਮਿਤੀ |
|---|---|---|---|---|---|
| 1. | A/c No. 03908890 0000644 | ਐੱਸ ਬੀ ਐੱਲ ਡਰਾਪ ਲਾਈਨ ਓਵਰ ਡਰਾਫਟ ਸੁਵਿਧਾ | 1. ਮੈਸਰਜ਼ ਧੂੰਨਾ ਧਾਰੀ ਨੈੱਟਵੇਅਰ ਰਾਹੀਂ ਇਸ ਦੇ ਮਾਲਕ ਵਿਨੋਦ ਕੁਮਾਰ (ਕਰਜ਼ਦਾਰ), 2. ਵਿਨੋਦ ਕੁਮਾਰ (ਸਹਿ-ਕਰਜ਼ਦਾਰ ਅਤੇ/ਜਾਂ ਰਹਿਣਕਾਰ) ਮੈਸਰਜ਼ ਧੂੰਨਾ ਧਾਰੀ ਨੈੱਟਵੇਅਰ ਦੇ ਪ੍ਰੋਪਰਾਈਟਰ | 06.08.2025 ਨੂੰ ਰੁਪਏ 20,02,868/- (ਵੀਹ ਲੱਖ ਦੋ ਹਜ਼ਾਰ ਅੱਠ ਸੌ ਅਠਾਹਠ ਰੁਪਏ ਕੇਵਲ) | 14-07-2025 / 08-08-2025 |
| | ਸਕਿਉਰਡ ਐੱਸਟਸ ਦੇ ਵੇਰਵੇ : ਸ੍ਰੀਮਤੀ ਪਤਨੀ ਨਰੇਸ਼ ਕੁਮਾਰ ਦੀ ਮਾਲਕੀ ਵਾਲੀ ਹਾਊਸ ਨੰ. 70, ਪੈਮਾਇਸ਼/ਬਾਰਕਬਾ 33.33 ਵਰਗ ਗਜ਼, ਵੀਵਰਜ਼ ਕਾਲੋਨੀ, ਪਾਨੀਪਤ, ਨੇੜੇ ਗੰਗਾਪੁਰ ਰੋਡ, ਨਗਰ ਨਿਗਮ ਦੀ ਹੱਦ ਵਿੱਚ, ਪਾਨੀਪਤ, ਤਹਿਸੀਲ ਤੇ ਜ਼ਿਲ੍ਹਾ ਪਾਨੀਪਤ ਵਿੱਚ ਸਥਿਤ ਅਚੱਲ ਜਾਇਦਾਦ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਹਾਊਸ ਨੰ. 69, ਨਰੇਸ਼ ਕੁਮਾਰ, ਪੱਛਮ : ਹਾਊਸ ਨੰ. 71, ਨੇਕੀ ਵੂਲਨ ਮਿਲਜ਼ ਨਾਲ ਸੰਬੰਧਤ, ਉੱਤਰ : ਮਾਲਕ ਰਵੀ, ਦੱਖਣ : ਸਟਰੀਟ/ਰੋਡ। | | | | |
| 2. | A/c No. MIC0023011 62579 | ਮਾਈਕਰੋ ਐੱਲ ਏ ਪੀ ਟਰਮ ਲੋਨ ਸੁਵਿਧਾ | 1. ਮਨਪ੍ਰੀਤ ਸਿੰਘ (ਕਰਜ਼ਦਾਰ) 2. ਬਲਜਿੰਦਰ ਕੌਰ (ਸਹਿ-ਕਰਜ਼ਦਾਰ) | 07.08.2025 ਨੂੰ ਰੁਪਏ 12,11,185.73/- (ਬਾਰਾਂ ਲੱਖ ਗਿਆਰਾਂ ਹਜ਼ਾਰ ਇੱਕ ਸੌ ਪਚਾਸੀ ਰੁਪਏ ਤਿਹੱਤਰ ਪੈਸੇ ਕੇਵਲ) | 10-05-2023 / 07-08-2025 |
| | ਸਕਿਉਰਡ ਐੱਸਟਸ ਦੇ ਵੇਰਵੇ : ਬਲਜਿੰਦਰ ਕੌਰ ਦੀ ਮਾਲਕੀ ਵਾਲੀ ਜਾਇਦਾਦ ਨੰ. 54, ਪੈਮਾਇਸ਼ 100 ਵਰਗ ਗਜ਼, ਖਸਰਾ ਨੰ. 10//12, ਖਾਤਾ ਨੰ. 36/39, ਜਮ੍ਹਾਂਬੰਦੀ ਸਾਲ 2002-03, ਹੱਦਬਸਤ ਨੰ. 79, ਪਿੰਡ ਫੰਬੜਾ, ਲੁਧਿਆਣਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ ਅਚੱਲ ਜਾਇਦਾਦ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢ 45 ਫੁੱਟ, ਪੱਛਮ : ਗੁਆਂਢ 45 ਫੁੱਟ, ਉੱਤਰ : 20 ਫੁੱਟ ਚੌੜੀ ਸਟਰੀਟ, ਦੱਖਣ : ਗੁਆਂਢ 20 ਫੁੱਟ। | | | | |
| 3. | AFH0015 00655472 | ਏ ਐੱਫ ਐੱਚ ਕਰਜ਼ਾ | 1. ਅਨੁਜ (ਕਰਜ਼ਦਾਰ) 2. ਸ੍ਰੀਮਤੀ ਅਨੀਤਾ (ਸਹਿ-ਕਰਜ਼ਦਾਰ) 3. ਰਾਜ ਕੁਮਾਰ (ਸਹਿ-ਕਰਜ਼ਦਾਰ) | 06 ਅਗਸਤ 2025 ਨੂੰ ਭਾਰਤੀ ਰੁਪਏ 8,44,879.40/- (ਅੱਠ ਲੱਖ ਚੁਤਾਲੀ ਹਜ਼ਾਰ ਅੱਠ ਸੌ ਉਨਾਸੀ ਰੁਪਏ ਅਤੇ ਚਾਲੀ ਪੈਸੇ ਕੇਵਲ) | 13-10-2023 / 06-08-2025 |
| | ਸਕਿਉਰਡ ਐੱਸਟਸ ਦੇ ਵੇਰਵੇ : ਹਾਊਸ ਪੈਮਾਇਸ਼ 0 ਕਨਾਲ 2 ਮਰਲਾ, 1-1/2, ਸਰਸਾਈ, ਖੇਵਟ ਖਾਤਾ ਨੰ. 569/583, 1139/1184, ਖਸਰਾ ਨੰ. 63/15 (8-0) ਕਿੱਤੇ 2 ਰਕਬਾ 16 ਕਨਾਲ 0 ਮਰਲਾ, 19=1/2/2880 ਹਿੱਸਾ 0 ਕਨਾਲ 2 ਮਰਲੇ, 1-1/2 ਸਰਸਾਈ ਪੈਮਾਇਸ਼ 65 ਵਰਗ ਗਜ਼, ਹਾਊਸ ਨੰ. 88, ਵੀ-ਸਿਟੀ, ਭਬਾਤ ਨਗਰ ਨਿਗਮ ਜ਼ੀਰਕਪੁਰ ਦੀ ਹੱਦ ਵਿੱਚ, ਹੱਦਬਸਤ ਨੰ. 234, ਤਹਿਸੀਲ ਤੇ ਜ਼ਿਲ੍ਹਾ ਐੱਸ ਏ ਐੱਸ ਨਗਰ। ਹੱਦ ਫਰੰਟ : ਰਸਤਾ, ਬੈਕਸਾਈਡ : ਇੱਕ ਹੋਰ ਮਾਲਕ, ਦੂਜੇ ਪਾਸੇ : ਪਲਾਟ ਨੰ. 87, ਦੂਜੇ ਪਾਸੇ : ਪਲਾਟ ਨੰ. 891 ਮਾਲਕ ਸ੍ਰੀਮਤੀ ਅਨੀਤਾ ਪਤਨੀ ਸ੍ਰੀ ਰਾਜ ਕੁਮਾਰ। | | | | |

ਉਪਰੋਕਤ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ ਗਰੰਟਰਾਂ/ਰਹਿਣਕਾਰਾਂ (ਜਦੋਂ ਵੀ ਲਾਗੂ ਹੋਵੇ) ਨੂੰ ਬਕਾਇਆ ਰਕਮ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ 60 ਦਿਨ ਗੁਜਰ ਜਾਣ ਤੋਂ ਬਾਅਦ ਸਰਫੇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਇਸ ਤੋਂ ਅੱਗੇ ਇਹ ਵੀ ਤੁਹਾਡੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਉਕਤ ਦੇ ਸੈਕਸ਼ਨ 13 (8) ਤਹਿਤ, ਜੇਕਰ ਸਾਡੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਤੈਅ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕਰ ਦਿੱਤੇ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟ ਵਿਕਰੀ ਜਾਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ ਸਾਡੇ ਵੱਲੋਂ ਸਕਿਉਰਡ ਐੱਸਟ ਨੂੰ ਤਬਦੀਲ ਜਾਂ ਵਿਕਰੀ ਕਰਨ ਸੰਬੰਧੀ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਮਿਤੀ : 23-08-2025, ਸਥਾਨ : ਪੰਜਾਬ — ਸਹੀ/- ਅਧਿਕਾਰਤ ਅਫਸਰ, ਵਾਸਤੇ ਯੈੱਸ ਬੈਂਕ ਲਿਮਟਿਡ



**SBI** RETAIL ASSETS CENTRAL PROCESSING CENTRE (05296), 1ST FLOOR, CIVIL LINES, FOUNTAIN CHOWK, LUDHIANA

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੇ ਉਨ੍ਹਾਂ ਵੱਲੋਂ ਬੈਂਕ ਕੋਲੋਂ ਪ੍ਰਾਪਤ ਕੀਤੀਆਂ ਕਰਜ਼ਾ ਸਹੂਲਤਾਂ ਦੇ ਮੂਲ ਅਤੇ ਵਿਆਜ ਦੀ ਮੁੜ ਅਦਾਇਗੀ 'ਚ ਨਾਕਾਮੀ ਦਿਖਾਈ ਹੈ ਅਤੇ ਉਕਤ ਸਹੂਲਤਾਂ ਨਾਨ ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੀਆਂ ਗਈਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ, ਬੇਸ਼ੱਕ ਕੁਝ ਮਾਮਲਿਆਂ 'ਚ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ ਅਤੇ ਹੋਰ ਮਾਮਲਿਆਂ 'ਚ ਪ੍ਰਾਪਤੀ ਰਸੀਦਾਂ ਹਾਸਲ ਨਹੀਂ ਹੋਈਆਂ। ਅਜਿਹੇ 'ਚ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾਂਦੀ ਹੈ।

| ਲੜੀ ਨੰ. | ਬਰਾਂਚ : ਕਰਜ਼ਦਾਰ/ਗਰੰਟਰ/ ਭਾਈਵਾਲ/ ਰਹਿਣਕਾਰ ਦਾ ਨਾਂਅ | ਜਾਇਦਾਦ ਦਾ ਵੇਰਵਾ | ਨਾਨ-ਪ੍ਰਫਾਰਮਿੰਗ ਐੱਸਟ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|---|
| 1. | **ਸਾਹਨੇਵਾਲ, ਲੁਧਿਆਣਾ**<br>(ਕਰਜ਼ਦਾਰ/ਕਰਜ਼ਦਾਰਾਂ) : ਸ੍ਰੀ ਦਿਲਬਾਗ ਸਿੰਘ ਪੁੱਤਰ ਨਰਿੰਦਰ ਸਿੰਘ, ਨਿਊ ਮਾਡਲ ਟਾਊਨ, ਨੇੜੇ ਹਰੇ ਕ੍ਰਿਸ਼ਨਾ ਮੰਦਰ, ਸਾਹਮਣੇ ਗੇਟ ਨੰ. 2, ਸੈਕਰਡ ਹਾਰਟ ਸਕੂਲ, ਮਜਾਰਾ ਰੋਡ, ਸਾਹਨੇਵਾਲ, ਲੁਧਿਆਣਾ | ਬੈਨਾਮਾ ਵਸੀਕਾ ਨੰ. 2021-22/102/1/7797 ਮਿਤੀ 02/03/2022 ਅਨੁਸਾਰ ਜਾਇਦਾਦ/ਮਕਾਨ/ਪਲਾਟ ਰਕਬਾ 277.77 ਵਰਗ ਗਜ਼, ਖਸਰਾ ਨੰ. 90//25/3, 106//5/2, 106//6/1, 105//20/3, 105//21/1, 106//15, 106//16/1, 106//25/3, ਖੱਤਾ ਨੰ. 692/728, 695/731, ਜਮ੍ਹਾਂਬੰਦੀ ਸਾਲ 2015-16, ਪਿੰਡ ਸਾਹਨੇਵਾਲ ਕਲਾਂ-1, ਦੀ ਰੈਵੇਨਿਊ ਅਸਟੇਟ ਦੇ ਅੰਦਰਵਾਰ ਹੱਦਬਸਤ ਨੰ. 227, ਤਹਿਸੀਲ ਸਾਹਨੇਵਾਲ ਅਤੇ ਜ਼ਿਲ੍ਹਾ ਲੁਧਿਆਣਾ ਦੇ ਸਾਰੇ ਹਿੱਸੇ। ਹੱਦਾਂ : ਪੂਰਬ : ਗੁਆਂਢ 50', ਪੱਛਮ : ਜਗਦੀਪ ਸਿੰਘ 50', ਉੱਤਰ : ਰਸਤਾ 20' ਚੌੜਾ, ਦੱਖਣ : ਗੁਆਂਢ 50', ਬੈਨਾਮਾ ਵਸੀਕਾ ਨੰ. 2021-22/102/1/7797 ਮਿਤੀ 02/03/2022 ਸ੍ਰੀ ਦਿਲਬਾਗ ਸਿੰਘ ਪੁੱਤਰ ਸ੍ਰੀ ਨਰਿੰਦਰ ਸਿੰਘ ਦੇ ਨਾਂਅ 'ਤੇ। | 20-07.2025 | 22-07-2025 | ਰੁਪਏ 50,83,417/- (ਪੰਜਾਹ ਲੱਖ ਤਰਿਆਸੀ ਹਜ਼ਾਰ ਚਾਰ ਸੌ ਸਤਾਰਾਂ ਰੁਪਏ ਕੇਵਲ) 22.07.2025 ਤੋਂ ਇਸ 'ਤੇ ਹੋਰ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤਾਂ ਸ਼ਾਮਲ ਹਨ। |
| 3. | **ਨਿਊ ਕੋਰਟ, ਲੁਧਿਆਣਾ**<br>(ਕਰਜ਼ਦਾਰ/ਕਰਜ਼ਦਾਰਾਂ) : 1. ਸ੍ਰੀ ਸੰਤੋਸ਼ ਕੁਮਾਰ ਪੁੱਤਰ ਸ੍ਰੀ ਈਸ਼ਵਰ ਪ੍ਰਸ਼ਾਦ, ਪਲਾਟ/ਸਰਵੇ/ਮਕਾਨ ਨੰ. 47, ਅਬਾਦੀ ਈਸਟ ਵਿੱਲੇ, ਲਲਤੋਂ ਖੁਰਦ, ਪਿੰਡ ਅਕਾਲਗੜ੍ਹ, ਜ਼ਿਲ੍ਹਾ ਲੁਧਿਆਣਾ। | ਬੈਨਾਮਾ ਵਸੀਕਾ ਨੰ. 2534 ਮਿਤੀ 26-06-2015 ਅਨੁਸਾਰ ਜਾਇਦਾਦ/ਮਕਾਨ/ਪਲਾਟ ਰਕਬਾ 98.5 ਵਰਗ ਗਜ਼, ਖਸਰਾ ਨੰ. 1164, 1290/1163, 1300/1171, 1301/1172, 197/1170, 1299/1171, 1303/1172, 1309/1178, ਜਮ੍ਹਾਂਬੰਦੀ ਸਾਲ 2015-16 ਪਿੰਡ ਅਕਾਲਗੜ੍ਹ, ਹੱਦਬਸਤ ਨੰ. 292, ਪਿੰਡ ਅਕਾਲਗੜ੍ਹ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਦੇ ਸਾਰੇ ਹਿੱਸੇ। ਹੱਦਾਂ : ਪੂਰਬ : ਸੜਕ 30 ਫੁੱਟ ਚੌੜੀ 24'', ਪੱਛਮ : ਗੁਆਂਢ 24', ਉੱਤਰ : ਪਲਾਟ ਨੰ. 46-36'-9'', ਦੱਖਣ :ਪਲਾਟ ਨੰ. 48-36'-9'' ਬੈਨਾਮਾ ਵਸੀਕਾ ਨੰ. 2534 ਮਿਤੀ 26.06.2015, ਸ੍ਰੀ ਸੰਤੋਸ਼ ਕੁਮਾਰ ਪੁੱਤਰ ਸ੍ਰੀ ਈਸ਼ਵਰ ਪ੍ਰਸ਼ਾਦ ਦੇ ਨਾਂਅ 'ਤੇ। | 15-07-2025 | 17-07-2025 | ਰੁਪਏ 9,08,662 (ਨੌਂ ਲੱਖ ਅੱਠ ਹਜ਼ਾਰ ਛੇ ਸੌ ਬਾਹਠ ਰੁਪਏ ਕੇਵਲ) 17.07.2025 ਤੋਂ ਇਸ 'ਤੇ ਹੋਰ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤਾਂ ਸ਼ਾਮਲ ਹਨ। |

ਉਪਰੋਕਤ ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ ( ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਾਸ਼ੀ ਅਦਾ ਕਰਨ ਲਈ ਨੋਟਿਸ ਦੇ ਬਦਲਵੇਂ ਕਦਮ ਚੁੱਕੇ ਜਾ ਰਹੇ ਹਨ, ਜਿਸ 'ਚ ਅਸਫਲ ਰਹਿਣ ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟ੍ਰਕਸ਼ਲ ਆਫ ਫਾਇਨੈਂਸ਼ੀਅਨ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ।

ਐਕਟ ਦੇ ਸੈਕਸ਼ਨ 13 (13) ਤਹਿਤ ਤੁਸਾਂ ਨੂੰ ਬੈਂਕ ਦੀ ਮਨਜ਼ੂਰੀ ਤੋਂ ਬਿਨਾਂ ਉਕਤ ਜਾਇਦਾਦ ਦੇ ਕਿਸੇ ਲੈਣ-ਦੇਣ, ਵਿਕਰੀ ਤੋਂ ਵਰਜਿਆ ਜਾਂਦਾ ਹੈ। ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਇਸ ਸੈਕਸ਼ਨ ਦੀ ਉਲੰਘਣਾ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ।

ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੰਬੰਧਤ ਸ਼ਾਖਾ ਤੋਂ ਨੋਟਿਸ ਦੀ ਕਾਪੀ ਪ੍ਰਾਪਤ ਕਰ ਲੈਣ।

ਮਿਤੀ : 22-08-2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

23- August - Page - 7.qxd 8/22/2025 10:48 PM Page 1



# ਕਲਾਸੀਫਾਈਡ ਇਸ਼ਤਿਹਾਰ

## Change of Name

I, Nisha D/o Ashok Kumar R/o Vill Kotli Sazawar, PO. Pachranga, Jalandhar. I have changed my name from Nisha to Nisha Chopra and Nisha is my given name and Chopra is my surname. Please concerned note.

I, Kuldip Singh S/O Parkash Chand R/O H.No.533,Adarsh Nagar,Islamabad,Amritsar,Punjab have changed my name from Kuldip Singh to Kuldeep Singh.Concerned note.

I,Kuldip Singh S/O Parkash Chand R/O H.No.533,Adarsh Nagar,Islamabad,Amritsar,Punjab have changed my name from Kuldip Singh to Kuldeep Singh.Concerned note.

I, Raman Kumar S/O Prem Nath R/O 62,Near Nava Kot,Gurbaksh Nagar,Amritsar, Punjab have changed my name from Raman Kumar to Raman Monga.Concerned note.

I, Gurdip Singh S/o Harbajan Singh R/o VPO Panchhat Tehsil Phagwara Distt. Kapurthala Punjab have changed my name from Gurdip Singh to Gurdeep Singh. Concerned note.

I, Hardev Singh S/o Malkiat Singh, R/o Village Bahla, PO. Garhdiwala, Tehsil Dasuya, Distt. Hoshiarpur, Pin Code 144207, Punjab India. Declare that I have changed the name of my Daughter Arashpreet Kaur as first name Arashpreet and surname as Bains. Be amended in all document.

I Rajwinder Kaur W/o Hardev Singh R/o Village Bahla, PO. Garhdiwala, Tehsil Dasuya, Distt. Hoshiarpur, Pin Code 144207, Punjab India. Declare that I have changed my name from Rajwinder Kaur as first name Rajwinder and surname as Bains. Concerned note.

I, Hardev Singh S/o Malkiat Singh, R/o Village Bahla, PO. Garhdiwala, Tehsil Dasuya, Distt. Hoshiarpur, Pin Code 144207, Punjab India. Declare that I have changed the name of my minor Son Gurfateh Singh as first name Gurfateh and surname as Bains. Concerned note.

I, Hardev Singh S/o Malkiat Singh, R/o Village Bahla, PO. Garhdiwala, Tehsil Dasuya, Distt. Hoshiarpur, Pin Code 144207, Punjab India. Declare that I have changed the name of my minor Daughter Gurleen Kaur as first name Gurleen and surname as Bains. Concerned note.

I, Ashok Kumar S/O Mohan Lal R/O 87, Batala Road, Jawahar Nagar, Amritsar, Punjab have changed my name from Ashok Kumar to Ashok Kumar Bhardwaj.Concerned note.

I, hitherto known as Mukesh Kumar S/o Satpal Singh R/o Village Begpur Kamlooh PO Dhamian Tehsil Mukerian District Hoshiarpur, Punjab 144221, have changed my name as Kumar Mukesh and now my given name Mukesh and my surname is Kumar.

I, Santosh Rani W/o Suresh Kumar R/o Village and PO Bassi Kalan, Distt. Hoshiarpur Punjab have changed my name from Santosh Rani to Santosh Kumari. Concerned note.

I, SUKHJINDER SINGH S/O BALDEV SINGH, Residing at Village Naraingarh, PO & Tehsil Dasuya, Hoshiarpur, Punjab 144205, have changed the name of my minor son GURKIRAT SINGH,aged 17 years and he shall hereafter be known as SINGH GURKIRAT.

I, Harpreet Kaur W/o Jodh Singh R/o VPO Chabba, Tehsil & Distt. Amritsar have declare that Harpreet is my Given name and Singh is my Surname.

I, Shivani Wadhwa D/o Sohan Lal Khanna R/o H.No.B216, B-Block New Amritsar have changed my name from Shivani Wadhwa to Shivani.

I, Inderjeet Singh Sidhu S/o Gurmej Singh R/o 160, Partap Avenue, G.T Road, Amritsar have changed my name from Inderjeet Singh Sidhu to Inderjeet Singh.

I, Jarmanjit Singh and Jarmanjeet Singh S/o Kuldip Singh R/o Khuh Lallu Wala, Patti Jani Ke, Nawi Abadi, Village Bandala Tehsil and District Amritsar have declare that above both names are mine one and same person.

I, Santosh Trehan, Santosh Kumari and Santosh W/o Suresh Chander R/o H.No.27, Green Field, Phase-2, Majitha Road, Amritsar have declare that above all names are mine one and same person.

I, Ranjit Singh Hundal S/o Gurdial Singh R/o H.No.143, Pandori Mehma, Tehsil and Distt. Amritsar have changed my name from Ranjit Singh Hundal to Ranjit Singh.

I, K. S. Vikramaditya Rai S/O Sanjeev Rai, R/o House Number 197/1, Raisons House, Colonel Gurdial Singh Road, Civil Lines, Ludhiana, Punjab- 141001, have changed my name and shall here-after be Known as Vikramaditya Rai.

I, Arti W/o Rachhpal Singh R/o Baba Jiwan Singh Patti, Kishanpura Kalan, Moga-142058 (Punjab), have changed my name from Arti to Charanjit Kaur. All concerned please note.

I, Krishan Chand s/o Darshan Ram R/o H.No. 331,Jagjit Colony, V. Dhilwan, P.O. Dakoha Jalandhar,have changed my name from Krishan CHAND to Krishan Chand with CHAND is my surname

I Ashu S/o Mohinder Pal, R/o 308, Adarsh Nagar, Jalandhar, Punjab, have changed my minor daughter's name from Unnati Jassal Bhatia to Unnati. All concerned my note.

I, Akashdeep Kaur D/o Jaspal Singh R/o Verka, Jahangir, Amritsar, Punjab-143501 have changed my name from Akashdeep Kaur to Kaur is my surname and Akashdeep is my given name.

I, Ranjana Kohli D/o Amit Kohli, R/O 437 dream city Amritsar hereby Declare that I have changed the name of my minor daughter from, Shanaya Rajp to Misha kohli Hence Shanaya Rajp and Misha kohli is the name of same child . Concerned please note.

I, Pooja d/o Samuel Masih r/o VPO. Kandhala Guru, Distt. Jalandhar, Punjab, India have changed my name from Pooja to Pooja Masih. All Please Note.

## Change of Name

I, Vaibhav s/o Bhupinder Kumar r/o H.No.1045, Tara Wali Gali, Rajput Nagar, Model House, Jalandhar, Punjab-144003 have changed my name to Vaibhav Narang. All Please Note.

I, Aditi Verma w/o Akshay Jain r/o H.No. J 601, Jalandhar Heights-1, 66 Ft Road, Pholriwal, Jalandhar have changed my name to Aditi Jain, after marriage. All Please Note.

I, Surinder Pal s/o Ram Saroop r/o VPO. Naugajja, Distt. Jalandhar have changed my name to Surinder Pal Jakhu (Surname as Jakhu) All Please Note.

I, Baldev Singh Ranu s/o Swaran Singh r/o Sarafan Bazar, VPO. Apra, Distt. Jalandhar have changed my name from Baldev Singh Ranu to Baldev Singh. All Please Note.

I, Nitish s/o Roshan Lal r/o VPO. Sofi Pind, Distt. Jalandhar have changed my name to Given name as Nitish & Surname as Kumar) All Please Note.

I, Manjeet Kaur W/o Gurpreet Singh R/o Village Mehrampur, Po. Khan Khana, SBS Nagar, Punjab have changed my name from Manjeet Kaur to Manpreet Kaur. All Please Note.

I, Ramandeep Singh S/o Balkar Singh R/o Village Mainwal, Tehsil Phillaur, Distt. Jalandhar, Punjab have changed my name from Ramandeep Singh to Singh Ramandeep (Singh as Surname) All Please Note.

I, Balvir Kaur W/o Gurdial Singh R/o Village Ali Chak, Distt. Jalandhar, Punjab have changed my name from Balvir Kaur to Balbir Kaur. All Please Note.

I, hitherto known as Phoolan Devi W/o Kewal Krishan R/o H.No. 1873, ST. No. 2, Shaheed Bhagat Singh Nagar, Salem Tabri, Ludhiana, Punjab- 141008 have changed my name and shall hereafter be known as Phoola Rani.

## ਆਮ ਸੂਚਨਾ

[illegible]

## ਨਾਂਅ ਦੀ ਬਦਲੀ

[illegible]

## ਬੇਦਖਲੀ ਨੋਟਿਸ

ਮੈਂ ਅਵਤਾਰ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਸਿਮਰਿਆ ਵਾਲਾ (ਢਾਣੀ ਲਾਹੌਰੀਆ ਵਾਲੀ ) ਤਹਿਸੀਲ ਜਲਾਲਾਬਾਦ ਹਲਫਨ ਬਿਆਨ ਕਰਦਾਂ ਹਾਂ ਕਿ ਮੇਰੀ ਲੜਕੀ ਮਹਿਕਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਬੁਰੀ ਸੰਗਤ 'ਚ ਪੈ ਚੁੱਕੀ ਹੈ। ਮੈਂ ਉਸ ਨੂੰ ਆਪਣੀ ਚੱਲ -ਅਚੱਲ ਜੈਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਉਸ ਨਾਲ ਲੈਣ ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ੰਮੇਵਾਰ ਹੋਵੇਗਾ ਮੇਰਾ ਅਤੇ ਮੇਰੇ ਬਾਕੀ ਪਰਿਵਾਰ [illegible]

[illegible]

ਅਸੀਂ, ਹਰਬੰਸ ਲਾਲ ਪੁੱਤਰ ਲੇਟ ਹਰਜੀਤ ਸਿੰਘ ਅਤੇ ਵੀਨਾ ਰਾਣੀ ਪਤਨੀ ਹਰਬੰਸ ਲਾਲ ਵਾਸੀ ਮਕਾਨ ਨੰ: 64-ਏ, ਜਨਤਾ ਕਾਲੋਨੀ, ਮਕਸੂਦਾਂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਲੋਕੇਸ਼ ਸੈਣੀ ਉਰਫ ਸੋਨੀ ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਨੂੰ ਅਤੇ ਸਾਡੇ ਪਰਵਾਰ ਨੂੰ ਤੰਗ-ਪ੍ਰੇਸ਼ਾਨ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਨਿੰਦਰ ਪੁੱਤਰ ਦਰਸਨ ਅਤੇ ਬਖਸ਼ੋ ਪਤਨੀ ਨਿੰਦਰ ਵਾਸੀਆਨ ਪਿੰਡ ਢੇਰੀਆ ਤਹਿ: ਨਕੋਦਰ ਜਿਲਾ ਜਲੰਧਰ ਬਿਆਨ ਕਰਦੇ ਹਾਂ ਕਿ ਰਵੀ ਪਾਲ ਅਤੇ ਕੁਲਵਿੰਦਰ ਸਿੰਘ ਸਾਡੇ ਦੋਵੇ ਪੁੱਤਰ ਕੁਆਰੇ ਹਨ ਜ਼ੋ ਸਾਡੀ ਸੇਵਾ ਨਹੀ ਕਰਦੇ ਅਤੇ ਸਾਨੂੰ ਤੰਗੀ ਪਰੇਸਾਨ ਕਰ ਘਰ ਵਿੱਚ ਲੜਾਈ ਝਗੜਾ ਕਰਦੇ ਹਨ ਇਹ ਸਾਡੇ ਕਹਿਣੇ ਤੋ ਬਾਹਰ ਹਨ । ਇੰਨਾਂ ਦੀਆਂ ਹਰਕਤਾਂ ਤੋਂ ਤੰਗ ਆ ਕੇ ਆਪਣੇ ਉਕਤ ਦੋਨਾ ਲੜਕਿਆ ਨੂੰ ਆਪਣੀ ਸਾਰੀ ਚੱਲ ਤੇ ਅੱਚਲ ਜਾਇਦਾਦ ਤੋ ਬੇਦਖਲ ਕਰਦੇ ਹਾਂ ਇੰਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ ਸਾਡੀ ਅਤੇ ਸਾਡੇ ਪਰਿਵਾਰ ਦੀ ਕੋਈ ਵੀ ਜਿੰਮੇਵਾਰੀ ਨਹੀ ਹੋਵੇਗੀ।

ਅਸੀਂ ਬੁੱਧ ਰਾਜ ਪੁੱਤਰ ਅਮਰਨਾਥ ਅਤੇ ਸੁਰਜੀਤ ਕੌਰ ਪਤਨੀ ਬੁੱਧ ਰਾਜ, ਵਾਸੀ ਮਕਾਨ ਨੰਬਰ 224, ਅੱਜਲਾ ਰੋਡ, ਨੇੜੇ ਥਰਮਾ ਕੋਲ ਫੈਕਟਰੀ, ਰਜਿੰਦਰ ਨਗਰ ਕਪੂਰਥਲਾ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਰਵੀਪਾਲ ਅਤੇ ਨੂਹ ਮਨਪ੍ਰੀਤ ਕੌਰ, ਸਾਡੇ ਕਹਿਣੇ ਕਾਰ ਵਿੱਚ ਨਹੀਂ ਹਨ ਜਿਸ ਕਰਕੇ ਅਸੀਂ ਆਪਣੇ ਉਕਤ ਲੜਕੇ ਰਵੀਪਾਲ ਅਤੇ ਨੂੰਹ ਮਨਪ੍ਰੀਤ ਕੌਰ ਨੂੰ ਆਪਣੀ ਤਮਾਮ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਦੋਵਾਂ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਵਿਅਕਤੀ ਖੁਦ ਜਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਲਵਿੰਦਰ ਕੌਰ ਪਤਨੀ ਲੇਟ ਸਵਿੰਦਰ ਸਿੰਘ ਵਾਸੀ ਮਕਾਨ ਨੰਬਰ 269, ਨਿਊ ਭਾਰਤ ਕਲੋਨੀ ਅਲੀਵਾਲ ਰੋਡ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਕੁਲਵੰਤ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਬੱਦੋਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਤਿੰਦਰ ਸਿੰਘ ਅਤੇ ਨੂੰਹ ਸਾਹਿਲਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸੋਹਣ ਲਾਲ ਪੁੱਤਰ ਮਹੰਤ ਲਾਲ ਵਾਸੀ ਵਾਰਡ ਨੰਬਰ 08, ਮੁੱਹਲਾ ਬਾਗਵਾਲਾ, ਸ਼ਾਹਕੋਟ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਮਨ ਵਾ ਮੇਰੀ ਨੂੰਹ ਪ੍ਰੇਰਨਾ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰੇਗਾ ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਕਿਰਨ ਦੇਵੀ ਪਤਨੀ ਕੁਲਵੰਤ ਸਿੰਘ ਵਾਸੀ ਚੱਕ ਭਾਈਆਂ, ਡਾਕਖਾਨਾ ਭੰਗਾਲਾ ,ਜ਼ਿਲਾ ਹੁਸ਼ਿਆਰਪੁਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕੁਸ਼ਨ ਠਾਕੁਰ ਅਤੇ ਉਸਦੀ ਪਤਨੀ ਪ੍ਰਿਆ ਦੇਵੀ ਮੇਰੇ ਕਹਿਣੇ ਤੋਂ ਬਾਹਰ ਹਨ ।ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ।ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਅਮਰਜੀਤ ਸਿੰਘ ਪੁੱਤਰ ਜਸਵੰਤ ਸਿੰਘ ਅਤੇ ਸੁਰਿੰਦਰ ਕੌਰ ਪਤਨੀ ਅਮਰਜੀਤ ਸਿੰਘ ਵਾਸੀਆਨ ਮਕਾਨ ਨੰ. 121, ਪਿੰਡ ਜਗਰਾਲ, ਡਾਕਖਾਨਾ ਜਮਸ਼ੇਰ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਸਰਬਜੀਤ ਕੌਰ ਉਮਰ ਕਰੀਬਨ 40 ਸਾਲ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਅਵਤਾਰ ਚੰਦ ਪੁੱਤਰ ਸ਼ਾਂਤੀ ਦਾਸ ਵਾਸੀ ਪਿੰਡ ਢੇਸੀਆ ਕਾਹਨਾ, ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਏਕਤਾ ਪਤਨੀ ਸੰਦੀਪ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਇਸਦੇ ਪਰਿਵਾਰ ਸਮੇਤ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਪਰਮਜੀਤ ਸਿੰਘ ਪੁੱਤਰ ਪ੍ਰਕਾਸ਼ ਚੰਦ ਵਾਸੀ ਮਕਾਨ ਨੰ: 120 ਅਕਾਸ਼ਦੀਪ ਮਾਰਬਲ ਕੋਹਿਨੂਰ ਇਨਕਲੇਵ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਨਵਜੋਤ ਕੌਰ ਅਤੇ ਉਸ ਦਾ ਪਤੀ ਇਲਾਹੀ ਉਰਫ ਇਲਾਈ ਮਸੀਹ ਪੁੱਤਰ ਰਾਜੇਸ਼ ਮਸੀਹ ਵਾਸੀ ਮਕਾਨ ਨੰ: 16, ਹੈਨਰੀ ਕਾਲੋਨੀ ਸੰਸਾਰਪੁਰ ਜਲੰਧਰ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰਾ ਇਨ੍ਹਾਂ ਨਾਲ ਕੋਈ ਰਿਸ਼ਤਾ ਨਾਤਾ ਨਹੀਂ ਹੈ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕਸ਼ਮੀਰ ਸਿੰਘ ਪੁੱਤਰ ਰਤਨ ਸਿੰਘ ਵਾਸੀ ਮਕਾਨ ਨੰਬਰ 528, ਗਲੀ ਨੰ: 3, ਬਲਾਕ ਵੇਰਕਾ, ਗੁਰੂ ਨਾਨਕ ਨਗਰ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਪੂਜਾ ਪਤਨੀ ਲੇਟ ਸੁਖਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੇ ਤੇ ਮੇਰੇ ਪਰਵਾਰ ਨਾਲ ਲੜਾਈ-ਝਗੜਾ ਕਰਦੀ ਹੈ। ਇਸ ਲਈ ਮੈਂ ਇਸ ਨੂੰ ਅਤੇ ਇਸ ਦੇ ਲੜਕੇ ਪ੍ਰਭਕਿਰਤ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸਰਬਜੀਤ ਕੌਰ ਪਤਨੀ ਲੇਟ ਹਰਜੀਤ ਸਿੰਘ ਵਾਸੀ 9438, ਗਲੀ ਨੰ: 1, ਬਾਜ਼ਾਰ ਨੰਬਰ 4, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅੰਮ੍ਰਿਤਪਾਲ ਸਿੰਘ ਅਤੇ ਉਸ ਦੀ ਪਤਨੀ ਤੇਜਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਪਰਵਾਰ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਨੋਟਿਸ

ਮੈਂ, ਨਰਿੰਦਰ ਕੌਰ ਪਤਨੀ ਜਸਬੀਰ ਸਿੰਘ, ਵਾਸੀ 207, ਗਲੀ ਨੰ: 5, ਕੋਟ ਆਤਮਾ ਰਾਮ ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਖਿਲ ਅਰੋੜਾ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

[illegible]

ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਕਿਉਂਕਿ ਮੇਰਾ ਇਸ ਨਾਲ ਕੋਈ ਸੰਬੰਧ-ਵਾਸਤਾ ਨਹੀਂ ਰਿਹਾ ਹੈ। ਸੰਬੰਧਤ ਨੋਟ ਕਰਨ।

ਮੈਂ, ਰਾਮ ਸਰੂਪ ਪੁੱਤਰ ਲੇਟ ਦਲੀਪਾ ਰਾਮ, ਵਾਸੀ ਪਿੰਡ ਜੇਠਪੁਰ, ਈਸ਼ਰਵਾਲ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ (ਹਾਲ ਵਾਸੀ ਲਿਬਲਾਨ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਜਿੰਦਰ ਕੁਮਾਰ ਅਤੇ ਉਸ ਦੀ ਪਤਨੀ ਹਰਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## PUBLIC NOTICE

I, Sukhwinder Kaur wife of Happy Sampla resident of V.P.O. Sofi Pind District Jalandhar-144024, Punjab, India do hereby declare that name of my husband has been written as Happy in Admission Register of Kendriya Vidyalaya No. 4, Jalandhar Cantt. of my daughters namely Amandeep Kaur and Gurpreet Kaur. Actual name of my husband is Happy Sampla which may be amended accordingly.

1, Gurpreet Singh Father of Jasmine Sallan who has passed her 10th Class examination under ICSE Board during the session 2023-2024 from St. Mary's Convent School Bhogpur Jalandhar, Punjab. Her Unique ID is 8052746 and Index No. is 1246407/057. On my daughter Jasmine Sallan's Pass certificate and Statement of Marks her name has been written as Jasmine. Now her name has changed from Jasmine to Jasmine Sallan.

I, Gurwinder Singh (UID No.9648-0534-6769) S/o Bahadur Singh R/o MIG 274 Rakkar Colony, Una Himachal Pradesh State that my registery no (sale deed no.4966 dated 01-12-2005 S R Jalandhar Lost on dated 10/04/2025 If any body finds it or Any objection please contact Advocate Vikas Sood, Jalandhar Mob: 98140-94356. All Please Note.

I, James S/o Johan Masih R/o Vill. Dhina, Jalandhar and I had donated a property situated at Vill. Kot Sadiq Jalandhar Measuring 02 Marlas Bearing Sale Deed No.2023-24/187/1/4265 Dt. 31/07/2023 to miss neumi through Affidavit Dt. 19.07.2024. Now I revert back all my rights from Miss Neumi D/o Jagir Masih, She will have no right on my said property in future. All concerned please note.

## ਜਨਤਕ ਨੋਟਿਸ

ਮੈਂ ਅਮਨਪ੍ਰੀਤ ਸਿੰਘ ਪੁੱਤਰ ਨਾਮਦੇਵ ਸਿੰਘ ਮਕਾਨ ਨੰ. BXIII-1047, ਵਾਰਡ ਨੰ. 16, ਜਿਲਾ ਬਰਨਾਲਾ-148101 ਘੋਸ਼ਣਾ ਕਰਦਾ ਹਾਂ ਕਿ ਮੈਂ ਸੇਲ ਡੀਡ ਨੰਬਰ ਦੇ ਅਨੁਸਾਰ ਰੁਪਿੰਦਰਪਾਲ ਕੌਰ ਪਤਨੀ ਰਾਜੀਵ ਕੁਸ਼ਲ ਦੀ ਮਲਕੀਅਤ ਵਾਲੀ ਇੱਕ ਪ੍ਰਾਪਰਟੀ ਯੂਨਿਟ ਨੰਬਰ 20131/01173 ਖਰੀਦ ਰਿਹਾ ਹਾਂ। 2019-20/86/1/4073 ਮਿਤੀ 13/01/2020 ਕਿ ਅਸਲੀ ਪਿਛਲਾ Regd. ਟ੍ਰਾਂਸਫਰ ਡੀਡ ਨੰ. 1785 ਮਿਤੀ 30/06/2016 ਅਤੇ ਅਸਲ ਪਿਛਲਾ ਰਜਿ. ਸੇਲ ਡੀਡ ਨੰ. 5266 ਮਿਤੀ 25/11/2010 ਗੁੰਮ ਹੋ ਗਈ ਸੀ ਅਤੇ ਪੁਲਿਸ ਸ਼ਿਕਾਇਤ ਨੰ. 620954/2025 ਵੀ ਮਿਤੀ 22/08/2025 ਨੂੰ ਥਾਣਾ ਸਿਟੀ ਬਰਨਾਲਾ ਵਿਖੇ ਦਰਜ ਕੀਤੀ ਗਈ ਸੀ। ਹੁਣ ਮੈਂ ਇਹ ਜਾਇਦਾਦ ਏ.ਯੂ ਸਮਾਲ ਫਾਈਨਾਂਸ ਬੈਂਕ ਬਰਨਾਲਾ ਬ੍ਰਾਂਚ ਕੋਲ ਪ੍ਰਾਪਰਟੀ ਲੋਨ ਲਈ ਗਿਰਵੀ ਰੱਖ ਰਿਹਾ ਹਾਂ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਕਿਰਪਾ ਕਰਕੇ ਆਪਣੇ ਇਤਰਾਜ਼ ਐਡਵੋਕੇਟ ਵਨੀਤ ਕੁਮਾਰ ਚੈਂਬਰ ਨੰਬਰ 138 ਕੋਰਟ ਕੰਪਲੈਕਸ ਜ਼ਿਲ੍ਹਾ ਕਚਹਿਰੀਆਂ ਬਰਨਾਲਾ ਵਿਖੇ 7 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾ ਸਕਦੇ ਹਨ। 98888-36295

## COURT NOTICE

(U/o 5 Rule 20 CPC)
**In the Court of Simran**
Civil Judge (Junior Division) Amritsar
CNR No. PBAS02-001005-2025
Next Date:- 11-09-2025

CS DECL PINJ

Gauri Wd/O Mahesh Chandok R/O H.No. 357-A Green Avenue, Water Tanki Wala Park, Amritsar.

Vs.

1. Kamlesh Rani W/o Late Raj Kumar S/o Ram Nath, 2. Suman Mehra D/o Late Raj Kumar W/o Rajesh Mehra Both R/o Flat No. 702, Royal Avenue, Krishna Sagar Near Lakshdeep Paradise Mansarovar Extension Jaipur (Gujrat), 3. Meenu Luthra D/o Late Raj Kumar R/o Arya Public School, Punjabi Colony Amritsar, 4. Hitesh S/o Mahesh Chandok S/o Raj Kumar, 5. Priya D/o Late Mahesh Chandok, 6. Hemangi Chandok D/o Late Mahesh Chandok. All R/o H.No. 357-A Green Avenue Water Tanki Wala Park, Amritsar.

Publication Issued To:

2. Suman Mehra D/o Late Raj Kumar W/o Rajesh Mehra R/o Flat No. 702 Royal Avenue Krishna Sagar Near Lakshdeep Paradise Mansarovar Extension, Jaipur (Gujrat).

3. Meenu Luthra D/o Late Raj Kumar R/o Arya Public School, Punjabi Colony Amritsar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 11-09-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 22-08-2025

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਰਵੀਕਰਨ ਸਿੰਘ ਕਾਹਲੋਂ ਵੱਲੋਂ ਕਰਿਆਨਾ ਕਾਰੋਬਾਰੀ ਰਵੀ ਢਿੱਲੋਂ ਦੇ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਰਵੀ ਕਰਿਆਨਾ ਸਟੋਰ ਦੇ ਮਾਲਕ ਰਵੀ ਢਿੱਲੋਂ (42) ਜਿਨ੍ਹਾਂ ਦਾ ਬੀਤੇ ਦਿਨੀਂ ਤਿੰਨ ਅਣਪਛਾਤੇ ਹਮਲਾਵਰਾਂ ਵੱਲੋਂ ਉਨ੍ਹਾਂ ਦੇ ਘਰ ਦੇ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਦੇ ਪਰਿਵਾਰ ਨਾਲ ਹਲਕਾ ਡੇਰਾ ਬਾਬਾ ਨਾਨਕ ਅਤੇ ਹਲਕਾ ਫਤਿਹਗੜ੍ਹ ਚੂੜੀਆਂ ਤੋਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਰਵੀਕਰਨ ਸਿੰਘ ਕਾਹਲੋਂ ਆਪਣੇ ਸਾਥੀਆਂ ਸਮੇਤ ਰਵੀ ਢਿੱਲੋਂ ਦੇ ਘਰ ਪਹੁੰਚੇ ਜਿੱਥੇ ਉਨ੍ਹਾਂ ਵੱਲੋਂ ਰਵੀ ਦੇ ਵੱਡੇ ਭਰਾ ਲੱਕੀ ਢਿੱਲੋਂ ਸਮੇਤ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ ।ਉਨ੍ਹਾਂ ਕਿਹਾ ਕਿ ਰਵੀ ਢਿੱਲੋਂ ਦਾ ਕਤਲ ਬਹੁਤ ਹੀ ਦੁੱਖਦਾਈ ਘਟਨਾ ਹੈ, ਮੈਂ ਇਸ ਮੰਦਭਾਗੀ ਘਟਨਾ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ।ਉਨ੍ਹਾਂ ਕਿਹਾ ਕਿ ਡੇਰਾ ਬਾਬਾ ਨਾਨਕ ਦੇ ਦੁਕਾਨਦਾਰਾਂ ਨੂੰ ਕਈ ਦਿਨਾਂ ਤੋਂ ਵਿਦੇਸ਼ੀ ਨੰਬਰਾਂ ਤੋਂ ਫ਼ਿਰੌਤੀ ਦੇ ਪੈਸੇ ਲੈਣ ਲਈ ਫੋਨ ਕਾਲਾਂ ਆ ਰਹੀਆਂ ਹਨ, ਜਿਸ ਕਾਰਨ ਦੁਕਾਨਦਾਰਾਂ ਵਿੱਚ ਭਾਰੀ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਹੀ ਨੌਜਵਾਨ ਰਵੀ ਢਿੱਲੋਂ ਨੂੰ ਵੀ ਫ਼ਿਰੌਤੀ ਨਾ ਦੇਣ 'ਤੇ ਉਸ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ, ਜੋ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਫੇਲ੍ਹ ਸਾਬਤ ਹੋਈ ਹੈ, ਹਰ ਰੋਜ਼ ਦਿਨ ਦਿਹਾੜੇ ਗੈਂਗਸਟਰਾਂ ਵੱਲੋਂ ਕਿਸੇ ਨਾ ਕਿਸੇ ਦਾ ਕਤਲ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਬਲਿਕ ਦੀ ਜਾਨ ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਪ੍ਰਬੰਧ ਕਰੇ ਤਾਂ ਜੋ ਕਾਰੋਬਾਰੀ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ ।ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਸਾਬਕਾ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਗਗਨਦੀਪ ਸਿੰਘ ਕਲਾਨੌਰ, ਹਰਮਨਪ੍ਰੀਤ ਸਿੰਘ ਸਰਕਲ ਪ੍ਰਧਾਨ, ਪ੍ਰਦੀਪ ਕੁਮਾਰ ਕਲਾਨੌਰ, ਨਿਰਮਲ ਸਿੰਘ ਰੱਤਾ, ਸਾਬਕਾ ਚੇਅਰਮੈਨ ਹਰਦੀਪ ਸਿੰਘ ਤਲਵੰਡੀ ਗੋਰਾਇਆ, ਜਗਦੀਪ ਸਿੰਘ ਸਮਰਾਏ, ਬਿੱਟੂ ਕਾਲੀਆ, ਸੁਖਦੇਵ ਸਿੰਘ ਤਲਵੰਡੀ ਗੋਰਾਇਆ, ਸਰਪੰਚ ਸੁਰਜੀਤ ਸਿੰਘ ਹਰੂਵਾਲ, ਅਰਜਿੰਦਰ ਸਿੰਘ ਗੋਲਡੀ, ਸ਼ਮਸ਼ੇਰ ਸਿੰਘ ਸ਼ਰਮਾ ਮੌਜੂਦ ਸਨ।



### ਫਾਰਮ ਨੰ. URC-2

ਅਧਿਆਇ XXI ਦੇ ਭਾਗ 9 ਦੇ ਤਹਿਤ ਰਜਿਸਟ੍ਰੇਸ਼ਨ ਬਾਰੇ ਨੋਟਿਸ ਦੇਣ ਵਾਲਾ ਇਸ਼ਤਿਹਾਰ

(ਕੰਪਨੀਆਂ ਐਕਟ, 2013 ਦੀ ਧਾਰਾ 374(b) ਅਤੇ ਕੰਪਨੀਆਂ (ਰਜਿਸਟਰ ਕਰਨ ਲਈ ਅਧਿਕਾਰਤ) ਨਿਯਮਾਂ, 2014 ਦੇ ਨਿਯਮ 4(1) ਦੇ ਅਨੁਸਾਰ)

1. ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ ਐਕਟ, 2013 ਦੀ ਧਾਰਾ 366 ਦੀ ਉਪ-ਧਾਰਾ (2) ਦੇ ਅਨੁਸਾਰ, ਪੰਦਰਾਂ ਦਿਨਾਂ ਬਾਅਦ ਪਰ ਇਸ ਤੋਂ ਬਾਅਦ ਤੀਹ ਦਿਨਾਂ ਦੀ ਮਿਆਦ ਪੁੱਗਣ ਤੋਂ ਪਹਿਲਾਂ ਸੀਆਰਸੀ ਦੇ ਰਜਿਸਟਰਾਰ ਨੂੰ ਇੱਕ ਅਰਜ਼ੀ ਦੇਣ ਦਾ ਪ੍ਰਸਤਾਵ ਹੈ ਕਿ ਭੂਮੀਜਾ ਇੰਡਸਟਰੀਅਲ ਟੈਕ ਇੱਕ ਭਾਈਵਾਲੀ ਫਰਮ ਨੂੰ ਕੰਪਨੀ ਐਕਟ 2013 ਦੇ ਅਧਿਆਇ XXI ਦੇ ਭਾਗ 9 ਦੇ ਤਹਿਤ, ਸ਼ੇਅਰਾਂ ਦੁਆਰਾ ਸੀਮਿਤ ਕੰਪਨੀ ਵਜੋਂ ਭੂਮੀਜਾ ਇੰਡਸਟਰੀਅਲ ਟੈਕਨੋਲੋਜੀਜ਼ ਪ੍ਰਾਈਵੇਟ ਲਿਮਟਿਡ ਵਜੋਂ ਰਜਿਸਟਰ ਕੀਤਾ ਜਾ ਸਕਦਾ ਹੈ।
2. ਕੰਪਨੀ ਦੇ ਮੁੱਖ ਉਦੇਸ਼ ਹੇਠ ਲਿਖੇ ਅਨੁਸਾਰ ਹਨ: ਫੈਬਰੀਕੇਸ਼ਨ, ਥੋਕ ਵਪਾਰ, ਪ੍ਰਚੂਨ ਵਪਾਰ, ਵੱਖ-ਵੱਖ ਕਿਸਮਾਂ ਦੇ ਨਿਰਮਾਣ, ਉਪਕਰਣ, ਨਿਰਮਾਣ ਮਸ਼ੀਨਰੀ, ਉਪਕਰਣ, ਮਸ਼ੀਨਰੀ, ਪੁਰਜ਼ੇ, ਟ੍ਰਾਂਸਮਿਸ਼ਨ ਸ਼ਾਫਟ (ਕੈਮ ਸ਼ਾਫਟ ਅਤੇ ਕਰੈਂਕ ਸ਼ਾਫਟ ਸਮੇਤ) ਅਤੇ ਕ੍ਰੈਂਕਸ; ਬੇਅਰਿੰਗ ਹਾਊਸਿੰਗ ਅਤੇ ਪਲੇਨ ਸ਼ਾਫਟ ਬੇਅਰਿੰਗ; ਗੀਅਰ ਅਤੇ ਗੇਅਰਿੰਗ; ਬਾਲ ਜਾਂ ਰੋਲਰ ਸਕ੍ਰੂ; ਗੀਅਰ ਬਾਕਸ ਅਤੇ ਹੋਰ ਸਪੀਡ ਚੇਂਜਰ, ਜਿਸ ਵਿੱਚ ਟਾਰਕ ਕਨਵਰਟਰ ਸ਼ਾਮਲ ਹਨ; ਫਲਾਈਵ੍ਹੀਲ ਅਤੇ ਪੁਲੀ, ਜਿਸ ਵਿੱਚ ਪੁਲੀ ਬਲਾਕ ਸ਼ਾਮਲ ਹਨ; ਕਲਚ ਅਤੇ ਸ਼ਾਫਟ ਕਪਲਿੰਗ (ਯੂਨੀਵਰਸਲ ਜੋੜਾਂ ਸਮੇਤ) ਪਾਈਲ-ਐਕਸਟ੍ਰੈਕਟਰ ਸ਼ਾਮਲ ਹਨ, ਦੇ ਆਯਾਤ ਅਤੇ ਨਿਰਯਾਤ ਦਾ ਕਾਰੋਬਾਰ ਕਰਨਾ।
3. ਪ੍ਰਸਤਾਵਿਤ ਕੰਪਨੀ ਦੇ ਡਰਾਫਟ ਮੈਮੋਰੰਡਮ ਅਤੇ ਐਸੋਸੀਏਸ਼ਨ ਦੇ ਲੇਖਾਂ ਦੀ ਇੱਕ ਕਾਪੀ 682R- 683, ਮਾਡਲ ਟਾਊਨ, ਜਲੰਧਰ 144003 ਸਥਿਤ ਦਫ਼ਤਰ ਵਿੱਚ ਨਿਰੀਖਣ ਕੀਤੀ ਜਾ ਸਕਦੀ ਹੈ।
4. ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਇਸ ਅਰਜ਼ੀ ਤੇ ਇਤਰਾਜ਼ ਕਰਨ ਵਾਲਾ ਕੋਈ ਵੀ ਵਿਅਕਤੀ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਇੱਕੀ ਦਿਨਾਂ ਦੇ ਅੰਦਰ-ਅੰਦਰ ROC CRC, 9931, ਮਾਨੇਸਰ, ਪਲਾਟ ਨੰਬਰ 6, 7 ਅਤੇ 8, ਸੈਕਟਰ-5, IMT ਮਾਨੇਸਰ, ਗੁਰੂਗ੍ਰਾਮ, 122050 ਵਿਖੇ ਰਜਿਸਟਰਾਰ ਨੂੰ ਆਪਣਾ ਇਤਰਾਜ਼ ਲਿਖਤੀ ਰੂਪ ਵਿੱਚ ਦੱਸ ਸਕਦਾ ਹੈ, ਜਿਸਦੀ ਇੱਕ ਕਾਪੀ ਕੰਪਨੀ ਨੂੰ ਉਸਦੇ ਰਜਿਸਟਰਡ ਦਫ਼ਤਰ ਵਿੱਚ ਭੇਜੀ ਜਾ ਸਕਦੀ ਹੈ।

ਮਿਤੀ 21.08.2025

ਮੈਸਰਜ਼ ਭੂਮਿਜਾ ਇੰਡਸਟਰੀਅਲ ਟੈਕ ਲਈ
ਸਿਧਾਂਤ ਸਹਿਗਲ

## COURT NOTICE

(U/o 5 Rule 20 CPC)
In The Court of
**Hasan Deep Singh Bajwa**
Additional Civil Judge (Senior Division), Kharar
CNR No. PBSAA0-001009-2025
Next Date:- 23-09-2025
GW/13/2025

Ishita Thour through her Mother D/o Vinod Kumar R/o H.No. 520, Anaj Mandi Road, Near Randhawa Road, Kharar Tehsil Kharar Through her Mother Anju Bala Wd/O Vinod Kumar R/o H.No. 520, Anaj Mandi Road, Near Randhawa Road, Kharar, Tehsil Kharar, Distt. Mohali.

Vs.

General Public

Publication Issued To:
General Public

In above titled case, the defendant(s)/ respondent(s) could not be served. It is ordered rat defendant(s)/respondent(s) should appear in person or through counsel on 23-09-2025 at 10:05 a.m.

For details logon to https://highcourtchd.gov.in/?mod=district_notice&district=mogacourt

Additional Civil Judge (Senior Division) Kharar
Dated, this day of 19-08-2025

## ਪਬਲਿਕ ਨੋਟਿਸ

ਮੈਂ, ਗੁਰਦੇਵ ਸਿੰਘ (ਅਧਾਰ ਨੰ. 2182-8345-2259) ਪੁੱਤਰ ਲੇਟ ਸ਼੍ਰੀ ਕੇਵਲ ਸਿੰਘ ਵਾਸੀ ਮਕਾਨ ਨੰ. 55, ਪੁਰਾਣਾ ਫਗਵਾੜਾ ਸੜਕ ਦੇ ਨੇੜੇ, ਨਿਊ ਡਿਫੈਂਸ ਕਲੋਨੀ, ਜਲੰਧਰ ਕੈਂਟ, ਜਲੰਧਰ। ਇਹ ਪੁਸ਼ਟੀ ਕਰਦਾ ਹਾਂ ਜਾਇਦਾਦ ਮਕਾਨ ਨੰ. 55, ਜੋ ਕਿ ਮੇਰੇ ਪਿਤਾ ਕੇਵਲ ਸਿੰਘ ਦੀ ਵਸੀਅਤ ਨੰ. 129 ਮਿਤੀ 21-11-2001 ਰਾਹੀਂ ਵਿਰਾਸਤ ਵਜੋਂ ਮੈਨੂੰ ਮਿਲਿਆ ਹੈ ਅਤੇ ਜਿਸਦਾ ਬੈਨਾਮਾ ਨੰ. 8593 ਮਿਤੀ 17-10-2012 ਹੈ। ਜੋ ਕਿ ਬਰੁਏ ਖਸਰਾ ਨੰ. 2//17/2, 18/1, 2//23/2, 24, 25, 6//3/2, 4, 5, 6, 7, 8/1, 13/3, 14, 15, 16, 17, 18/1, 5//21, 6//25 ਪਰ ਨਿਰਭਰ ਹੈ। ਉਕਤ ਮਕਾਨ ਨੰ. 55 ਵਿੱਚ ਮੇਰੇ ਤੋਂ ਇਲਾਵਾ ਹੋਰ ਕੋਈ ਹਿੱਸੇਦਾਰ ਨਹੀਂ ਹੈ। ਮੈਂ ਮਕਾਨ ਨੰ. 55 ਉਪਰ ਆਰ. ਬੀ. ਐਲ. ਬੈਂਕ ਤੋਂ ਲੋਨ ਲੈ ਰਿਹਾ ਹਾਂ ਅਤੇ ਜੇਕਰ ਇਸ ਉਪਰ ਕਿਸੇ ਨੂੰ ਇਤਰਾਜ਼ ਹੈ ਤਾਂ ਮੈਨੂੰ ਇਸ ਇਸ਼ਤਿਹਾਰ ਦੇ ਛਪਣ ਤੋਂ ਬਾਅਦ 7 ਦਿਨ ਦੇ ਅੰਦਰ-ਅੰਦਰ ਮੇਰੇ ਨਾਲ ਇਸ ਨੰ. 98151-51411 ਅਤੇ ਪਤਾ ਮਕਾਨ ਨੰ. 55, ਪੁਰਾਣਾ ਫਗਵਾੜਾ ਸੜਕ ਦੇ ਨੇੜੇ, ਨਿਊ ਡਿਫੈਂਸ ਕਲੋਨੀ, ਜਲੰਧਰ ਕੈਂਟ, ਜਲੰਧਰ 'ਤੇ ਸੰਪਰਕ ਕਰੇ।

## COURT NOTICE

(U/o 5 Rule 20 CPC)
In The Court of
**Ms. Harmandeep Kaur**
Civil Judge Junior Division-3, Ferozepur
CNR No. PBFZ02-002581-2024
Next Date:- 08-09-2025

Punjab National Bank
Vs.
Raj Kaur

Publication Issued To:
Raj Kaur
:- Tarlochan Singh
R/O Vill. Kale Ke Hithar, PO. Rukne Wala, Teh. and Distt. Ferozepur

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 08-09-2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge Junior Division-3 Ferozepur
Dated, this day of 21-08-2025

## COURT NOTICE

In The Court of
**Ms. Shruti**
Judicial Magistrate - Ist Class Ludhiana
CNR No. : PBLD03-037721-2021
Next Date:-25-09-2025

Axis Bank Ltd
Vs.
Chanan Singh

Detail of offence:-
Notice To:
Chanan Singh
S/O Banta Singh R/o VPO Harchowal. Teh. Batala, Distt. Gurdaspur, Qadian, Punjab, 143527
2) Satnam Singh S/o Chanan Singh, R/o VPO Harchowal, Teh. Batala, Distt. Gurdaspur, Qadian, Punjab, 143527 India

In above titled case, the accused could not be served. It is ordered that accused should appear in person or through counsel on 25-09-2025 at 10.00 a.m.

For details logon to https://highcourtchd.gov.in/?mod=district_notice&district=moga-court.

Judicial Magistrate - Ist Class, Ludhiana
Dated, this day of 13-08-2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ-ਦਰਜਾ ਅੱਵਲ, ਗੜ੍ਹਦੀਵਾਲਾ

ਵਿਸ਼ਾ : ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਸਬੰਧੀ।

ਨੋਟਿਸ ਬਨਾਮ ਜਨਰਲ ਪਬਲਿਕ

ਪ੍ਰਾਰਥੀ ਸ੍ਰੀਮਤੀ ਨਰਿੰਦਰ ਕੌਰ ਪੁੱਤਰੀ ਸਵਰਗਵਾਸੀ ਸ੍ਰੀ ਸਰਵਣ ਸਿੰਘ ਮਠਾੜੂ ਉਰਫ ਬਾਜ ਸਿੰਘ, ਵਾਸੀ ਮਕਾਨ ਨੰ. 482, ਸੈਕਟਰ 12, ਪੰਚਕੂਲਾ ਨੇ ਇਕ ਦਰਖਾਸਤ ਦਿੱਤੀ ਹੈ ਕਿ ਮਾਲ ਰਿਕਾਰਡ ਵਾਕਿਆ ਰਕਬਾ ਪਿੰਡ ਭੱਟੀਆਂ ਦੀ ਹਦਬਸਤ ਨੰ: 27 ਫਰਦ ਜਮ੍ਹਾਂਬੰਦੀ ਵਿੱਚ ਪ੍ਰਾਰਥਣ ਦੇ ਦਾਦਾ ਜੀ ਦਾ ਨਾਂਅ ਜਸਬੀਰ ਸਿੰਘ ਗਲਤ ਚਲਦਾ ਆ ਰਿਹਾ ਹੈ ਜਦ ਕਿ ਇਸ ਦਾ ਨਾਂਅ ਸਬੀਰ ਸਿੰਘ ਅਸਲ ਹੈ ਜੋ ਕਿ ਫਰਦ ਜਮ੍ਹਾਂਬੰਦੀ 1982-83 ਅਨੁਸਾਰ ਸਹੀ ਹੈ।ਪ੍ਰਾਰਥੀ ਨੇ ਇਸ ਨਾਂਅ ਦੀ ਦਰੁਸਤੀ ਲਈ ਦਰਖਾਸਤ ਪੇਸ਼ ਕੀਤੀ ਹੈ। ਪ੍ਰਾਰਥੀ ਵੱਲੋਂ ਦਰਖਾਸਤ ਨਾਲ ਫਰਦ ਜਮ੍ਹਾਂਬੰਦੀ ਦੀਆਂ ਕਾਪੀਆਂ ਸਬੂਤ ਵਜੋਂ ਪੇਸ਼ ਕੀਤੀਆਂ ਹਨ। ਇਸ ਤੋਂ ਇਲਾਵਾ ਪ੍ਰਾਰਥੀ ਵੱਲੋਂ ਦੋ ਅਖਬਾਰਾਂ PUNJAB EXPRESS ਅਤੇ ਨਵਾਂ ਜ਼ਮਾਨਾ ਦੀ ਕਟਿੰਗ ਪੇਸ਼ ਕੀਤੀ ਹੈ। ਇਸ ਨਾਂਅ ਦੀ ਸੋਧ ਦੇ ਸੰਬੰਧ ਵਿੱਚ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਸਾਲਤਨ ਜਾਂ ਵਕਾਲਤਨ ਮੇਰੇ ਦਫਤਰ/ਅਦਾਲਤ ਵਿੱਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਨੋਟਿਸ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਇਤਰਾਜ਼ ਕਾਬਲੇ ਸਮਾਇਤ ਨਾ ਹੋਵੇਗਾ ਅਤੇ ਨਾਂਅ ਦੀ ਸੋਧ ਕਰ ਦਿੱਤੀ ਜਾਵੇਗੀ।

ਅੱਜ ਮਿਤੀ 21-08-2025 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਦੇ ਨਾਲ ਜਾਰੀ ਹੋਇਆ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਗੜ੍ਹਦੀਵਾਲਾ।

ਨੰਬਰ : 256/ਰੀਡਰ ਮਿਤੀ : 21-08-2025

## CIVIL COURTS, LUDHIANA

In the Court of Ms. Dazy Bangarh
Civil Judge (Senior Division) Ludhiana
CNR NO PBLD02-007272-2025
Peshi : 10.09.2025

Gurpreet Kaur
V/S
General Public

Petition U/S 8 of The Hindu Minority & Guardianship Act

Publication Issued to
General Public

Whereas the above named petitioner GURPREET KAUR has filed petition for grant of permission to alienate 2/3rd share out of property owned by the minor Kritika Bains daughter and Ginish Bains S/o Late Sh. Raj Kumar on the basis of oral and documentary evidence. This notice is hereby issued to the general public regarding the institution of this petition. If any person has any objection to the grant of permission to the petitioner for appointment as the legal guardian of the said child, then he/she should appear in the court on 10.09.2025 at 10.00 a.m., either in person or through an authorized agent or lawyer for filing objections failing which the petition shall be decided in accordance with law.

Given under my hand and the seal of the Court, this 19.08.2025

For details logo to https://highcourtchd.gov.in/?trs=district_notice&district=ludhiana

Civil Judge (Senior Division) Ludhiana

## COURT NOTICE

(U/o 5 Rule 20 CPC)
In the Court of
Sh. Sukhwinder Singh
Additional Civil Judge (Senior Division), Rupnagar
CNR No. PBRO02-001729-2023
Next Date :- 09-09-2025

Santokh Singh
Vs.
Bhupinder Singh

Publication Issued to :
Bhupinder Singh
H. No. 3, Gali No, 1, Hargobind Nagar Near Bela Chowk, Ropar, Tehsil and Distt. Rupnagar

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 09.09.2025 at 10:00 A.M.

For details logon to https://highcourtchd.gov.in/?mod=district_notice&district=Rupnagar

Additional Civil Judge (Senior Division), Rupnagar
Dated this day of 22-08-2025

## ਉੱਤਰ ਰੇਲਵੇ

### ਹਸਪਤਾਲ ਵਿਜ਼ਿਟਿੰਗ ਮਾਹਿਰਾਂ ਦੀ ਨਿਯੁਕਤੀ

ਉਤਰ ਰੇਲਵੇ ਫਿਰੋਜਪੁਰ ਮੰਡਲ ਵਿਚ ਹਸਪਤਾਲ ਵਿਜ਼ਿਟਿੰਗ ਮਾਹਿਰਾਂ ਦੀ ਨਿਯੁਕਤੀ ਦੇ ਲਈ ਨੋਟਿਸ।

| ਲੜੀ ਨੰਬਰ | ਹਸਪਤਾਲ ਦਾ ਨਾਮ | ਹਸਪਤਾਲ ਵਿਜ਼ਿਟਿੰਗ ਮਾਹਿਰ | ਪਦਾਂ ਦੀ ਸੰਖਿਆ |
|---|---|---|---|
| 1 | ਮੰਡਲ ਚਿਕਿਤਸਾਲਯ ਫਿਰੋਜਪੁਰ | ਈ ਐਨ ਟੀ | 01 |
| | | ਅੱਖ ਰੋਗ | 01 |
| | | ਮਨੋਰੋਗ | 01 |
| 2 | ਉਪ ਮੰਡਲ ਚਿਕਿਤਸਾਲਯ ਅੰਮ੍ਰਿਤਸਰ | ਅੱਖ ਰੋਗ | 01 |
| | | ਫਿਜੀਸ਼ਿਯਨ | 01 |
| 3 | ਮੰਡਲ ਚਿਕਿਤਸਾਲਯ, ਜੰਮੂ ਤਵੀ | ਅੱਖ ਰੋਗ | 01 |
| | | ਫਿਜੀਸ਼ਿਯਨ | 01 |

ਨਿਯੁਕਤੀ ਨੂੰ ਕੰਟਰੋਲ ਕਰਨ ਵਾਲੇ ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਚੀਫ ਮੈਡੀਕਲ ਸੁਪਰੰਟੈਂਡੰਟ ਦਫਤਰ, ਉਤਰ ਰੇਲਵੇ ਮੰਡਲ ਹਸਪਤਾਲ ਫਿਰੋਜਪੁਰ ਅਤੇ ਉਤਰ ਰੇਲਵੇ ਦੀ ਵੈਬਸਾਈਟ www.nr.indianrailways.gov.in 'ਤੇ ਉਪਲਬਧ ਹੈ।

ਇਛੁਕ ਡਾਕਟਰ ਆਪਣਾ ਪੇਸ਼ੇਵਰ ਤਜਰਬਾ/ ਬਰਥ ਪਰੂਫ/ਯੋਗਤਾ ਪ੍ਰਮਾਣ ਪੱਤਰ, ਸੰਪਰਕ ਵੇਰਵੇ ਦੇ ਨਾਲ ਆਪਣਾ ਬਾਯੋ-ਡਾਟਾ ਚੀਫ ਮੈਡੀਕਲ ਸੁਪਰੰਟੈਂਡੰਟ ਦਫਤਰ, ਉਤਰ ਰੇਲਵੇ ਮੰਡਲ ਹਸਪਤਾਲ ਫਿਰੋਜਪੁਰ-152001 ਨੂੰ 20.9.2025 ਨੂੰ 13.00 ਵਜੇ ਤਕ ਜਮ੍ਹਾ ਕਰਵਾ ਸਕਦੇ ਹਨ।

ਚੀਫ ਮੈਡੀਕਲ ਸੁਪਰੰਟੈਂਡੰਟ
ਉਤਰ ਰੇਲਵੇ, ਫਿਰੋਜਪੁਰ

2543/25 ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਉਨ੍ਹਾਂ ਦੇ ਲਈ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ/ਜੰਮੂ-ਤਵੀ ਹੇਠਾਂ ਲਿਖਤ ਕੰਮ ਲਈ Single packet System ਦੇ ਅਨੁਸਾਰ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ:-

| | |
|---|---|
| ਨਿਵਿਦਾ ਨੰ. | 17-ELECT-C-AMC-JAT-2025 Dated 22.08.2025 |
| ਕੰਮ ਦਾ ਨਾਮ | ਉਧਮਪੁਰ - ਸ਼੍ਰੀਨਗਰ - ਬਾਰਾਮੂਲਾ ਰੇਲ ਲਿੰਕ ਪ੍ਰੋਜੈਕਟ ਦੇ ਤਹਿਤ ਜੰਮੂ ਕਟਰਾ ਪਟਨੀਟਾਪ, ਉਧਮਪੁਰ ਅਤੇ ਕੌੜੀ ਵਿਚ ਅਧਿਕਾਰੀ ਵਿਸ਼੍ਰਾਮ ਗ੍ਰਹਿ, ਜੰਮੂ, ਕਟਰਾ ਅਤੇ ਉਧਮਪੁਰ ਵਿਚ ਸੀਨੀਅਰ ਅਧੀਨਸਥ ਵਿਸ਼੍ਰਾਮ ਗ੍ਰਹਿ ਅਤੇ ਛਨੀ ਹਿੰਮਤ ਅਤੇ ਗਾਂਧੀ ਨਗਰ ਜੰਮੂ ਵਿਚ ਟ੍ਰਾਂਜਿਟ ਆਵਾਸ, ਜੰਮੂ ਅਤੇ ਕਟਰਾ ਵਿਚ ਸਟਾਫ ਕਵਾਟਰ ਆਦਿ ਵਿਚ ਸਥਾਪਿਤ ਬਿਜਲੀ ਦੇ ਉਪਕਰਣਾਂ ਦਾ ਸਲਾਨਾ ਸੰਚਾਲਨ ਅਤੇ ਵਿਆਪਕ ਰਖਰਖਾਅ। |
| ਅੰਦਾਜਨ ਲਾਗਤ | ਰੁ. 2,23,61,994.00 |
| ਬਿਆਨਾ ਰਾਸ਼ੀ (Bid security) | ਰੁ. 2,61,800.00 |
| ਕੰਮ ਸਮਾਂ | 24 ਮਹੀਨੇ |
| ਈ-ਨਿਵਿਦਾਵਾਂ ਅਪਲੋਡ ਕਰਨ ਅਤੇ ਖੁਲਣ ਦੀ ਮਿਤੀ ਅਤੇ ਸਮਾਂ | ਨਿਵਿਦਾ ਆਈ.ਆਰ.ਈ.ਪੀ.ਐਸ. ਦੀ ਵੈਬਸਾਈਟ www.ireps.gov.in 'ਤੇ 15:00 ਵਜੇ ਮਿਤੀ 18.05.2025 ਤਕ ਅਪਲੋਡ ਕਰਨੀ ਹੋਵੇਗੀ ਅਤੇ ਉਸੇ ਦਿਨ 15:00 ਵਜੇ ਦੇ ਬਾਅਦ ਖੋਹਲੀ ਜਾਏਗੀ।) ਨਿਵਿਦਾ ਪਾਉਣ ਵਾਲੇ ਜੋ ਈ-ਨਿਵਿਦਾ ਵਿਚ ਭਾਗ ਲੈਣ ਦੇ ਇਛਾ ਰਖਦੇ ਹੋਣ, ਉਨ੍ਹਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਖੁਦ ਨੂੰ ਵੈਬਸਾਈਟ www.ireps.gov.in 'ਤੇ ਰਜਿਸਟਰਡ ਕਰਨ, ਜਿਸ ਦੇ ਲਈ ਉਨ੍ਹਾਂ ਕਲਾਸ III ਡਿਜਿਟਲ ਦਸਤਖਤ ਪ੍ਰਾਪਤ ਕਰਨ ਦੀ ਜਰੂਰਤ ਹੋਵੇਗੀ (ਜੇਕਰ ਪਹਿਲਾਂ ਤੋਂ ਹੀ ਨਹਾਂ ਪ੍ਰਾਪਤ ਹੋਵੇ) ਜਿਸ ਨੂੰ CCA under IT Act 2000ਵਿਚ ਜਾਰੀ ਕੀਤਾ ਗਿਆ ਹੈ। |
| ਨਿਵਿਦਾ ਦੀ ਵੈਲੇਡਿਟੀ | ਖੁਲਣ ਦੀ ਮਿਤੀ ਤੋਂ 45 ਦਿਨ ਤਕ। |
| ਮਿਤੀ ਅਤੇ ਸਮਾਂ ਜਦ ਤਕ ਨਿਵਿਦਾ ਦਸਤਾਵੇਜ ਅਪਲੋਡਿੰਗ ਦੇ ਲਈ ਉਪਲਬਧ ਰਹਿਣਗੇ | ਨਿਵਿਦਾ ਦਸਤਾਵੇਜ ਆਈ.ਆਰ.ਈ.ਪੀ.ਐਸ. ਦੀ ਵੈਬਸਾਈਟ www.ireps.gov.in 'ਤੇ ਮਿਤੀ 04.09.2025 ਤੋਂ 18.09.2025 ਤਕ ਅਪਲੋਡਿੰਗ ਦੇ ਲਈ ਉਪਲਬਧ ਰਹਿਣਗੇ। ਕੇਵਲ ਈ-ਨਿਵਿਦਾਵਾਂ ਨੂੰ ਸਵੀਕਾਰ ਕੀਤਾ ਜਾਏਗਾ ਅਤੇ ਕਿਸੇ ਹੋਰ ਰੂਪ ਵਿਚ ਪ੍ਰਸਤੁਤ ਕੀਤੇ ਗਏ ਨਿਵਿਦਾਵਾਂ ਨੂੰ ਸਰਸਰੀ ਤੌਰ ਤੇ ਖਾਰਜ ਕਰ ਦਿਤਾ ਜਾਵੇਗਾ। |

ਨਿਵਿਦਾ ਸੂਚਨਾ ਦਾ ਪੂਰਾ ਵੇਰਵਾ ਉਪ ਮੁੱਖ ਬਿਜਲੀ ਇੰਜੀਨੀਅਰ/ਨਿਰਮਾਣ/ਜੰਮੂ ਦੇ ਦਫਤਰ ਜੰਮੂ ਦੇ ਸੂਚਨਾ ਪਟੇ ਤੇ ਦੇਖਿਆ ਜਾ ਸਕਦਾ ਹੈ। ਨੰ. 17-Elect/C/JAT/AMC2025 ਤਾਰੀਕ 22.08.2025

2563/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਨਿਵਿਦਾ ਸੂਚਨਾ

ਉਪ ਮੁਖ ਇੰਜੀਨੀਅਰ/ਨਿਰਮਾਣ/ਡਬਲਿੰਗ ਉਤਰ ਰੇਲਵੇ, ਜੰਮੂ ਤਵੀ ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਹੇਠਾਂ ਲਿਖਤ ਕੰਮ ਦੇ ਲਈ ਇਕ ਪੈਕੇਟ ਸਿਸਟਮ ਦੇ ਤਹਿਤ ਖੁਲ੍ਹੇ ਈ-ਨਿਵਿਦਾ ਦੀ ਮੰਗ ਕਰਦੇ ਹਨ:-

| | | |
|---|---|---|
| 1. | ਕੰਮ ਅਤੇ ਸਥਾਨ ਦਾ ਨਾਮ | ਬੀਜੀ ਟ੍ਰੈਕ ਨੂੰ ਜੋੜਨਾ ਅਤੇ ਹੋਰ ਸਬੰਧਤ ਕੰਮ ਜਿਵੇਂ ਪੁਰਾਣੇ ਮੌਜੂਦਾ ਟ੍ਰੈਕ ਦੇ ਨਾਲ ਕਨੇਕਸ਼ਨ ਬਨਾਉਣਾ, ਟਰਨਆਊਟ ਵਿਛਾਉਣਾ, ਜੋੜਾਂ ਨੂੰ ਚਿਪਕਾਉਣਾ, ਗਿੱਟੀ ਪਾਉਣਾ, ਲੀਡਿੰਗ, ਲੋਡਿੰਗ, ਸਮਗਰੀ ਨੂੰ ਉਤਾਰਨਾ, ਗਿੱਟੀ ਦੀ ਸਪਲਾਈ, ਏਟੀ ਵੇਲਡਿੰਗ ਕੰਮ ਆਦਿ। ਪਠਾਨਕੋਟ ਕੈਂਟ (ਪੀਟੀਕੇਸੀ) ਰੇਲਵੇ ਸਟੇਸ਼ਨ ਤੇ ਸ਼ੰਟਿੰਗ ਨੇਕ ਦੇ ਪ੍ਰਾਵਧਾਨ ਦੇ ਸਬੰਧ ਵਿਚ, ਤਾਂ ਕਿ ਮੁੱਖ ਲਾਈਨ ਸ਼ਾਮਲ ਕੀਤੇ ਬਿਨਾ ਸ਼ੰਟਿੰਗ ਮੂਵਮੈਂਟ ਨੂੰ ਸੌਖਾ ਬਨਾਇਆ ਜਾ ਸਕੇ। |
| 2. | ਕੰਮ ਸਮਾਪਤੀ ਦਾ ਸਮਾਂ | 06 (ਛੇ) ਮਹੀਨੇ। |
| 3. | ਲਗਭਗ ਕੰਮ ਦੀ ਲਾਗਤ | ਰੁ. 9087615.68 /— |
| 4. | ਅਗਾਊਂ ਧਨ ਜਮ੍ਹਾ ਕਰਨ ਦੇ ਲਈ ਘਟ ਤੋਂ ਘਟ ਧਨ | ਰੁ. 181800 /— |
| 5. | ਈ ਨਿਵਿਦਾ ਜਮ੍ਹਾ ਕਰਨ ਅਤੇ ਨਿਵਿਦਾ ਨਿਵਿਦਾਵਾਂ ਖੋਹਲਣ ਦੇ ਲਈ ਮਿਤੀ ਅਤੇ ਸਮਾਂ | ਆਈ.ਆਰ.ਈ.ਪੀ.ਐਸ ਵੈਬਸਾਈਟ ਯਾਨੀ www.ireps.gov.in 'ਤੇ 17.09.2025 ਦੀ ਮਿਤੀ ਨੂੰ 11.30 ਵਜੇ ਤਕ ਨਿਵਿਦਾਵਾਂ ਅਪਲੋਡ ਕੀਤੀ ਜਾ ਸਕਦੀ ਹੈ। ਬੋਲੀ ਦਾਤਾ ਈ-ਨਿਵਿਦਾ ਵਿਚ ਭਾਗ ਲੈ ਸਕਦੇ ਹਨ, ਜਿਸ ਵਿਚ ਤਕਨੀਕੀ ਸਹਵਾਣਜਿਕ ਬੋਲੀਆਂ 17.09.2025 ਨੂੰ 11:30 ਵਜੇ ਖੋਹਲੇ ਜਾਣਗੇ। |
| 6. | ਵਿਸਤ੍ਰਿਤ ਨਿਵਿਦਾ ਸੂਚਨਾ ਅਤੇ ਨਿਵਿਦਾ ਦਸਤਾਵੇਜ | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬਸਾਈਟ i.e. www.nr.indianrailways.gov.in 'ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in'ਤੇ ਉਪਲਬਧ ਹੈ। ਉਪਰ ਨਿਵਿਦਾ ਦਸਤਾਵੇਜ 03.09.2025 ਤੋਂ 17.09.2025 ਤਕ ਆਈਆਰਈਪੀਐਸ ਵੈਬਸਾਈਟ ਯਾਨੀ www.ireps.gov.in 'ਤੇ ਪ੍ਰਸਤਾਵ ਜਮ੍ਹਾ ਕਰਨ ਦੇ ਲਈ ਉਪਲਬਧ ਹੋਵੇਗਾ। ਉਪਰੋਕਤ ਨਿਵਿਦਾਵਾਂ ਦੇ ਸਬੰਧ ਵਿਚ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਨਿਵਿਦਾ ਦਸਤਾਵੇਜ ਵਿਚ ਦਿਤੀਆਂ ਗਈਆਂ ਹਨ। ਉਪਰੋਕਤ ਦਫਤਰ ਦੇ ਨੋਟਿਸ ਬੋਰਡ ਤੇ ਵਿਸਤ੍ਰਿਤ ਨਿਵਿਦਾ ਸੂਚਨਾ ਵੀ ਵੇਖੀ ਜਾ ਸਕਦੀ ਹੈ। |

ਨੰਬਰ: 2-WDYCECDJAT-2025-26 ਤਾਰੀਕ: 20.08.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2546/25

## AXIS BANK

**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
**Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
**Registered Office:** 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਇਨਾਂਸੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਾਸ਼ੀ (ਰੁਪਏ) |
|---|---|---|---|---|---|---|
| 1. | 1. ਸ੍ਰੀਮਤੀ ਸੁਨੀਲਾ ਦੇਵੀ ਪਤਨੀ ਸੁਖਦੇਵ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀ ਸੁਖਦੇਵ ਪ੍ਰਸਾਦ ਸਿੰਘ ਉਰਫ ਸੁਖਦੇਵ ਸਿੰਘ (ਸਹਿ-ਕਰਜ਼ਦਾਰ) | ਬੈਨਾਮਾ ਦਸਤਾਵੇਜ਼ ਨੰ. 2021-22/106/1/16319 ਮਿਤੀ 14 ਜਨਵਰੀ 2022 ਅਨੁਸਾਰ ਸ੍ਰੀਮਤੀ ਸੁਨੀਤਾ ਦੇਵੀ ਪਤਨੀ | 10th-Mar-2025 | 18th-Apr-2025 | 20th-Aug-2025 | Rs. 872738/- (ਅੱਠ ਲੱਖ ਬਹੱਤਰ ਹਜ਼ਾਰ ਸੱਤ ਸੌ ਅਠੱਤੀ ਰੁਪਏ ਕੇਵਲ) |
| | | ਸੁਖਦੇਵ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 89, ਪਲਾਟ ਰਕਬਾ 70 ਵਰਗ ਗਜ਼ 'ਤੇ ਬਣਿਆ, ਖਸਰਾ ਨੰ. 9/11, ਖੱਤਾ ਨੰ. 275/280, ਜਮ੍ਹਾਂਬੰਦੀ-ਸਾਲ 2009-10 ਪਿੰਡ ਮਹਿਰਬਾਨ ਹੱਦਬਸਤ ਨੰ. 71, ਅਬਾਦੀ ਪ੍ਰੇਮ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) : ਉੱਤਰ : ਨਰਿੰਦਰ ਸਿੰਘ/ਮਕਾਨ ਨੰ. 88, ਦੱਖਣ : ਮੋਹਨ ਸਿੰਘ/ਮਕਾਨ ਨੰ. 90, ਪੂਰਬ : ਗੁਆਂਢ, ਪੱਛਮ : ਗਲੀ 20' ਚੌੜੀ | | | | |
| 2. | 1. ਸ੍ਰੀ ਅਮਨਪ੍ਰੀਤ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਜਸਪ੍ਰੀਤ ਕੌਰ ਪਤਨੀ ਅਮਨਪ੍ਰੀਤ ਸਿੰਘ (ਸਹਿ-ਕਰਜ਼ਦਾਰ) | ਬੈਨਾਮਾ 2021-22/103/1/12461 ਮਿਤੀ 31 ਜਨਵਰੀ 2022 ਅਨੁਸਾਰ ਸ੍ਰੀ ਅਮਨਪ੍ਰੀਤ ਸਿੰਘ ਪੁੱਤਰ ਸ੍ਰੀ ਗੁਰਮੀਤ ਸਿੰਘ ਦੇ ਨਾਂਅ | 11th-May-2025 | 27th-May-2025 | 20th-Aug-2025 | Rs. 28,69,726/- (ਅਠਾਈ ਲੱਖ ਉਨੱਤਰ ਹਜ਼ਾਰ ਸੱਤ ਸੌ ਛੱਬੀ ਰੁਪਏ ਕੇਵਲ) |
| | | ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰਬਰ 74-ਬਲਾਕ-ਬੀ ਰਕਬਾ 131.94 ਵਰਗ ਗਜ਼, ਖਸਰਾ ਨੰ. 1533, 1534, 1535, ਖੱਤਾ ਨੰ. 1197/1617, ਜਮ੍ਹਾਂਬੰਦੀ ਸਾਲ 2010-2011, ਹੱਦਬਸਤ ਨੰਬਰ 263, ਭਾਈ ਹਿੰਮਤ ਸਿੰਘ ਨਗਰ, ਪਿੰਡ ਗਿੱਲ-2, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਪਲਾਟ ਨੰ. 75 ਬਾਹੀ 47' 6", ਪੱਛਮ : ਪਲਾਟ ਨੰ. 73 ਰਾਜੇਸ਼ ਕੁਮਾਰ ਬਾਹੀ 47' 6", ਉੱਤਰ : ਗੁਆਂਢ ਬਾਹੀ 25' 0", ਦੱਖਣ : ਸੜਕ 20' ਚੌੜੀ ਬਾਹੀ 25' 0" | | | | |
| 3. | 1. ਸ੍ਰੀ ਰਾਜੇਸ਼ ਚੌਧਰੀ ਮਾਰਫਤ ਸ੍ਰੀ ਧਨੀ ਰਾਮ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਸ਼ੋਭਾ ਮਸੀਹ ਪਤਨੀ ਰਾਜੇਸ਼ ਚੌਧਰੀ (ਸਹਿ-ਕਰਜ਼ਦਾਰ) | ਬੈਨਾਮਾ ਨੰ. 1609 ਮਿਤੀ 20/04/2016 ਰਾਜੇਸ਼ ਚੌਧਰੀ ਪੁੱਤਰ ਸ੍ਰੀ ਧਨੀ ਰਾਮ ਦੇ ਨਾਂਅ ਰਜਿਸਟਰਡ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨੇੜੇ, | 10th-Apr-2025 | 25th-Apr-2025 | 20th-Aug-2025 | Rs. 4,87,545/- (ਚਾਰ ਲੱਖ ਸਤਾਸੀ ਹਜ਼ਾਰ ਪੰਜ ਸੌ ਪੰਤਾਲੀ ਰੁਪਏ ਕੇਵਲ) |
| | | ਪੰਜਾਬ ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 60 ਵਰਗ ਗਜ਼, ਖੱਤਾ ਨੰ. 116/130, ਖਸਰਾ ਨੰ. 39//6/1,40//9/1/1, 40//9/1/2, ਜਮ੍ਹਾਂਬੰਦੀ ਸਾਲ 2007-2008, ਹੱਦਬਸਤ ਨੰ. 182, ਪਿੰਡ ਤੇਜਪੁਰ ਗੁਰੂ ਨਾਨਕ ਨਗਰ, ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ ਬੈਨਾਮੇ ਅਨੁਸਾਰ ਪੂਰਬ : ਗੁਆਂਢ 36'0" ਤੱਕ, ਪੱਛਮ : ਗੁਆਂਢ 36'0" ਤੱਕ, ਉੱਤਰ : ਗੁਆਂਢ 15'0" ਤੱਕ, ਦੱਖਣ : ਗਲੀ 20' ਚੌੜੀ 15'0" ਤੱਕ। | | | | |
| 4. | 1. ਸ੍ਰੀ ਅਜੈ ਕੁਮਾਰ ਪੁੱਤਰ ਸ੍ਰੀ ਰਾਮ ਪ੍ਰਸਾਦ (ਕਰਜ਼ਦਾਰ) ਅਤੇ 2. ਸ੍ਰੀਮਤੀ ਮੋਨਿਕਾ ਪਤਨੀ ਅਜੈ ਕੁਮਾਰ (ਸਹਿ-ਕਰਜ਼ਦਾਰ/ ਰਹਿਣਕਾਰ) | ਬੈਨਾਮਾ ਨੰ. 2018-19/101/1/ 9719, ਮਿਤੀ 18 ਮਾਰਚ 2019 ਸ੍ਰੀਮਤੀ ਮੋਨਿਕਾ ਪਤਨੀ ਅਜੈ ਕੁਮਾਰ ਦੇ ਨਾਂਅ ਰਜਿਸਟਰਡ | 06th-May-2025 | 27th-May-2025 | 20th-Aug-2025 | Rs. 10,66,315/- (ਦਸ ਲੱਖ ਛਿਆਹਠ ਹਜ਼ਾਰ ਤਿੰਨ ਸੌ ਪੰਦਰਾਂ ਰੁਪਏ ਕੇਵਲ) |
| | | ਰਿਹਾਇਸ਼ੀ ਜਾਇਦਾਦ/ਮਕਾਨ ਨੰ. ਬੀ-34-6524/33 ਪਲਾਟ ਨੰ. ਰਕਬਾ 97.22 ਵਰਗ ਗਜ਼, ਖਸਰਾ ਨੰ. 34//21, ਖੱਤਾ ਨੰ. 101/112, ਜਮ੍ਹਾਂਬੰਦੀ ਸਾਲ 2007-2008 ਹੱਬਬਸਤ ਨੰ. 101, ਅਬਾਦੀ ਨਿਊ ਰਘੁਬੀਰ ਪਾਰਕ, ਪਿੰਡ ਜੱਸੀਆਂ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗੁਆਂਢ 17'6", ਪੱਛਮ : ਗਲੀ 20' ਚੌੜੀ 17'6", ਉੱਤਰ : ਸੁਰਿੰਦਰ ਮੈਨਰਾ 50', ਦੱਖਣ : ਮਕਾਨ/ਪਲਾਟ ਨੰ. 32 ਸੰਜੂ 50' | | | | |

ਮਿਤੀ : 23.08.2025
ਸਥਾਨ : ਲੁਧਿਆਣਾ

ਸਹੀ/-(ਅਧਿਕਾਰਤ ਅਫਸਰ)
ਐਕਸਿਸ ਬੈਂਕ ਲਿਮਟਿਡ

# ਕੁਲਤਾਰ ਸਿੰਘ ਸੰਧਵਾਂ ਵੱਲੋਂ ਜਸਵਿੰਦਰ ਭੱਲਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪ੍ਰਸਿੱਧ ਪੰਜਾਬੀ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਦੇ ਬੇਵਕਤੀ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ।ਸ੍ਰੀ ਸੰਧਵਾਂ ਨੇ ਜਸਵਿੰਦਰ ਭੱਲਾ, ਬਾਲ ਮੁਕੰਦ ਸ਼ਰਮਾ, ਉਨ੍ਹਾਂ ਦੀ ਪਤਨੀ ਗੁਰਪ੍ਰੀਤ ਕੌਰ ਸੰਧਵਾਂ ਅਤੇ ਧੀ ਸੋਭੀਆ ਗੁਲਸ਼ਿਨ ਗਰੇਵਾਲ ਨਾਲ ਚੰਡੀਗੜ੍ਹ ਵਿਖੇ ਉਨ੍ਹਾਂ ਦੇ ਘਰ, ਖਿੱਚੀ ਹੋਈ ਇੱਕ ਤਸਵੀਰ ਸਾਂਝੀ ਕੀਤੀ।ਉਨ੍ਹਾਂ ਕਿਹਾ, ਆਪਣੀ ਕਲਾ ਰਾਹੀਂ ਹਾਸੇ ਬਿਖੇਰਨ ਵਾਲੇ ਮਹਾਨ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਹਮੇਸ਼ਾ ਲਈ ਖਾਮੋਸ਼ ਹੋ ਗਏ ਹਨ।ਜਸਵਿੰਦਰ ਭੱਲਾ ਨੇ ਨਾ ਸਿਰਫ਼ ਕਾਮੇਡੀ ਰਾਹੀਂ ਲੋਕਾਂ ਨੂੰ ਹਸਾਇਆ ਅਤੇ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਕਟਾਕਸ਼ ਕੀਤੇ ਸਗੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਰਾਹੀਂ ਖੇਤੀ ਕਿੱਤੇ ਦੀ ਖੁਸ਼ਹਾਲੀ ਵਿੱਚ ਵੀ ਯੋਗਦਾਨ ਪਾਇਆ।ਉਹ ਹਮੇਸ਼ਾ ਸਾਡੇ ਅਤੇ ਉਨ੍ਹਾਂ ਦੇ ਪ੍ਰਸ਼ੰਸਕਾਂ ਦੇ ਦਿਲਾਂ ਵਿੱਚ ਰਹਿਣਗੇ।ਅਸੀਂ ਉਨ੍ਹਾਂ ਦੀ ਕਲਾ ਲਈ ਹਮੇਸ਼ਾ ਧੰਨਵਾਦੀ ਰਹਾਂਗੇ।ਸਪੀਕਰ ਸੰਧਵਾਂ ਨੇ ਕਿਹਾ ਕਿ ਸ੍ਰੀ ਭੱਲਾ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਹੈ ਅਤੇ ਉਨ੍ਹਾਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਸ਼ਾਂਤੀ ਦੇਵੇ ਅਤੇ ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

# 69ਵੀਂ ਜ਼ੋਨਲ ਐਥਲੈਟਿਕ ਮੀਟ 'ਚ ਇੰਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਜਿੱਤ



**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ, ਲੋਹਾਰਾਂ ਅਤੇ ਕੈਂਟ-ਜੰਡਿਆਲਾ ਰੋਡ ਕੈਂਪਸ ਦੇ ਨੌਜਵਾਨ ਐਥਲੀਟਾਂ ਨੇ ਸਪੋਰਟਸ ਕਾਲਜ, ਕਪੂਰਥਲਾ ਰੋਡ ਵਿਖੇ ਆਯੋਜਿਤ 69ਵੀਂ ਜ਼ੋਨਲ ਐਥਲੈਟਿਕ ਮੀਟ (ਲੜਕੇ) ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਆਪਣੇ ਅਲਮਾ ਮੈਟਰ ਦਾ ਨਾਮ ਰੋਸ਼ਨ ਕੀਤਾ। ਗ੍ਰੀਨ ਮਾਡਲ ਟਾਊਨ ਤੋਂ ਦਕਸ਼ਪ੍ਰੀਤ ਸਿੰਘ - ਅੰਡਰ-14 ਸ਼ਾਟ-ਪੁੱਟ ਵਿੱਚ ਗੋਲਡ ਮੈਡਲ, ਵੰਸ਼ - ਅੰਡਰ-17 ਹੈਮਰ ਥ੍ਰੋ ਵਿੱਚ ਗੋਲਡ ਮੈਡਲ, ਇਸ਼ਾਂਤ ਸ਼ਰਮਾ - ਅੰਡਰ-17 ਹੈਮਰ ਥ੍ਰੋ ਵਿੱਚ ਸਿਲਵਰ ਮੈਡਲ, ਕੇਸ਼ਵ ਕਪੂਰ - ਅੰਡਰ-19 ਹੈਮਰ ਥ੍ਰੋ ਵਿੱਚ ਗੋਲਡ ਮੈਡਲ, ਅਨੀਜ਼ ਮਹਾਜਨ-ਅੰਡਰ-19 ਹੈਮਰ ਥ੍ਰੋ ਵਿੱਚ ਸਿਲਵਰ ਮੈਡਲ, ਸਾਕੇਤ ਸ਼ਰਮਾ-ਅੰਡਰ-17 ਡਿਸਕਸ ਥ੍ਰੋ ਵਿੱਚ ਕਾਂਸੀ ਦਾ ਤਗਮਾ, ਜੀ ਐਮ ਟੀ ਦੇ ਕੁੱਲ ਪੰਜ ਵਿਦਿਆਰਥੀਆਂ ਨੂੰ ਜ਼ਿਲ੍ਹਾ ਐਥਲੈਟਿਕ ਮੀਟ ਲਈ ਚੁਣਿਆ ਗਿਆ ਹੈ। ਲੋਹਾਰਾਂ ਤੋਂ, ਗਿਆਨ ਸਿੰਘ ਨੇ ਅੰਡਰ-14 ਈਵੈਂਟਾਂ-100 ਮੀਟਰ ਸਪ੍ਰਿੰਟ ਦੌੜ ਅਤੇ 200 ਮੀਟਰ ਸਪ੍ਰਿੰਟ ਦੌੜ ਵਿੱਚ ਦੋ ਗੋਲਡ ਮੈਡਲ ਜਿੱਤੇ । ਉਸ ਨੂੰ ਜ਼ਿਲ੍ਹਾ ਟੂਰਨਾਮੈਂਟ ਲਈ ਵੀ ਚੁਣਿਆ ਗਿਆ ਹੈ। ਕੈਂਟ-ਜੰਡਿਆਲਾ ਰੋਡ ਤੋਂ, ਵਿਦਿਆਰਥੀਆਂ ਨੇ ਵੱਖ-ਵੱਖ ਪੁਜੀਸ਼ਨਾਂ ਜਿੱਤੀਆਂ। ਲੰਬੀ ਛਾਲ, ਸੋਚਤ ਸਿੰਘ ਅੰਡਰ-14 (ਚਾਂਦੀ ਦਾ ਤਗਮਾ), ਰਣਬੀਰ ਸਿੰਘ ਬੈਂਸ, ਅੰਡਰ-17 (ਚਾਂਦੀ ਦਾ ਤਗਮਾ) ਅਤੇ ਹਰਸ਼ੀਲ ਸੂਦ, ਅੰਡਰ-14 ਕਾਂਸੇ ਦਾ ਤਗਮਾ।ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਨੌਜਵਾਨ ਪ੍ਰਤਿਭਾ ਨੂੰ ਨਿਖਾਰਨ ਵਿੱਚ ਖੇਡ ਵਿਭਾਗ ਦੇ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਰਾਜੀਵ ਪਾਲੀਵਾਲ (ਗ੍ਰੀਨ ਮਾਡਲ ਟਾਊਨ) ਅਤੇ ਸ਼ਾਲੂ ਸਹਿਗਲ (ਲੋਹਾਰਾਂ), ਸੋਨਾਲੀ ਮਨੋਚਾ (ਸੀ ਜੇ ਆਰ) ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਖੇਡ ਕੋਆਰਡੀਨੇਟਰ, ਸੰਜੀਵ ਭਾਰਦਵਾਜ ਦਾ ਉਨ੍ਹਾਂ ਦੀ ਲਗਨ ਅਤੇ ਨਿਰੰਤਰ ਮਾਰਗਦਰਸ਼ਨ ਲਈ ਧੰਨਵਾਦ ਕੀਤਾ ਜਿਸ ਕਾਰਨ ਇਹ ਸਫਲਤਾ ਮਿਲੀ।

# ਚੰਗੇ ਤੇ ਮਾੜੇ ਸਪਰਸ਼ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ



**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬੰਧਿਕ ਕੌਰ ਮੱਗਾ ਦੀ ਅਗਵਾਈ ਵਿਚ ਕੇ ਜੀ ਵਿੰਗ ਦੇ ਵਿਦਿਆਰਥੀਆਂ ਲਈ ਵਧੀਆ ਸਪਰਸ਼ ਅਤੇ ਮਾੜੇ ਸਪਰਸ਼ ਸਬੰਧੀ ਐਕਟੀਵਿਟੀ ਕਰਵਾਈ ਗਈ । ਇਸ ਦੌਰਾਨ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਅੱਜ ਕੱਲ ਦੇ ਮਾਹੌਲ ਵਿੱਚ ਸਾਰੇ ਹੀ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਛੋਟੇ ਬੱਚਿਆਂ ਨੂੰ ਇਸ ਸਬੰਧੀ ਜਾਣਕਾਰੀ ਹੋਣੀ ਜ਼ਰੂਰੀ ਹੈ।

## ਸ਼੍ਰੋਮਣੀ ਅਕਾਲੀ ਦਲ (ਬ) ਹੜ੍ਹ ਪੀੜ੍ਹਤਾਂ ਦੀ ਹਰ ਸੰਭਵ ਮਦਦ ਕਰੇਗਾ : ਘੁਮਾਣ, ਤੁੜ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਪੰਜਾਬ ਦੇ ਹੜ੍ਹ ਮਾਰੂ ਇਲਾਕਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਹਰ ਪੀੜਤ ਲੋਕਾਂ ਨਾਲ ਹਮਦਰਦੀ ਹੀ ਨਹੀਂ ਦਿਖਾ ਰਿਹਾ ਸਗੋਂ ਆਰਥਿਕ ਮਦਦ ਵੀ ਕਰ ਰਿਹਾ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਜਥੇਦਾਰ ਹਰਜਿੰਦਰ ਸਿੰਘ ਘੁਮਾਣ, ਬਲਵਿੰਦਰ ਸਿੰਘ ਤੁੜ, ਹਰਵਿੰਦਰ ਸਿੰਘ ਨਿਹਾਲਾ, ਕੀਰਤਨ ਪਾਲ ਸਿੰਘ ਸੰਧੂ, ਅਮਰਜੀਤ ਸਿੰਘ ਫੌਜੀ, ਸ਼ੇਰ ਸਿੰਘ ਘੁਮਾਣ ਨੇ ਪੱਤਰਕਾਰਾਂ ਨਾਲ ਇੱਕ ਮੁਲਾਕਾਤ ਦੌਰਾਨ ਸਾਂਝੇ ਤੌਰ ਤੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਹੀ ਹੜ੍ਹ ਪੀੜਤਾਂ ਦਾ ਹੱਥ ਫੜ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂਆਂ ਦੀ ਹਿਦਾਇਤ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਇਸ ਕੁਦਰਤੀ ਆਫ਼ਤ ਵਿੱਚ ਪੰਜਾਬ ਦੇ ਹੜ੍ਹ ਮਾਰੂ ਪੀੜਤਾਂ ਦੀ ਆਪਣੀ ਸਮਰੱਥਾ ਮੁਤਾਬਿਕ ਆਪਣੇ ਆਪਣੇ ਇਲਾਕੇ ਵਿੱਚ ਆਰਥਿਕ ਮਦਦ ਕਰਨ। ਇਸ ਮੌਕੇ ਜਥੇਦਾਰ ਹਰਜਿੰਦਰ ਸਿੰਘ ਘੁਮਾਣ, ਬਲਵਿੰਦਰ ਸਿੰਘ ਤੁੜ, ਹਰਵਿੰਦਰ ਸਿੰਘ ਨਿਹਾਲਾ, ਕੀਰਤਨਪਾਲ ਸਿੰਘ ਸੰਧੂ, ਅਮਰਜੀਤ ਸਿੰਘ ਫੌਜੀ ਆਦਿ ਹਾਜ਼ਰ ਸਨ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

**ਨਿਵਿਦਾ ਨੰਬਰ- 112, 115, 116-2025-26-ADEN-I-ASR & 117-2025-26-ADEN/JUC & 113-2025-26-ADEN-II-ASR** **ਤਰੀਕ : 21.08.2025**

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੇ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 12.09.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮਾਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਨਜ਼ੂਰ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਨਿਵਿਦਾਕਰਤਾ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਰਕਮ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈੱਟ ਬੈਂਕਿੰਗ, ਡੈਬਿਟ ਕਾਰਡ ਕ੍ਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਆਕਾਰ | ਬੋਲੀ ਪ੍ਰਣਾਲੀ |
|---|---|---|
| ਖੁੱਲਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 19.08.2025 | 29.08.2025 | 12.09.2025 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1. | 112-2025-26-ADEN-I-ASR | ਸੀਨੀਅਰ ਮੰਡਲ ਇੰਜੀਨੀਅਰ-ਤੀਜਾ/ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਸਹਾਇਕ ਮੰਡਲ ਇੰਜੀਨੀਅਰ-ਬਟਾਲਾ ਅਤੇ ਸੈਕਸ਼ਨ/ਅੰਮ੍ਰਿਤਸਰ ਦੇ ਤਹਿਤ ਪੁਲ ਨੰਬਰ 49 (ਬਟਾਲਾ-ਕਾਦੀਆਂ), ਪੁਲ ਨੰਬਰ 20 (ਅੰਮ੍ਰਿਤਸਰ-ਬਟਾਲਾ), ਪੁਲ ਨੰਬਰ 65, 123 ਅਤੇ 140 (ਵੇਰਕਾ-ਡੇਰਾ ਬਾਬਾ ਨਾਨਕ), ਪੁਲ ਨੰਬਰ 63 ਡਾਊਨਲਾਈਨ ਅਤੇ 65 ਅਪਲਾਈਨ, ਡਾਊਨਲਾਈਨ (ਜਲੰਧਰ ਸ਼ਹਿਰ-ਅੰਮ੍ਰਿਤਸਰ) ਅਤੇ ਪੁਲ ਨੰਬਰ 160ਏ ਅਤੇ 185ਏ (ਅੰਮ੍ਰਿਤਸਰ-ਖੇਮਕਰਨ) ਉਤੇ ਮੌਜੂਦਾ ਸਟੀਲ ਚੈਨਲ ਸਲੀਪਰਾਂ ਨੂੰ ਐਚ-ਬੀਮ ਸਲੀਪਰਾਂ ਤੇ ਪ੍ਰਤਿਸਥਾਪਿਤ ਕਰਨਾ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 7,04,12,092.79/- | 5,02,100.00/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ:- "ਰਨਿੰਗ ਟ੍ਰੈਕ ਵਿਚ ਐਚ ਬੀਮ/ਸਟੀਲ ਚੈਨਲ ਸਲੀਪਰਾਂ ਦੀ ਉਸਾਰੀ ਅਤੇ ਵਿਛਾਉਣਾ" | | | |
| 2. | 113-2025-26-ADEN-II-ASR | ਜਲੰਧਰ ਸਿਟੀ-ਅੰਮ੍ਰਿਤਸਰ ਸੈਕਸ਼ਨ ਤੇ ਪੁਲ ਨੰਬਰ 136 ਤੇ ਮੌਜੂਦਾ ਸਟੀਲ ਟ੍ਰਫ ਸਲੀਪਰ ਨੂੰ 180 ਐਚ-ਬੀਮ ਸਲੀਪਰ ਤੋਂ ਪ੍ਰਤਿਸਥਾਪਿਤ ਕੀਤਾ ਜਾਵੇਗਾ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 58,74,908.40/- | 1,17,500.00/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ:- "ਰਨਿੰਗ ਟ੍ਰੈਕ ਵਿਚ ਐਚ ਬੀਮ/ਸਟੀਲ ਚੈਨਲ ਸਲੀਪਰਾਂ ਦੀ ਉਸਾਰੀ ਅਤੇ ਵਿਛਾਉਣਾ" | | | |
| 3. | 115-2025-26-ADEN-I-ASR | ਰਾਮਦਾਸ ਵਿਚ ਮੌਜੂਦਾ ਪਲੇਟਫਾਰਮ ਅਤੇ ਹੋਰ ਯਾਤਰੀ ਸਹੂਲਤਾਂ, ਜਿਵੇਂ ਸ਼ੈਲਟਰ ਆਦਿ ਨੂੰ ਉਚਾ ਕਰਨਾ ਅਤੇ ਵਿਸਥਾਰਿਤ ਕਰਨਾ, ਸਟੇਸ਼ਨ ਭਵਨ ਦੇ ਅਗੇ ਦੇ ਹਿਸੇ ਵਿਚ ਸੁਧਾਰ ਸਮੇਤ ਹੋਰ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 2,39,23,751.89/- | 2,69,600.00/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ:- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।" | | | |
| 4. | 116-2025-26-ADEN-I-ASR | ਅੰਮ੍ਰਿਤਸਰ-ਖੇਮਕਰਨ ਸੈਕਸ਼ਨ ਉਤੇ ਤਰਨਤਾਰਨ ਵਿਚ ਗਤੀਸ਼ੀਲਤਾ ਵਿਚ ਸੁਧਾਰ ਦੇ ਲਈ ਲੋਡਿੰਗ ਲਾਈਨ ਨੰਬਰ 4 ਤੇ ਰਿਸੇਪਸ਼ਨ ਅਤੇ ਡਿਸਪੈਚ ਸੁਵਿਧਾ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 1,80,84,052.30/- | 2,40,400.00/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਸੀਟੀਆਰ/ਟੀਆਰਆਰ/ਟੀਐਫਆਰ/ਟੀਟੀਆਰ ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਕ੍ਰੀਨਿੰਗ, ਟ੍ਰੈਕ ਨੂੰ ਡਿਸਟ੍ਰੇਸ ਕਰਨਾ, ਟ੍ਰੈਕ ਰਖਰਖਾਅ ਮਸ਼ੀਨ ਜਿਵੇਂ ਟੈਂਪਿੰਗ ਮਸ਼ੀਨ/ਬੈਲਾਸਟ ਸਕ੍ਰੀਨਿੰਗ/ਰੇਗੂਲੇਟਿੰਗ ਮਸ਼ੀਨ ਅਤੇ ਟੀਟੀਆਰ ਦੇ ਲਈ ਪੂਰਵ ਅਤੇ ਬਾਅਦ ਦਾ ਕੰਮ ਸ਼ਾਮਲ ਹੈ, ਟੀ-28 ਦੁਆਰਾ।" | | | |
| 5. | 117-2025-26-ADEN-JUC | ਸਹਾਇਕ ਮੰਡਲ ਇੰਜੀਨੀਅਰ/ਜਲੰਧਰ ਸ਼ਹਿਰ ਦੇ ਅਨੁਭਾਗ ਵਿਚ ਲੇਵਲ ਕ੍ਰਾਸਿੰਗ ਦੀ ਮੁਰੰਮਤ ਅਤੇ ਰਖਰਖਾਅ ਦਾ ਕੰਮ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 89,99,216.86/- | 1,80,000.00/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ:- ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 2555/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਸੰਤ ਨਿਰਮਲ ਦਾਸ ਬਾਬੇ ਜੌੜੇ ਰਾਏਪੁਰ ਦਾ ਜਨਮ ਦਿਨ ਮਨਾਇਆ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਡੇਰਾ ਸੰਤ ਬਾਬਾ ਪ੍ਰੀਤਮ ਦਾਸ ਜੀ ਬਾਬੇ ਜੌੜੇ ਰਾਏਪੁਰ ਰਸੂਲਪੁਰ ਜਲੰਧਰ ਦੇ ਮੌਜੂਦਾ ਗੱਦੀ ਨਸ਼ੀਨ ਅਤੇ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਜੀ ਬਾਬਾ ਜੋੜੇ ਰਾਏਪੁਰ ਰਸੂਲਪੁਰ ਵਾਲਿਆਂ ਦਾ ਜਨਮ ਦਿਨ ਡੇਰੇ ਵਿਖੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਦੇ ਸੰਤਾਂ ਮਹਾਂਪੁਰਸ਼ਾਂ ਅਤੇ ਇਲਾਕੇ ਸੰਗਤ ਵੱਲੋਂ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਸਵੇਰੇ ਗੁਰੂ ਜੀ ਦੇ ਸ਼ੁਕਰਾਨੇ ਵਾਸਤੇ ਰੱਖੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ,ਭੋਗ ਉਪਰੰਤ ਸੰਤ ਬਾਬਾ ਨਿਰਮਲ ਦਾਸ ਬਾਬੇ ਜੌੜੇ ਵਾਲਿਆਂ ਅਤੇ ਵੱਖ ਵੱਖ ਡੇਰਿਆਂ ਤੋਂ ਪਹੁੰਚੇ ਸੰਤਾਂ ਮਹਾਂਪੁਰਸ਼ਾਂ ਦੇ ਸ਼ਬਦ ਕੀਰਤਨ ਕਰਕੇ ਸੰਗਤਾਂ ਨਿਹਾਲ ਕੀਤਾ ਅਤੇ ਬਾਬਾ ਨਿਰਮਲ ਦਾਸ ਜੀ ਨੂੰ ਜਨਮ ਤੇ ਮੁਬਾਰਕਾਂ ਦਿੱਤੀਆਂ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰਸਿੱਧ ਪੰਜਾਬੀ ਗਾਇਕ ਦਲਵਿੰਦਰ ਦਿਆਲਪੁਰੀ ਅਤੇ ਗਾਇਕਾ ਪ੍ਰੀਆ ਬੰਗੜ ਵੱਲੋਂ ਵੀ ਆਪਣੇ ਆਪਣੇ ਸ਼ਬਦ ਪੜ ਕੇ ਸੰਤਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਪ੍ਰੈਸ ਕਲੱਬ ਕਿਸ਼ਨਗੜ ਦੇ ਅਹੁਦੇਦਾਰਾਂ ਜਸਵਿੰਦਰ ਬੱਲ, ਸੰਦੀਪ ਵਿਰਦੀ, ਸੁਰਜੀਤ ਪਾਲ, ਅੰਮ੍ਰਿਤਪਾਲ ਸ਼ੌਂਧੀ ਵੱਲੋਂ ਵੀ ਸੰਤ ਬਾਬਾ ਨਿਰਮਲ ਦਾਸ ਨੂੰ ਉਹਨਾਂ ਦੀ ਤਸਵੀਰ ਭੇਟ ਕਰਕੇ ਮੁਬਾਰਕਬਾਦ ਦਿੱਤੀ।

# ਸੁਖਬੀਰ ਬਾਦਲ ਨੇ ਮੋਗਾ ਰੈਲੀ ਸੰਬੰਧੀ ਜ਼ਿਲ੍ਹਾ ਪ੍ਰਧਾਨ ਲੱਖੀ ਨਾਲ ਕੀਤੀ ਮੀਟਿੰਗ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 31 ਅਗਸਤ ਨੂੰ ਮੋਗਾ ਵਿਖੇ ਹੋਣ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਫਤਿਹ ਰੈਲੀ ਦੇ ਸੰਬੰਧ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਅਤੇ ਹੋਰ ਲੀਡਰਸ਼ਿਪ ਨਾਲ ਵਿਚਾਰ ਵਟਾਂਦਰਾ ਕਰਦਿਆਂ ਹੁਸ਼ਿਆਰਪੁਰ ਜ਼ਿਲ੍ਹੇ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ 31 ਅਗਸਤ ਨੂੰ ਮੋਗਾ ਵਿਖੇ ਹੋਣ ਜਾ ਰਹੀ ਵਿਸ਼ਾਲ ਫਤਿਹ ਰੈਲੀ ਵਿੱਚ ਜ਼ਿਲ੍ਹੇ ਤੋਂ ਵਰਕਰ ਵੱਡੀ ਗਿਣਤੀ ਵਿੱਚ ਪਹੁੰਚਣ। ਇਸ ਮੌਕੇ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ 'ਤੇ ਡਿਊਟੀ ਲਗਾਈ ਕਿ ਹੁਸ਼ਿਆਰਪੁਰ ਜ਼ਿਲ੍ਹੇ ਤੇ ਹਰੇਕ ਹਲਕੇ ਵਿੱਚੋਂ ਵਿੱਚ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਮੋਗਾ ਰੈਲੀ ਵਿੱਚ ਪਹੁੰਚਣ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਸੁਖਬੀਰ ਸਿੰਘ ਬਾਦਲ ਨੂੰ ਯਕੀਨ ਦੁਆਇਆ ਕਿ ਪਾਰਟੀ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਹਲਕਾ ਇੰਚਾਰਜਾਂ ਨਾਲ ਮੀਟਿੰਗਾਂ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦਾ ਵੱਡਾ ਜਥਾ ਫਤਿਹ ਰੈਲੀ ਵਿੱਚ ਸ਼ਾਮਲ ਹੋਵੇਗਾ। ਲੱਖੀ ਨੇ ਹੋਰ ਕਿਹਾ ਕਿ 31 ਅਗਸਤ ਨੂੰ ਮੋਗਾ ਵਿਖੇ ਹੋਣ ਜਾ ਰਹੀ ਸ਼੍ਰੋਮਣੀ ਅਕਾਲੀ ਦਲ ਦੀ ਫਤਿਹ ਰੈਲੀ ਲਈ ਪੰਜਾਬ ਦੀ ਜਨਤਾ ਵਿੱਚ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨਾਂ ਕਿਹਾ ਕਿ ਇਹ ਫਤਿਹ ਰੈਲੀ ਪੰਜਾਬ ਸਰਕਾਰ ਤੇ ਵਿਰੋਧੀਆਂ ਦੀ ਨੀਂਦ ਹਰਾਮ ਕਰੇਗੀ ਅਤੇ 2027 ਵਿੱਚ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਦੀ ਨੀਹ ਵੀ ਰੱਖੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜ਼ਿਲ੍ਹੇ ਦੇ ਹਰੇਕ ਹਲਕੇ ਵਿੱਚ ਹਲਕਾ ਇੰਚਾਰਜਾਂ ਅਤੇ ਅਕਾਲੀ ਲੀਡਰਾਂ ਤੇ ਵਰਕਰਾਂ ਨਾਲ ਮੀਟਿੰਗਾਂ ਕਰਕੇ ਸਾਰੇ ਵਰਕਰਾਂ ਨੂੰ ਮੋਗਾ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਲਈ ਅਪੀਲ ਕੀਤੀ ਜਾਵੇਗੀ। ਇਸ ਮੌਕੇ ਤੇ ਹਲਕਾ ਇੰਚਾਰਜ ਸੰਦੀਪ ਸਿੰਘ ਸੀਕਰੀ, ਦਲਿਤ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ, ਨਿਰਮਲ ਸਿੰਘ ਭੀਲੋਵਾਲ, ਇਕਬਾਲ ਸਿੰਘ ਖੇੜਾ, ਸਤਿਨਾਮ ਸਿੰਘ ਬੰਟੀ, ਮਨਜੋਤ ਸਿੰਘ, ਲੰਬੜਦਾਰ ਯੂਨੀਅਨ ਗੜ ਸ਼ੰਕਰ ਦੇ ਪ੍ਰਧਾਨ ਕਮਲ ਲੰਬੜ ਵੀ ਹਾਜ਼ਰ ਸੀ।

# ਹਾਸਰਸ ਕਲਾਕਾਰ ਜਸਵਿੰਦਰ ਭੱਲਾ ਦੇ ਅਕਾਲ ਚਲਾਣੇ 'ਤੇ ਐਡਵੋਕੇਟ ਟੇਰਕਿਆਣਾ ਵੱਲੋਂ ਦੁੱਖ ਦਾ ਪ੍ਰਗਟਾਵਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪ੍ਰਸਿੱਧ ਲੇਖਕ ਰਘਵੀਰ ਸਿੰਘ ਟੇਰਕਿਆਣਾ ਨੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਸਾਡੇ ਲੋਕਾਂ ਨੂੰ ਗੱਲਾਂਬਾਤਾਂ ਨਾਲ ਹੀ ਹਾਸੇ, ਖੇੜੇ ਤੇ ਖੁਸ਼ੀਆਂ ਵੰਡਣ ਵਾਲੇ ਜਸਵਿੰਦਰ ਭੱਲਾ ਦੀ ਮੌਤ ਨੇ ਦੁਨੀਆ ਭਰ ਵਿਚ ਰਹਿੰਦੇ ਪੰਜਾਬੀ, ਹਿੰਦੀ ਤੇ ਉਰਦੂ ਭਾਸ਼ੀ ਲੋਕਾਂ ਨੂੰ ਉਦਾਸ ਕਰ ਕੇ ਰੱਖ ਦਿੱਤਾ ਹੈ । ਟੇਰਕਿਆਣਾ ਨੇ ਦੱਸਿਆ ਕਿ ਜਸਵਿੰਦਰ ਭੱਲਾ ਨੇ ਕਲਾ ਕਿਤਿਓ ਸਿੱਖੀ ਨਹੀਂ ਬਲਕਿ ਉਸ ਨੂੰ ਖੁਦ ਨੂੰ ਆਉਂਦੀ ਸੀ। ਉਸ ਨੂੰ ਲੋਕਾਂ ਦੀ ਮਾਨਸਿਕਤਾ ਦਾ ਪਤਾ ਹੁੰਦਾ ਸੀ ਤੇ ਏਸੇ ਲਈ ਉਸ ਨੂੰ ਹਰ ਵਰਗ ਦੇ ਲੋਕ ਪਸੰਦ ਕਰਦੇ ਸਨ ਕਿਉਂਕਿ ਉਹ ਰੋਂਦਿਆਂ ਨੂੰ ਹਸਾਉਣ ਦੀ ਕਲਾ ਜਾਣਦਾ ਸੀ। ਟੇਰਕਿਆਣਾ ਨੇ ਕਿਹਾ ਕਿ ਅੱਜ ਉਸ ਦੇ ਸੋਗ ਵਿਚ ਸਮੁੱਚੇ ਦੇਸ਼ ਤੇ ਬਦੇਸ਼ਾਂ ਵਿਚ ਵੀ ਉਸ ਦੇ ਪ੍ਰਸ਼ੰਸਕ ਜਸਵਿੰਦਰ ਭੱਲਾ ਘੋਰ ਨਿਰਾਸ਼ਾ ਵਿਚ ਹਨ। ਅੱਜ ਫਿਲਮ ਨਗਰੀ ਦੇ ਚਿਹਰੇ ਵੀ ਉਤਰੇ ਉਤਰੇ ਨਜ਼ਰ ਆ ਰਹੇ ਤੇ ਉਸ ਦੇ ਟੈਲੀਵੀਜ਼ਨ ਵਾਲੇ ਤਮਾਮ ਸਾਥੀ ਵੀ ਰੋਣਹਾਕੇ ਹੋਏ ਹਨ । ਮਿਹਰ ਮਿੱਤਲ ਜੀ ਤੋਂ ਬਾਅਦ ਜਸਵਿੰਦਰ ਭੱਲਾ, ਘੁੱਗੀ ਅਤੇ ਭਗਵੰਤ ਮਾਨ ਨੇ ਲੋਕਾਂ ਨੂੰ ਆਪਣੀ ਹਾਸਰਸ ਵਾਲੀ ਕਲਾ ਨਾਲ ਬਹੁਤ ਪ੍ਰਭਾਵਿਤ ਕੀਤਾ ਤੇ ਅੱਜ ਉਸ ਦੇ ਸੰਗੀ ਸਾਥੀ ਵੀ ਉਸ ਦੇ ਵਿਛੋੜੇ ਦਾ ਦਰਦ ਮਹਿਸੂਸ ਕਰ ਰਹੇ ਹੋਣਗੇ।

# ਨਿੱਜੀ ਦਸਤਾਵੇਜ਼ ਪ੍ਰਾਪਤ ਕਰਨ ਸੰਬੰਧੀ ਵੱਡੀ ਗਿਣਤੀ 'ਚ ਸ਼ਿਕਾਇਤਾਂ ਹੋਈਆਂ ਪ੍ਰਾਪਤ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪਿਛਲੇ 24 ਘੰਟਿਆਂ ਵਿੱਚ ਪੰਜਾਬ ਪੁਲਸ ਨੂੰ ਸ਼ਿਕਾਇਤਾਂ ਮਿਲੀਆਂ ਹਨ ਕਿ ਕੁਝ ਲੋਕ, ਇੱਕ ਵਿਸ਼ੇਸ਼ ਰਾਜਨੀਤਿਕ ਪਾਰਟੀ ਤੋਂ ਹੋਣ ਦਾ ਦਾਅਵਾ ਕਰਦੇ ਹੋਏ, ਨਾ ਸਿਰਫ ਲੋਕਾਂ ਦਾ ਨਿੱਜੀ ਡਾਟਾ ਇਕੱਠਾ ਕਰ ਰਹੇ ਹਨ, ਸਗੋਂ ਲੋਕਾਂ ਦੇ ਸਰਕਾਰੀ ਕੰਮ ਕਰਵਾਉਣ ਲਈ ਉਹਨਾਂ ਤੋਂ ਕਮਿਸ਼ਨ ਦੇ ਰੂਪ ਵਿੱਚ ਪੈਸੇ ਵੀ ਇਕੱਠੇ ਕਰ ਰਹੇ ਹਨ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਕੁਝ ਨਾਗਰਿਕਾਂ ਨੇ ਇਹ ਵੀ ਸ਼ਿਕਾਇਤ ਕੀਤੀ ਹੈ ਕਿ ਅਜਿਹੇ ਕੁਝ ਵਿਅਕਤੀਆਂ ਨੇ ਖੁਦ ਨੂੰ ਇੱਕ ਖਾਸ ਰਾਜਨੀਤਕ ਪਾਰਟੀ ਨਾਲ ਸਬੰਧਤ ਦੱਸਕੇ ਉਹਨਾਂ ਨਾਲ ਸੰਪਰਕ ਕੀਤਾ ਅਤੇ ਵਰਗਲਾ ਕੇ ਉਨ੍ਹਾਂ (ਸਥਾਨਕ ਲੋਕਾਂ) ਤੋਂ ਉਹਨਾਂ ਦੇ ਬੈਂਕ ਖਾਤਾ ਨੰਬਰ ਲੈ ਲਏ ਅਤੇ ਬਾਅਦ ਵਿੱਚ ਉਨ੍ਹਾਂ ਦੇ ਬੈਂਕ ਖਾਤੇ ਖਾਲੀ ਹੋ ਗਏ।ਬੁਲਾਰੇ ਨੇ ਅੱਗੇ ਕਿਹਾ ਕਿ ਅਜਿਹੀਆਂ ਸਾਰੀਆਂ ਸ਼ਿਕਾਇਤਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।ਅਸੀਂ ਜਨਤਾ ਨੂੰ ਅਪੀਲ ਕਰਦੇ ਹਾਂ ਕਿ ਉਹ ਅਜਿਹੇ ਸਮਾਜ ਵਿਰੋਧੀ ਅਨਸਰਾਂ ਤੋਂ ਦੂਰ ਰਹਿਣ ਅਤੇ ਕਿਸੇ ਨੂੰ ਵੀ ਕੋਈ ਨਿੱਜੀ ਡੇਟਾ ਨਾ ਦੇਣ ਕਿਉਂਕਿ ਇਸ ਦੀ ਦੁਰਵਰਤੋਂ ਹੋ ਸਕਦੀ ਹੈ।ਲੋਕਾਂ ਨੂੰ ਕਿਸੇ ਵੀ ਸਰਕਾਰੀ ਕੰਮ ਲਈ ਕਿਸੇ ਰਾਜਨੀਤਿਕ ਪਾਰਟੀ ਦੇ ਕਿਸੇ ਵੀ ਵਿਅਕਤੀ ਨੂੰ ਕੋਈ ਕਮਿਸ਼ਨ ਦੇਣ ਦੀ ਜ਼ਰੂਰਤ ਨਹੀਂ ਹੈ।ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਉਨ੍ਹਾਂ ਦੇ ਖੇਤਰ ਵਿੱਚ ਅਜਿਹੇ ਕੋਈ ਗੈਰ-ਕਾਨੂੰਨੀ ਕੈਂਪ ਲਗਾਏ ਗਏ ਹਨ ਤਾਂ ਤੁਰੰਤ ਪੁਲਸ ਨੂੰ ਸੂਚਿਤ ਕਰਨ।

# ਐਡਵੋਕੇਟ ਮਾਨਾ ਨੇ ਸੈਕਟਰ ਭੂੰਗਰਨੀ ਤੇ ਸੈਕਟਰ ਜੈਜੋ ਦੇ ਪ੍ਰਧਾਨਾਂ ਦੀ ਕੀਤੀ ਨਿਯੁਕਤੀ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)** ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਵਿਖੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਐਡਵੋਕੇਟ ਪਲਵਿੰਦਰ ਮਾਨਾ ਜਿਲ੍ਹਾ ਇੰਚਾਰਜ ਅਤੇ ਇੰਚਾਰਜ ਹਲਕਾ ਚੱਬੇਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ ਇਸ ਮੀਟਿੰਗ ਵਿੱਚ "ਪੰਜਾਬ ਸੰਭਾਲੋ ਮੁਹਿੰਮ" ਤਹਿਤ ਜੋ ਰੈਲੀ ਹਲਕਾ ਚੱਬੇਵਾਲ ਵਿਖੇ 23 ਅਗਸਤ ਨੂੰ ਰੱਖੀ ਗਈ ਹੈ ਉਸ ਦੇ ਸੰਬੰਧ ਵਿੱਚ ਵਿਚਾਰ ਚਰਚਾ ਹੋਈ ਅਤੇ ਆਗੂ ਸਹਿਬਾਨਾ ਨੂੰ ਅਤੇ ਵਰਕਰ ਸਹਿਬਾਨਾਂ ਨੂੰ ਲਾਮਬੰਦ ਕੀਤਾ। ਇਸ ਮੌਕੇ ਸੈਕਟਰ ਭੂੰਗਰਨੀ ਦਾ ਪ੍ਰਧਾਨ ਇੰਦਰਪਾਲ ਸਿੰਘ ਭੂੰਗਰਨੀ ਨੂੰ ਨਿਯੁਕਤ ਕੀਤਾ ਅਤੇ ਇਸੇ ਤਰਾਂ ਸੈਕਟਰ ਜੇਜੋਂ ਦਾ ਪ੍ਰਧਾਨ ਨਰਿੰਦਰ ਸਿੰਘ ਲਲਵਾਨ ਨੂੰ ਨਿਯੁਕਤ ਕੀਤਾ। ਇਸ ਮੌਕੇ ਕੁਝ ਸਾਥੀ ਕਾਂਗਰਸ ਤੇ ਝਾੜੂ ਪਾਰਟੀ ਨੂੰ ਛੱਡ ਕੇ ਬਸਪਾ ਵਿਚ ਸ਼ਾਮਲ ਹੋਏ। ਇਸ ਦੌਰਾਨ ਰਾਕੇਸ਼ ਕਿੱਟੀ ਜਿਲ੍ਹਾ ਸਕੱਤਰ, ਸੁਦੇਸ਼ ਭੱਟੀ ਵਾਈਸ ਪ੍ਰਧਾਨ, ਸਤਪਾਲ ਬੱਡਲਾ ਜਨਰਲ ਸਕੱਤਰ, ਵਿੱਕੀ ਬੰਗਾ, ਡਾ ਹਰਨੇਕ ਸਿੰਘ ਭਗਤੂਪੁਰ, ਮੋਹਨ ਸਿੰਘ ਸਮਿਤੀ ਮੈਂਬਰ, ਦਲਜੀਤ ਸਿੰਘ, ਬਲਵਿੰਦਰ ਸਿੰਘ, ਰਾਜੇਸ਼ ਭੂੰਨੋ, ਜਗਦੀਪ, ਜੋਗਿੰਦਰ ਜੈਤਪੁਰ ਹਾਜ਼ਰ ਸਨ।

# ਸਿਹਤ ਮੰਤਰੀ ਵੱਲੋਂ ਹੜ੍ਹ ਪੀੜਤਾਂ ਦੀ ਸਿਹਤ ਸੰਭਾਲ ਲਈ ਬੋਟ ਐਂਬੂਲੈਂਸ ਦੀ ਸ਼ੁਰੂਆਤ



**ਸੁਲਤਾਨਪੁਰ ਲੋਧੀ, ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ, ਇੰਦਰਜੀਤ ਸਿੰਘ ਮਠਾੜੂ)** ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵਲੋਂ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਵਲੋਂ ਹੰਗਾਮੀ ਹਲਾਤਾਂ ਨੂੰ ਦੇਖਦਿਆਂ ਲੋਕਾਂ ਦੀ ਸਿਹਤ ਦੀ ਸੁਚੱਜੀ ਸੰਭਾਲ ਲਈ ਦੂਰ-ਦੁਰਾਡੇ ਢਾਣੀਆਂ 'ਤੇ ਬੈਠੇ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਬੋਟ ਐਂਬੂਲੈਂਸ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬੋਟ ਐਂਬੂਲੈਂਸ ਵਿੱਚ ਤਾਇਨਾਤ ਮੈਡੀਕਲ ਟੀਮਾਂ ਵਲੋਂ ਲੋਕਾਂ ਦੀ ਸਿਹਤ ਦੀ ਜਾਂਚ ਕਰਕੇ ਜਰੂਰੀ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੇ।ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਔਖੀ ਘੜੀ ਵਿੱਚ ਲੋਕਾਂ ਦੀ ਪੂਰੀ ਤਨਦੇਹੀ ਨਾਲ ਸੇਵਾ ਕੀਤੀ ਜਾਵੇ ਤਾਂ ਜੋ ਉਹਨਾਂ ਨੂੰ ਸਿਹਤ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਸ਼ਤੀ ਰਾਹੀਂ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਪੀੜਤਾਂ ਨਾਲ ਮੁਲਾਕਾਤ ਕੀਤੀ ਤੇ ਪੰਜਾਬ ਸਰਕਾਰ ਦੀ ਤਰਫੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਪੱਤਰਕਾਰਾਂ ਵਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਸਿਹਤ ਮੰਤਰੀ ਡਾ.ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਰਕਾਰੀ ਹਸਪਤਾਲਾਂ ਵਿੱਚ ਤਾਇਨਾਤੀ ਲਈ 1000 ਡਾਕਟਰਾਂ ਦੀ ਭਰਤੀ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ 450 ਸਟਾਫ਼ ਨਰਸਾਂ ਦੀ ਭਰਤੀ ਪ੍ਰਕਿਰਿਆ ਅਧੀਨ ਹੈ।ਉਨ੍ਹਾਂ ਕਿਹਾ ਕਿ ਇਸ ਸਾਲ ਸਤੰਬਰ ਮਹੀਨੇ ਤੱਕ ਡਾਕਟਰਾਂ ਅਤੇ ਨਵੰਬਰ ਮਹੀਨੇ ਤੱਕ ਸਟਾਫ਼ ਨਰਸਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਤਾਇਨਾਤ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਰਾਹਤ ਕੇਂਦਰ ਲੱਖ ਵਰਿਆਹ ਦਾ ਵੀ ਦੌਰਾ ਕੀਤਾ ਤੇ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ।ਇਸ ਮੌਕੇ ਰਾਜ ਸਭਾ ਦੇ ਮੈਂਬਰ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ, ਸਿਵਲ ਸਰਜਨ ਡਾ. ਹਰਪਾਲ ਸਿੰਘ ਤੇ ਹੋਰ ਹਾਜ਼ਰ ਸਨ।


## Capital Small Finance Bank

**Capital Small Finance Bank Limited**
**H.O: MIDAS Corporate Park, 3rd Floor, 37 G.T. Road, Jalandhar City**

### ਜਾਇਦਾਦ ਵਿਕਰੀ ਸੂਚਨਾ

ਨਿਮਨ ਹਸਤਾਖ਼ਰੀ ਨੇ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਰਫੇਸੀ ਐਕਟ ਦੇ ਸੈਕਸ਼ਨ 13(4) ਅਧੀਨ ਹੇਠਾਂ ਵਰਨਣ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਜਨਤਾ ਨੂੰ ਵੱਡੇ ਪੱਧਰ 'ਤੇ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਐਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਨਿਕਲਦੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਹੇਠਾਂ ਦਰਸਾਏ ਕੇਸ ਵਿੱਚ ਵਿਕਰੀ ਬੈਂਕ ਦੁਆਰਾ ਮਿਤੀ 29.09.2025 ਨੂੰ ਕਰਵਾਈ ਜਾਵੇਗੀ।

ਖਾਤੇ ਦਾ ਨਾਂਅ : 1. ਮੈਸਰਜ਼ ਅਨੁ ਕੁਲੈਕਸ਼ਨ ਬੀ-III- 624, ਮੁਹੱਲਾ ਸੈਦਾਂ ਪੁਰਾਣਾ ਬਜ਼ਾਰ, ਲੁਧਿਆਣਾ ਰਾਹੀਂ ਇਸਦੇ ਮਾਲਕ ਸ਼੍ਰੀਮਤੀ ਅਨੂ ਠੁਕਰਾਲ ਪਤਨੀ ਸ਼੍ਰੀ ਵਿਨੈ ਠੁਕਰਾਲ ਵਾਸੀ ਮਕਾਨ ਨੰ. ਬੀ-III- 624, ਮੁਹੱਲਾ ਸੈਦਾਂ, ਪੁਰਾਣਾ ਬਜ਼ਾਰ, ਭਾਰਤ ਨਗਰ ਚੌਂਕ, ਲੁਧਿਆਣਾ 141001 (ਕਰਜ਼ਦਾਰ)
2. ਸ਼੍ਰੀਮਤੀ ਅਨੂ ਠੁਕਰਾਲ ਪਤਨੀ ਸ਼੍ਰੀ ਵਿਨੈ ਠੁਕਰਾਲ ਵਾਸੀ ਮਕਾਨ ਨੰ. ਬੀ-III- 624, ਮੁਹੱਲਾ ਸੈਦਾਂ, ਪੁਰਾਣਾ ਬਜ਼ਾਰ ਭਾਰਤ ਨਗਰ, ਚੌਂਕ, ਲੁਧਿਆਣਾ-141001 (ਕਰਜ਼ਦਾਰ)
3. ਸ਼੍ਰੀ ਵਿਨੈ ਕੁਮਾਰ ਪੁੱਤਰ ਸ਼੍ਰੀ ਰਾਮ ਸਰਨ ਦਾਸ ਵਾਸੀ ਮਕਾਨ ਨੰ. ਬੀ-III- 649, ਮੁਹੱਲਾ ਸੈਦਾਂ ਪੁਰਾਣਾ ਬਜ਼ਾਰ, ਕੇਂਦਰੀ ਪੋਸਟ ਆਫਿਸ, ਲੁਧਿਆਣਾ (ਪੱਛਮੀ) ਲੁਧਿਆਣਾ-141008 (ਕਰਜ਼ਦਾਰ)
4. ਸ਼੍ਰੀ ਸਨੀ ਠੁਕਰਾਲ ਪੁੱਤਰ ਸ਼੍ਰੀ ਸਤੀਸ਼ ਕੁਮਾਰ ਵਾਸੀ ਮਕਾਨ ਨੰ. 1284/93, ਗਲੀ ਨੰ. 1, ਰਾਹੋਂ ਰੋਡ, ਗੁਰੂ ਨਾਨਕ ਦੇਵ ਨਗਰ, ਬਸਤੀ ਜੋਧੇਵਾਲ ਬਸਤੀ, ਲੁਧਿਆਣਾ-141007 (ਗਰੰਟਰ)

ਬਕਾਇਆ ਰਕਮ ODT/030400000088, LAP/030602000099, FITL/030627000033:- 1. Rs. 29,68,685/- (ਅਤੇ 01-08-2025 ਤੋਂ ਭਵਿੱਖੀ ਵਿਆਜ)

ਜਾਇਦਾਦ ਦਾ ਵੇਰਵਾ : ਵਿਕਰੀ ਬੈਨਾਮਾ ਨੰ. 5094 ਮਿਤੀ 26-06-2015 ਅਨੁਸਾਰ ਸ਼੍ਰੀਮਤੀ ਅਨੂ ਠੁਕਰਾਲ ਪਤਨੀ ਸ਼੍ਰੀ ਵਿਨੈ ਠੁਕਰਾਲ ਦੇ ਨਾਂਅ ਰਿਹਾਇਸ਼ੀ ਜਾਇਦਾਦ 75 ਵਰਗ ਗਜ਼ ਦਾ ਉਚਿਤ ਗਿਰਵੀਨਾਮਾ, ਬੀ-3-649, ਮੁਹੱਲਾ ਸੈਦਾਂ, ਅਬਾਦੀ ਘਾਟੀ ਬਾਲਮੀਕੀ, ਲੁਧਿਆਣਾ

ਰਾਖਵੀਂ ਕੀਮਤ : 1. ਰੁਪਏ 17 ਲੱਖ (ਰੁਪਏ ਸਤਾਰਾਂ ਲੱਖ ਕੇਵਲ)

ਈ ਐੱਮ ਡੀ (ਬਿਆਨਾ ਰਾਸ਼ੀ) : ਸਫ਼ਲ ਬੋਲੀਕਾਰ ਦੁਆਰਾ ਰਾਖਵੀਂ ਕੀਮਤ ਦੀ ਕੁੱਲ ਈ ਐੱਮ ਡੀ (ਬਿਆਨਾ ਰਾਸ਼ੀ) 25 ਫੀਸਦੀ ਜਲੰਧਰ ਵਿੱਚ ਅਦਾਇਗੀਯੋਗ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਦੇ ਰਾਹੀਂ ਮਿਤੀ 29.09.2025 ਨੂੰ ਜਮ੍ਹਾਂ ਕਰਵਾਈ ਜਾਵੇਗੀ। ਟੈਂਡਰ ਫਾਰਮ ਅਤੇ ਈ ਐੱਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮ. ਮੁੱਖ ਦਫ਼ਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ।

ਬੈਂਕ ਨੂੰ ਮਾਲੂਮ ਭੰਜਣ : ਕੋਈ ਨਹੀਂ। ਜਾਇਦਾਦ "ਜਿਵੇਂ ਹੈ ਜਿੱਥੇ ਹੈ" "ਜੋ ਹੈ ਜਿਵੇਂ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ ਵੇਚੀ ਜਾਵੇਗੀ। ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਰਾਹੀਂ, ਜਲੰਧਰ ਵਿੱਚ ਅਦਾਇਗੀਯੋਗ, ਈ ਐੱਮ ਡੀ (ਬਿਆਨਾ ਰਾਸ਼ੀ) ਅਰਥਾਤ 25% ਸਮੇਤ ਟੈਂਡਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ/ਸਮਾਂ 29.09.2025 ਨੂੰ ਸਵੇਰੇ 11.00 ਵਜੇ ਤੱਕ ਹੈ। ਟੈਂਡਰ ਦਰਸਾਈ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਸਾਰੇ ਪੇਸ਼ਕਾਰਾਂ/ਉਨ੍ਹਾਂ ਦੇ ਪ੍ਰਤੀਨਿਧੀਆਂ ਦੀ ਹਾਜ਼ਰੀ ਵਿੱਚ ਮੁੱਖ ਦਫ਼ਤਰ : ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਹਿਤ ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਜਾਇਦਾਦ ਦੀ ਪੜਤਾਲ ਲਈ ਬਰਾਂਚ ਦਫ਼ਤਰ, ਲੁਧਿਆਣਾ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦਾ ਵਿਸ਼ਾ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸਿਆ ਵਿਕਰੀ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਸ਼ਰਤਾਂ ਅਤੇ ਨਿਯਮਾਂ ਨੂੰ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣਾ/ਬਦਲਣ ਦਾ ਹੱਕ ਪ੍ਰਾਪਤ ਹੈ।

ਮਿਤੀ 22.08.2025 — ਅਧਿਕਾਰਤ ਅਫਸਰ


# ਅੱਖਾਂ ਦੀ ਸੰਭਾਲ ਤੇ ਮਰਨ ਉਪਰੰਤ ਨੇਤਰਦਾਨ ਦਾ ਕਰੋ ਸੰਕਲਪ : ਲਾਇਨ ਸੰਜੀਵ ਅਰੋੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਅਰੋੜਾ ਵੰਸ਼ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਟਿੰਕੂ ਨਰੂਲਾ ਦੀ ਅਗਵਾਈ ਹੇਠ ਨੇਤਰਦਾਨ ਲਈ ਜਾਗਰੂਕਤਾ ਸ਼ਿਵਿਰ ਦਾ ਆਯੋਜਨ ਨਰੂਲਾ ਵੈਡਿੰਗ ਹੱਬ ਘੰਟਾਘਰ 'ਚ ਕੀਤਾ ਗਿਆ। ਇਸ ਵਿੱਚ ਮੁੱਖ ਵਕਤਾ ਵਜੋਂ ਡਿਸਟ੍ਰਿਕਟ ਚੇਅਰਮੈਨ ਨੇਤਰਦਾਨ - 321 ਡੀ ਅਤੇ ਪ੍ਰਮੁੱਖ ਸਮਾਜਸੇਵੀ ਸੰਜੀਵ ਅਰੋੜਾ ਲਾਇੰਸ ਕਲੱਬ ਹੁਸ਼ਿਆਰਪੁਰ ਪਰਲ ਵੱਲੋਂ ਹਾਜ਼ਰ ਸਨ।ਇਸ ਮੌਕੇ ਸੰਜੀਵ ਅਰੋੜਾ ਨੇ ਹਾਜ਼ਰ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਨੇਤਰਦਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅੱਖ ਸਾਡੇ ਸਰੀਰ ਦਾ ਅਨਮੋਲ ਅੰਗ ਹੈ ਅਤੇ ਇਸ ਦੀ ਸੰਭਾਲ ਸਭ ਤੋਂ ਜ਼ਰੂਰੀ ਹੈ। ਇਸ ਤੋਂ ਬਿਨਾਂ ਖੁਸ਼ਹਾਲ ਜ਼ਿੰਦਗੀ ਦੀ ਕਲਪਨਾ ਕਰਨੀ ਵੀ ਮੁਸ਼ਕਲ ਹੈ। ਇਸ ਲਈ ਅੱਖਾਂ ਨਾਲ ਜੁੜੀ ਕੋਈ ਵੀ ਸਮੱਸਿਆ ਹਲਕੇ ਵਿੱਚ ਨਾ ਲਓ ਅਤੇ ਥੋੜ੍ਹੀ ਜਿਹੀ ਸਮੱਸਿਆ 'ਤੇ ਵੀ ਡਾਕਟਰ ਨਾਲ ਸਲਾਹ ਕਰੋ। ਨਾਲ ਹੀ ਮਰਨ ਉਪਰੰਤ ਨੇਤਰਦਾਨ ਦਾ ਸੰਕਲਪ ਕਰੋ ਕਿਉਂਕਿ ਇਸ ਸੰਕਲਪ ਨਾਲ ਕਈ ਲੋਕਾਂ ਦੀ ਹਨ੍ਹੇਰੀ ਜ਼ਿੰਦਗੀ ਵਿੱਚ ਰੌਸ਼ਨੀ ਆ ਸਕਦੀ ਹੈ।ਇੱਕ ਵਿਅਕਤੀ ਵੱਲੋਂ ਕੀਤੇ ਨੇਤਰਦਾਨ ਨਾਲ ਦੋ ਵਿਅਕਤੀਆਂ ਦੀ ਹਨ੍ਹੇਰੀ ਜ਼ਿੰਦਗੀ ਵਿੱਚ ਚਾਨਣ ਹੋ ਸਕਦਾ ਹੈ।ਸੰਜੀਵ ਅਰੋੜਾ ਨੇ ਕਿਹਾ ਕਿ ਲਾਇਨਜ਼ ਕਲੱਬ ਦਾ ਲਕਸ਼ ਹੈ ਕਿ ਦੇਸ਼ ਵਿੱਚ ਕੋਈ ਵੀ ਵਿਅਕਤੀ ਅੰਨ੍ਹੇਪਣ ਨਾਲ ਪੀੜਤ ਨਾ ਰਹੇ। ਇਹ ਤਦੋਂ ਹੀ ਸੰਭਵ ਹੈ ਜਦੋਂ ਤੁਹਾਡੇ ਵਰਗੇ ਲੋਕ ਪ੍ਰਣ ਪੱਤਰ ਭਰ ਕੇ ਸੋਸਾਇਟੀ ਦਾ ਸਹਿਯੋਗ ਕਰਨ।ਇਸ ਸੈਮੀਨਾਰ ਨਾਲ ਪ੍ਰਭਾਵਿਤ ਹੋ ਕੇ 24 ਲੋਕਾਂ ਨੇ ਨੇਤਰਦਾਨ ਦੇ ਪ੍ਰਣ ਪੱਤਰ ਭਰੇ ਜਿਨ੍ਹਾਂ ਵਿੱਚ ਨੇਹਾ, ਮੀਨਾਕਸ਼ੀ, ਗੁਰਪ੍ਰੀਤ ਕੌਰ, ਡਿੰਪੀ, ਜੋਤੀ, ਰਾਜ, ਸੁਮਨ ਕੁਮਾਰ, ਪ੍ਰੀਆ, ਸੰਜਨਾ, ਰਿਤੂ, ਰਿਤਿਕਾ, ਨੀਤੂ ਚੌਹਾਨ, ਰੇਨੁਕਾ, ਜਯੋਤੀ, ਤਾਨੀਆ, ਹਰੀਸ਼ ਕੁਮਾਰ, ਹਰੀਸ਼ ਚੰਦਰ, ਸੋਨਾ ਚੋਪੜਾ, ਬਿੱਟੂ, ਵਿਸ਼ਾਲ ਅਰੋੜਾ, ਸੁਸ਼ੀਲ ਕੁਮਾਰ, ਨਵੀਨ ਕੁਮਾਰ, ਵਿਨੋਦ ਕੁਮਾਰ ਅਤੇ ਰਾਕੇਸ਼ ਕੁਮਾਰ ਸ਼ਾਮਲ ਸਨ। ਉਨ੍ਹਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਪ੍ਰਧਾਨ ਟਿੰਕੂ ਨਰੂਲਾ ਨੇ ਕਿਹਾ ਕਿ ਜੀਊਂਦੇ ਜੀ ਸਭ ਅਲੱਗ- ਅਲੱਗ ਕਿਸਮ ਦੇ ਦਾਨ ਕਰਦੇ ਹਨ ਜਿਵੇਂ ਕੰਨਿਆਦਾਨ, ਲੋੜਵੰਦਾਂ ਦੀ ਸਹਾਇਤਾ ਆਦਿ—ਪਰ ਨੇਤਰਦਾਨ ਹੀ ਇੱਕ ਐਸਾ ਦਾਨ ਹੈ ਜੋ ਮੌਤ ਤੋਂ ਬਾਅਦ ਕੀਤਾ ਜਾਂਦਾ ਹੈ। ਇਸ ਲਈ ਆਓ ਅਸੀਂ ਇਸ ਯੱਗ ਵਿੱਚ ਆਪਣੀ ਆਹੂਤੀ ਪਾ ਕੇ ਪੁੰਨ ਦੇ ਭਾਗੀ ਬਣੀਏ ਅਤੇ ਅੰਨ੍ਹੇਪਣ ਨੂੰ ਜੜ੍ਹੋਂ ਖਤਮ ਕਰੀਏ। ਇਸ ਮੌਕੇ ਸੰਜੀਵ ਦੁਆ, ਮਨੋਜ ਤਨੇਜਾ, ਦੀਪਕ ਮਹੇਂਦੀ ਰੱਤਾ, ਵਿਜੇਅ ਅਰੋੜਾ, ਵਿਸ਼ਾਲ ਅਰੋੜਾ, ਰਾਜਨ ਮਨਚੰਦਾ, ਪ੍ਰਥਮ ਨਰੂਲਾ ਅਤੇ ਹੋਰ ਹਾਜ਼ਰ ਸਨ।



# ਅਧਿਆਪਕ ਤਬਾਦਲਿਆਂ ਨੂੰ ਤਰਸੇ

**ਗੁਰਾਇਆ (ਬਿੰਦਰ ਸੁਮਨ)** ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਹਰ ਸਾਲ ਅਧਿਆਪਕਾਂ ਦੀਆਂ ਬਦਲੀਆਂ ਜੂਨ ਮਹੀਨੇ ਕੀਤੀਆਂ ਜਾਂਦੀਆਂ ਹਨ। ਇਸ ਵਾਰ ਵੀ ਅਧਿਆਪਕਾਂ ਤੋਂ ਆਨਲਾਈਨ ਪੋਰਟਲ 'ਤੇ 6 ਜੂਨ ਤੋਂ ਅਰਜੀਆਂ ਮੰਗੀਆਂ ਗਈਆਂ ਸਨ। ਪਰ ਉਸ ਤੋਂ ਬਾਅਦ ਇਸ ਪ੍ਰਕਿਰਿਆ ਉੱਪਰ ਅਚਾਨਕ ਰੋਕ ਲਗਾ ਦਿੱਤੀ ਗਈ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਨੇ ਦੱਸਿਆ ਕਿ ਬਦਲੀਆਂ 'ਚ ਹੋ ਰਹੀ ਬੇਲੋੜੀ ਦੇਰੀ ਕਾਰਨ ਅਧਿਆਪਕ ਵਰਗ ਵਿੱਚ ਭਾਰੀ ਰੋਸ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਬਦਲੀਆਂ ਦਾ ਪੋਰਟਲ 6 ਜੂਨ ਨੂੰ ਖੋਲ੍ਹਿਆ ਗਿਆ ਸੀ, ਜਿਸ ਨੂੰ ਲੱਗਭਗ ਢਾਈ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਕਿਸੇ ਤਣ-ਪੱਤਣ ਨਹੀਂ ਲਗਾਇਆ ਗਿਆ। ਉਹਨਾਂ ਕਿਹਾ ਕਿ ਸਿੱਖਿਆ ਵਿਭਾਗ ਦੀ ਬਦਲੀ ਨੀਤੀ ਬਦਲਾਲਊ ਨੀਤੀ ਸਾਬਤ ਹੋ ਰਹੀ ਹੈ। ਉਹਨਾਂ ਕਿਹਾ ਕਿ ਵਾਰ-ਵਾਰ ਸਟੇਸ਼ਨ ਚੌਇਸ ਕਰਵਾਉਣ ਦੇ ਬਾਵਜੂਦ ਅਜੇ ਤੱਕ ਬਦਲੀਆਂ ਦੇ ਆਰਡਰ ਜਾਰੀ ਨਹੀਂ ਹੋਏ। ਜਥੇਬੰਦੀ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸੁਖਵਿੰਦਰਪ੍ਰੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਵਿਸ਼ਵਭਾਨੂ ਸ਼ਰਮਾ, ਜਿਲ੍ਹਾ ਸਕੱਤਰ ਅਵਤਾਰ ਲਾਲ, ਵਿੱਤ ਸਕੱਤਰ ਅੰਮ੍ਰਿਤਪਾਲ ਸਿੰਘ, ਗੌਰਵ ਕੁਮਾਰ, ਵਿਜੈ ਕੁਮਾਰ, ਗੁਰਚਰਨ ਸਿੰਘ ਆਦਿ ਨੇ ਕਿਹਾ ਕਿ ਅਨੇਕਾਂ ਅਧਿਆਪਕ ਬਦਲੀਆਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ, ਪ੍ਰੰਤੂ ਸਿੱਖਿਆ ਵਿਭਾਗ ਦੀ ਅਫਸਰਸ਼ਾਹੀ ਵੱਲੋਂ ਆਪਣੀ ਆਦਤ ਮੁਤਾਬਕ ਇਸ ਅਹਿਮ ਕੰਮ ਨੂੰ ਬਿਨਾਂ ਵਜ੍ਹਾ ਲਟਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਨੇਕਾਂ ਗੰਭੀਰ ਬਿਮਾਰੀਆਂ ਤੋਂ ਪੀੜ੍ਹਤ ਅਧਿਆਪਕ, ਨਵ-ਵਿਆਹੁਤਾ ਔਰਤਾਂ, ਕੁਵਾਰੀਆਂ, ਲੜਕੀਆਂ ਆਪਣੇ ਘਰਾਂ ਤੋਂ ਦੂਰ ਰਹਿਣ ਲਈ ਮਜਬੂਰ ਹਨ। ਉਨ੍ਹਾਂ ਮੰਗ ਕੀਤੀ ਕਿ ਆਪਸੀ ਸਹਿਮਤੀ ਵਾਲੀਆਂ ਬਦਲੀਆਂ ਤੋਂ ਹਰ ਤਰ੍ਹਾਂ ਦੀ ਸ਼ਰਤ ਖਤਮ ਕੀਤੀ ਜਾਵੇ। ਆਗੂਆਂ ਨੇ ਵਿਭਾਗ ਦੀ ਢਿੱਲ ਮੱਠ ਦੀ ਨੀਤੀ ਦੀ ਸਖਤ ਸਬਦਾਂ ਵਿੱਚ ਨਿਖੇਧੀ ਕਰਦਿਆਂ ਕਿ ਜੇਕਰ ਵਿਭਾਗ ਵੱਲੋਂ ਬਿਨਾਂ ਵਜ੍ਹਾ ਦੇਰੀ ਕੀਤੀ ਗਈ ਤਾਂ ਅਧਿਆਪਕਾਂ ਨੂੰ ਤਿੱਖੇ ਸੰਘਰਸ਼ ਲਈ ਮਜਬੂਰ ਹੋਣਾ ਪਵੇਗਾ।




## Capital Small Finance Bank

**Capital Small Finance Bank Limited**
**H.O: MIDAS Corporate Park, 3rd Floor, 37 G.T. Road, Jalandhar City**

### ਕਬਜ਼ਾ ਨੋਟਿਸ

[ਸਕਿਓਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (1) ਤਹਿਤ]

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੈੱਸਟ ਐਕਟ, 2002 ਅਤੇ ਸਕਿਓਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 1. ਸ਼੍ਰੀ ਪਵਨ ਕੁਮਾਰ ਪੁੱਤਰ ਸ਼੍ਰੀ ਜਗਜੀਵਨ ਰਾਮ ਵਾਸੀ ਕੁਆਰਟਰ 461/ਬੀ, ਰੇਲਵੇ ਕਲੋਨੀ, ਬਠਿੰਡਾ, ਪੰਜਾਬ-151001 2. ਸ਼੍ਰੀਮਤੀ ਅੰਜੂ ਯਾਦਵ ਪਤਨੀ ਸ਼੍ਰੀ ਪਵਨ ਕੁਮਾਰ ਵਾਸੀ ਕੁਆਰਟਰ 461/ਬੀ, ਰੇਲਵੇ ਕਲੋਨੀ, ਬਠਿੰਡਾ, ਪੰਜਾਬ-151001 ਅਤੇ ਨਾਲ ਹੀ ਅੰਜੂ ਯਾਦਵ ਪੁੱਤਰੀ ਬਾਬਾਦੀਨ ਯਾਦਵ ਵਾਸੀ ਪਿਊਰ ਪੱਲ੍ਹੀ ਮਧਾਈਪੁਰ ਕੁਰਮੀ, ਪਾਰਸਪੁਰ, ਅਕੋਹਾਰੀ, ਗੌਂਡਾ, ਅਕੋਹਾਰੀ, ਉੱਤਰ ਪ੍ਰਦੇਸ਼-271504 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 3. ਸ਼੍ਰੀ ਕਾਲਾ ਰਾਮ ਪੁੱਤਰ ਸ਼੍ਰੀ ਗਿਰਧਾਰੀ ਲਾਲ ਵਾਸੀ ਨੇੜੇ ਪੀਰਖਾਨਾ, ਗਲੀ ਨੰ. 1, ਗੋਨਿਆਣਾ ਮੰਡੀ, ਬਠਿੰਡਾ, ਪੰਜਾਬ-151001 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਨੋਟਿਸ 'ਚ ਦਰਸਾਈ ਰਕਮ ਰੁਪਏ 3,48,886.50/- (ਤਿੰਨ ਲੱਖ ਅਠਤਾਲੀ ਹਜ਼ਾਰ ਅੱਠ ਸੌ ਛਿਆਸੀ ਰੁਪਏ ਅਤੇ ਪੰਜਾਹ ਪੈਸੇ ਕੇਵਲ) ਅਤੇ ਰੁਪਏ 16,09,691.40/- (ਸੋਲਾਂ ਲੱਖ ਨੌਂ ਹਜ਼ਾਰ ਛੇ ਸੌ ਇਕਾਨਵੇਂ ਰੁਪਏ ਅਤੇ ਚਾਲੀ ਪੈਸੇ ਕੇਵਲ) ਸਮੇਤ 01.05.2024 ਤੋਂ ਭਵਿੱਖੀ ਵਿਆਜ ਲਈ ਮਿਤੀ 27 ਮਈ 2024 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।
ਕਰਜ਼ਦਾਰ ਕਰਜ਼ਾ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਰੂਲ ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 22 ਅਗਸਤ 2025 ਨੂੰ ਕਬਜ਼ਾ ਹਾਸਲ ਕਰ ਲਿਆ ਹੈ।
ਕਰਜ਼ਦਾਰਾਂ/ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਰੁਪਏ 3,48,886.50/- (ਤਿੰਨ ਲੱਖ ਅਠਤਾਲੀ ਹਜ਼ਾਰ ਅੱਠ ਸੌ ਛਿਆਸੀ ਰੁਪਏ ਅਤੇ ਪੰਜਾਹ ਪੈਸੇ ਕੇਵਲ) ਅਤੇ ਰੁਪਏ 16,09,691.40/- (ਸੋਲਾਂ ਲੱਖ ਨੌਂ ਹਜ਼ਾਰ ਛੇ ਸੌ ਇਕਾਨਵੇਂ ਰੁਪਏ ਅਤੇ ਚਾਲੀ ਪੈਸੇ ਕੇਵਲ) ਸਮੇਤ 01.05.2024 ਤੋਂ ਭਵਿੱਖੀ ਵਿਆਜ (ਮਨਫੀ ਵਸੂਲੀ ਜੇਕਰ ਕੋਈ ਹੈ) ਦੀ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੀ ਦੇਣਦਾਰੀ ਹੋਰ ਹੋਵੇਗੀ।
ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

### ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2021-22/23/1/8395 ਮਿਤੀ 12-11-2021 ਅਨੁਸਾਰ ਸ਼੍ਰੀ ਪਵਨ ਕੁਮਾਰ ਪੁੱਤਰ ਸ਼੍ਰੀ ਜਗਜੀਵਨ ਰਾਮ ਦੀ ਮਲਕੀਅਤ ਜਾਇਦਾਦ ਰਕਬਾ 123.8 ਵਰਗ ਗਜ਼, ਗਲੀ ਨੰ. 32-ਏ, ਸੁਰਖਪੀਰ ਰੋਡ, ਪੱਟੀ ਝੁਟੀ, ਬਠਿੰਡਾ ਨਾਲ ਸੰਬੰਧਤ ਸਭ ਕੁੱਝ।

ਸਥਾਨ : ਬਠਿੰਡਾ — ਮਿਤੀ : 22.08.2025 — ਸਹੀ/- ਅਧਿਕਾਰਤ ਅਫਸਰ


# ਮੈਡਲ ਜੇਤੂ ਖਿਡਾਰੀ ਸਨਮਾਨਤ



**ਆਦਮਪੁਰ (ਪਰਮਜੀਤ ਸੀਘ)**- ਜੋਨ ਦੇ ਸਮੂਹ ਸਕੂਲਾਂ ਦੇ ਖਿਡਾਰੀਆਂ ਦੇ ਐਥਲੈਟਿਕਸ ਮੁਕਾਬਲਿਆਂ ਵਿਚ ਮੁੰਡਿਆਂ ਦੀਆਂ ਦੌੜਾਂ, ਲੰਬੀ ਛਾਲ, ਗੋਲਾ ਸੁੱਟਣਾ, ਜੈਵਲਿਨ ਥਰੋ, ਟ੍ਰਿਪਲ ਜੰਪ, ਡਿਸਕਸ ਥਰੋ, ਲੰਬੀਆਂ ਰੇਸਾਂ ਤੇ ਹੈਮਰ ਥਰੋ ਆਦਿ ਦੇ ਸ਼ਾਨਦਾਰ ਮੁਕਾਬਲੇ ਹੋਏ । ਇਹਨਾਂ ਮੁਕਾਬਲਿਆਂ ਵਿਚ ਗੋਲਡ ਮੈਡਲ, ਸਿਲਵਰ ਮੈਡਲ ਤੇ ਕਾਂਸੇ ਮੈਡਲ ਜਿੱਤਣ ਵਾਲੇ ਖਿਡਾਰੀਆਂ ਤੇ ਉਹਨਾਂ ਨੂੰ ਟ੍ਰੇਨਿੰਗ ਦੇਣ ਵਾਲੇ ਅਧਿਆਪਕਾਂ ਨੂੰ ਜੋਨਲ ਕਮੇਟੀ ਦੇ ਪ੍ਰਧਾਨ ਤੇ ਬਲਾਕ ਨੋਡਲ ਅਫ਼ਸਰ ਪ੍ਰਿੰਸੀਪਲ ਰਾਮ ਆਸਰਾ ਸਟੇਟ ਐਵਾਰਡੀ ਨੇ ਸਨਮਾਨਿਤ ਕਰਦਿਆਂ ਕਿਹਾ ਕਿ ਖੇਡਾਂ ਨਾਲ ਹੀ ਦੇਸ਼ ਦੀ ਨੌਜਵਾਨੀ ਸਿਹਤਮੰਦ ਰਹਿ ਸਕਦੀ ਹੈ ।ਜੋਨਲ ਸੈਕਟਰੀ ਮੈਡਮ ਸੋਨੀਆ, ਜਿਲ੍ਹਾ ਜਨਰਲ ਸਕੱਤਰ ਬਲਜੀਤ ਸਿੰਘ ਢਿੱਲੋਂ ਤੇ ਲੈਕਚਰਾਰ ਗੁਰਿੰਦਰ ਸਿੰਘ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੀ ਮੈਡਲ ਸੂਚੀ ਵਿਚ ਸੈਕੰਡਰੀ ਸਕੂਲ ਪਧਿਆਣਾ, ਸੈਕੰਡਰੀ ਸਕੂਲ ਮਸਾਣੀਆਂ, ਸਰਕਾਰੀ ਐਮੀਨੈਂਸ ਸਕੂਲ ਆਦਮਪੁਰ ਤੇ ਜੰਡੂ ਸਿੰਘਾ ਸਕੂਲ ਨੇ ਲੀਡ ਬਣਾਈ ਹੋਈ ਹੈ । ਆਦਮਪੁਰ ਸਕੂਲ ਦੇ ਅਥਲੀਟ ਜਸ ਕੁਮਾਰ ਨੇ 19 ਸਾਲਾਂ ਉਮਰ ਗਰੁੱਪ ਦੀ 100 ਮੀਟਰ ਰੇਸ ਵਿਚ ਗੋਲਡ ਮੈਡਲ ਜਿੱਤ ਕੇ ਟੂਰਨਾਮੈਂਟ ਦੇ ਸਭ ਤੋਂ ਤੇਜ਼ ਦੌੜਾਕ ਹੋਣ ਦਾ ਖਿਤਾਬ ਜਿੱਤਿਆ।

# ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਸ਼ ਵੱਲੋਂ ਔਰਤਾਂ ਦੇ ਅਧਿਕਾਰਾਂ 'ਤੇ ਨਾਟਕ ਦਾ ਆਯੋਜਨ



**ਜਲੰਧਰ (ਸ਼ੈਲੀ ਐਲਬਰਟ)** ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਸ਼, ਸ਼ਾਹਪੁਰ ਕੈਂਪਸ ਵਿਖੇ ਸਰਦਾਰਨੀ ਮੰਜੀਤ ਕੌਰ ਆਡੀਟੋਰੀਅਮ ਵਿੱਚ ਔਰਤਾਂ ਦੇ ਅਧਿਕਾਰਾਂ 'ਤੇ ਕੇਂਦਰਿਤ ਇੱਕ ਵਿਚਾਰ-ਵਟਾਂਦਰੇ ਵਾਲੇ ਨਾਟਕ 'ਆਜ਼ਾਦ ਔਰਤ' ਦਾ ਮੰਚਨ ਕੀਤਾ ਗਿਆ। ਸੁੱਖ ਗਿੱਲ ਦੁਆਰਾ ਲਿਖੇ ਅਤੇ ਨਿਰਦੇਸ਼ਿਤ ਇਸ ਨਾਟਕ ਵਿੱਚ ਸੱਤ-ਮੈਂਬਰੀ ਕਲਾਕਾਰ ਟੀਮ ਨੇ ਔਰਤਾਂ ਦੇ ਸੰਘਰਸ਼, ਹਿੰਮਤ ਅਤੇ ਆਕਾਂਖਿਆਵਾਂ ਨੂੰ ਇੱਕ ਸ਼ਕਤੀਸ਼ਾਲੀ ਢੰਗ ਨਾਲ ਪੇਸ਼ ਕੀਤਾ।ਇਸ ਪਹਿਲਕਦਮੀ ਦਾ ਮਕਸਦ ਔਰਤਾਂ ਦੀ ਆਜ਼ਾਦੀ, ਅਧਿਕਾਰਾਂ ਅਤੇ ਸਸ਼ਕਤੀਕਰਨ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਆਤਮ-ਅਭਿਵਿਅਕਤੀ ਅਤੇ ਸਮਾਜਿਕ ਪ੍ਰਤੀਬਿੰਬ ਦੇ ਮਾਧਿਅਮ ਵਜੋਂ ਰੰਗਮੰਚ ਨੂੰ ਬੜ੍ਹਾਵਾ ਦੇਣਾ ਸੀ।ਇਸ ਮੌਕੇ ਸੀ ਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਕੈਂਪਸ ਡਾਇਰੈਕਟਰ ਡਾ. ਸੰਗਰਾਮ ਸਿੰਘ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਨਾਟਕ ਨੇ ਆਜ਼ਾਦੀ, ਪਛਾਣ ਅਤੇ ਸੁਪਨੇ ਦੇਖਣ ਦੇ ਅਧਿਕਾਰ ਵਰਗੇ ਵਿਸ਼ਿਆਂ ਨੂੰ ਛੂਹਿਆ। ਇਸ ਮੌਕੇ ਵਿਦਿਆਰਥੀ ਕਲਿਆਣ ਦੇ ਡੀਨ, ਡਾ. ਅਰਜਨ ਸਿੰਘ ਨੇ ਕਿਹਾ ਰੰਗਮੰਚ ਸਿਰਫ਼ ਮਨੋਰੰਜਨ ਨਹੀਂ ਹੈ, ਇਹ ਸਮਾਜ ਦਾ ਆਇਨਾ ਹੈ।ਇਹ ਵਿਦਿਆਰਥੀਆਂ ਵਿੱਚ ਰਚਨਾਤਮਕਤਾ ਨੂੰ ਪਾਲਦਾ ਹੈ, ਮਾਨਸਿਕ ਵਿਕਾਸ ਨੂੰ ਵਧਾਉਂਦਾ ਹੈ ਅਤੇ ਹਮਦਰਦੀ ਦੀ ਭਾਵਨਾ ਪੈਦਾ ਕਰਦਾ ਹੈ।'ਆਜ਼ਾਦ ਔਰਤ' ਵਰਗੇ ਨਾਟਕ ਨੌਜਵਾਨਾਂ ਨੂੰ ਔਰਤਾਂ ਦੇ ਅਧਿਕਾਰਾਂ ਵਰਗੇ ਮਹੱਤਵਪੂਰਨ ਸਮਾਜਿਕ ਮੁੱਦਿਆਂ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਕਰਦੇ ਹਨ। ਸੀ ਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ, ਡਾ. ਮਨਬੀਰ ਸਿੰਘ ਨੇ ਕਿਹਾ ਸੀ ਟੀ ਗਰੁੱਪ ਵਿੱਚ ਅਸੀਂ ਇਸ 'ਤੇ ਦ੍ਰਿੜ ਵਿਸ਼ਵਾਸ ਰੱਖਦੇ ਹਾਂ ਕਿ ਸਿੱਖਿਆ ਜਾਗਰੂਕਤਾ ਅਤੇ ਮੁੱਲਾਂ ਨਾਲ ਹੱਥ ਵਿੱਚ ਹੱਥ ਲੈ ਕੇ ਚਲਣੀ ਚਾਹੀਦੀ ਹੈ।ਰੰਗਮੰਚ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ ਜੋ ਨਾ ਸਿਰਫ਼ ਮਨੋਰੰਜਨ ਕਰਦਾ ਹੈ ਬਲਕਿ ਜਾਗਰੂਕ ਵੀ ਕਰਦਾ ਹੈ।

# ਬਿਨਾਂ ਫੂਡ ਲਾਈਸੈਂਸ ਤੋਂ ਚੱਲ ਰਹੀਆਂ ਅਨੇਕਾਂ ਰੇੜ੍ਹੀਆਂ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਭੋਗਪੁਰ ਵਿੱਚ ਬਿਨਾਂ ਫੂਡ ਲਾਈਸੈਂਸ ਅਤੇ ਬਿਨਾ ਸਾਫ ਸਫਾਈ ਤੋਂ ਚੱਲ ਰਹੀਆਂ ਅਨੇਕਾਂ ਰੇੜੀਆਂ ਸੰਬੰਧੀ ਬੀਤੇ ਦਿਨੀ ਭੋਗਪੁਰ ਦੇ ਵਿੱਚ ਲੱਗੀਆਂ ਰੇੜੀਆਂ ਦਾ ਜਿੱਥੇ ਕਿ ਕੁਝ ਚੋਣਵੇਂ ਪੱਤਰਕਾਰਾਂ ਵੱਲੋਂ ਜਾ ਕੇ ਜਾਇਜ਼ਾ ਲਿਆ, ਦੇਖਿਆ ਗਿਆ ਕਿ ਪ੍ਰਵਾਸੀਆਂ ਕੋਲ ਨਾ ਤੇ ਫੂਡ ਦੇ ਲਾਈਸੈਂਸ ਹਨ ਨਾ ਹੀ ਸਫਾਈ ਦਾ ਧਿਆਨ ਰੱਖਿਆ ਜਾ ਰਿਹਾ। ਜਿੱਥੇ ਕਿ ਨਾ ਹੀ ਉਹਨਾਂ ਨੇ ਹੱਥ ਵਿੱਚ ਗਲਬਜ਼ ਪਾਏ ਹੋਏ ਨੇ ਨਾ ਹੀ ਸਿਰ ਤੇ ਕੈਪ ਲਿਆ ਹੋਇਆ ਹੈ। ਸ਼ਰੇਆਮ ਭੋਗਪੁਰ ਵਾਸੀਆਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ ਇਸ ਮੌਕੇ ਰੇਹੜੀ ਲਾਉਣ ਵਾਲੇ ਪ੍ਰਵਾਸੀਆਂ ਨੇ ਕਿਹਾ ਕਿ ਜਦੋਂ ਸਾਰੇ ਭੋਗਪੁਰ ਵਾਲੇ ਲਾਈਸੈਂਸ ਬਣਾ ਲੈਣਗੇ ਉਦੋਂ ਅਸੀਂ ਵੀ ਬਣਾ ਲਵਾਂਗੇ।

23 Aug Page 9.qxd 8/22/2025 10:50 PM Page 1



## ਖੁਰਦਪੁਰ ਵਿਖੇ ਭਾਜਪਾ ਦੇ ਕੇਂਦਰ ਸਰਕਾਰ ਦੀਆਂ ਸਕੀਮਾਂ ਸੰਬੰਧੀ ਲਗਾਏ ਕੈਂਪ ਨੂੰ ਪੁਲਸ ਨੇ ਕਰਵਾਇਆ ਬੰਦ



**ਆਦਮਪੁਰ (ਪਰਮਜੀਤ ਸਿੰਘ)** ਭਾਜਪਾ ਵੱਲੋਂ ਕੇਂਦਰ ਸਰਕਾਰ ਦੀਆਂ ਸਕੀਮਾਂ ਨੂੰ ਘਰ ਘਰ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਅਤੇ ਲੋਕਾਂ ਦੇ ਕਾਰਡ ਬਣਾ ਸਕੀਮਾਂ ਦਾ ਲਾਭ ਲੈਣ ਸੰਬੰਧੀ ਲਗਾਏ ਜਾ ਰਹੇ ਕੈਂਪਾਂ ਅਧੀਨ ਨਜ਼ਦੀਕੀ ਪਿੰਡ ਖੁਰਦਪੁਰ ਵਿਖੇ ਲਗਾਏ ਕੈਂਪ ਨੂੰ ਪੁਲਸ ਵੱਲੋਂ ਇਸ ਸੰਬੰਧੀ ਅਤੇ ਬਿਨਾ ਪਰਮਿਸ਼ਨ ਲੋਕਾਂ ਦਾ ਡਾਟਾ ਇੱਕਠਾ ਨਾ ਕਰਨ ਦੀ ਗੱਲ ਕਹਿੰਦਿਆਂ ਕੈਂਪ ਰੋਕਣ ਦੀ ਗੱਲ ਕਰਨ ਤੇ ਭਾਜਪਾ ਆਗੂਆਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਅਤੇ ਮੌਕੇ 'ਤੇ ਪੁਲਸ ਨੇ ਕਾਰਵਾਈ ਕਰਦਿਆਂ ਕੈਂਪ ਵਿਚ ਮਜੂਦ ਸਾਬਕਾ ਮੈਂਬਰ ਪਾਰਲੀਮੈਂਟ ਸੁਸ਼ੀਲ ਰਿੰਕੂ ਅਤੇ ਹਲਕਾ ਇਚਾਰਜ ਹਰਵਿੰਦਰ ਸਿੰਘ ਡੱਲੀ ਨੂੰ ਹਿਰਾਸਤ ਵਿੱਚ ਲੈਣ ਤੇ ਭਾਜਪਾ ਆਗੂ ਭੜਕ ਉੱਥੇ ਅਤੇ ਇਸਨੂੰ ਸਰਕਾਰ ਵੱਲੋਂ ਧੱਕੇਸ਼ਾਹੀ ਕਰਾਰ ਦਿੰਦਿਆ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ।ਇਸ ਮੌਕੇ ਸੁਸ਼ੀਲ ਰਿੰਕੂ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦੇ ਕਾਰਡ ਬਣਾਉਣ ਸੰਬੰਧੀ ਲਗਾਤਾਰ ਕੈਂਪ ਲਗਾਏ ਜਾ ਰਹੇ ਹਨ ਅਤੇ ਲੋਕ ਵੱਡੀ ਗਿਣਤੀ ਵਿੱਚ ਇਨ੍ਹਾਂ ਕੈਂਪਾਂ ਦਾ ਲਾਭ ਉਠਾ ਰਹੇ ਹਨ ਜਿਸ ਤੋਂ ਬੁਖਲਾ ਕੇ ਆਪ ਦੀ ਪੰਜਾਬ ਸਰਕਾਰ ਇਨ੍ਹਾਂ ਕੈਂਪਾਂ ਨੂੰ ਪ੍ਰਸ਼ਾਸਨ ਦੇ ਧੱਕੇ ਨਾਲ ਬੰਦ ਕਰਵਾ ਰਹੀ ਹੈ। ਭਾਜਪਾ ਦੇ ਸੀਨੀਅਰ ਆਗੂ ਵਿਜੇ ਸਾਂਪਲਾ, ਸਰਬਜੀਤ ਸਿੰਘ ਮੱਕੜ ਵੀ ਪਹੁੰਚੇ ਅਤੇ ਆਦਮਪੁਰ ਅਤੇ ਪੁਲਸ ਵੱਲੋਂ ਰਿੰਕੂ ਨੂੰ ਹਿਰਾਸਤ ਵਿੱਚ ਲੈਣ ਦਾ ਵਿਰੋਧ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਅਸ਼ੋਕ ਸਰੀਨ ਮਹਾਂਸਚਿਵ ਜਿਲ੍ਹਾ ਜਲੰਧਰ, ਸੂਬਾ ਕਾਰਜਕਾਰਨੀ ਪ੍ਰਧਾਨ ਰਾਜੀਵ ਪੰਜ, ਜਿਲ੍ਹਾ ਜਲੰਧਰ ਦਿਹਾਤੀ ਪ੍ਰਧਾਨ ਰਣਜੀਤ ਪਵਾਰ, ਮਨਜੀਤ ਸਿੰਘ ਜਨਰਲ ਸਕੱਤਰ, ਮਨਜੀਤ ਕੁਮਾਰ, ਵਿਜੇ ਕੁਮਾਰ ਮੰਡਲ ਪ੍ਰਧਾਨ ਅਲਾਵਲਪੁਰ, ਕੁਲਵਿੰਦਰ ਪ੍ਰਧਾਨ ਆਈ. ਟੀ.ਸੈੱਲ, ਨੀਰਜ ਕੁਮਾਰ, ਵਰਿੰਦਰ ਖੁਰਦਪੁਰ ਅਤੇ ਹੋਰ ਹਾਜ਼ਰ ਸਨ।

## ਟ੍ਰੈਫਿਕ ਪੁਲਸ ਵੱਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਵਰਤੋਂ ਤੋਂ ਖ਼ਬਰਦਾਰ ਕਰਨ ਸੰਬੰਧੀ ਸੈਮੀਨਾਰ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਐੱਸ ਐੱਸ ਪੀ ਹਰਮਨਦੀਪ ਸਿੰਘ ਹਾਂਸ ਅਤੇ ਐੱਸ ਪੀ (ਟ੍ਰੈਫਿਕ) ਨਵਨੀਤ ਸਿੰਘ ਮਾਹਲ ਵੱਲੋਂ ਨਸ਼ਿਆਂ ਖਿਲਾਫ ਅਤੇ ਟ੍ਰੈਫਿਕ ਨਿਯਮਾਂ ਦੀ ਜਾਗਰੂਕਤਾ ਸਬੰਧੀ ਚਲਾਈ ਗਈ ਮੁਹਿੰਮ ਤਹਿਤ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਹੇਠ ਉਪ ਕਪਤਾਨ ਪੁਲਸ, ਟ੍ਰੈਫਿਕ, ਕਰਨੈਲ ਸਿੰਘ ਵੱਲੋਂ ਅੱਜ ਸ਼ਿਸ਼ੂ ਨਿਕੇਤਨ ਪਬਲਿਕ ਸਕੂਲ, ਸੈਕਟਰ 66, ਮੋਹਾਲੀ, ਐਸ.ਏ.ਐਸ.ਨਗਰ ਵਿਖੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਖਬਰਦਾਰ ਕਰਨ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਇੱਕ ਵਿਸ਼ੇਸ਼ ਸੈਮੀਨਾਰ ਲਗਾ ਕੇ ਜਾਗਰੂਕ ਕੀਤਾ ਗਿਆ।ਇਸ ਸੈਮੀਨਾਰ ਦਾ ਮੁੱਖ ਉਦੇਸ਼ ਸਕੂਲ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਖੇਡਾਂ ਵੱਲ ਜਾਣ ਦੀ ਮਹੱਤਤਾ ਬਾਰੇ ਜਾਣੂ ਕਰਵਾਉਣਾ ਸੀ। ਸੈਮੀਨਾਰ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਸਮਝਾਇਆ ਗਿਆ ਕਿ ਕੁਝ ਗਲਤ ਅਨਸਰਾਂ ਵੱਲੋਂ ਵਿਦਿਆਰਥੀਆਂ ਨੂੰ ਵਰਗਲਾ ਕੇ ਨਸ਼ੇ 'ਤੇ ਲਗਾ ਦਿੱਤਾ ਜਾਂਦਾ ਹੈ, ਇਸ ਲਈ ਅਜਿਹੇ ਮਾੜੇ ਅਨਸਰਾਂ ਤੋਂ ਆਪਣਾ ਬਚਾਅ ਰੱਖੋ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਮੋਟਰ ਵਹੀਕਲ ਐਕਟ ਦੀ ਧਾਰਾ 199 ਏ ਤਹਿਤ, ਜੇਕਰ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਵਹੀਕਲ ਚਲਾਉਂਦਾ ਹੈ ਤਾਂ ਉਸਦੇ ਮਾਪਿਆਂ ਨੂੰ 3 ਸਾਲ ਦੀ ਕੈਦ, 25 ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਅਤੇ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਵਹੀਕਲ ਦੇਣ ਵਾਲੇ ਵਿਅਕਤੀ ਨੂੰ ਵੀ 3 ਸਾਲ ਦੀ ਸਜ਼ਾ ਜਾਂ ਜੁਰਮਾਨਾ ਹੋ ਸਕਦਾ ਹੈ।ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਸਰਕਾਰ ਦੁਆਰਾ ਚਲਾਈ ਗਈ ਸਕੀਮ ਫਾਰ ਗਰਾਂਟ ਆਫ਼ ਐਵਾਰਡ ਟੂ ਦ ਗੁੱਡ ਸਮਾਰੀਟਨ ਬਾਰੇ ਜਾਣੂ ਕਰਵਾਇਆ ਗਿਆ ਅਤੇ ਦੱਸਿਆ ਗਿਆ ਕਿ ਜੇਕਰ ਕੋਈ ਵਿਅਕਤੀ ਕਿਸੇ ਐਕਸੀਡੈਂਟ ਹੋਏ ਵਿਅਕਤੀ ਦੀ ਮਦਦ ਕਰਦਾ ਹੈ ਤਾਂ ਉਸ ਨੂੰ 2000 ਰੁਪਏ ਸਰਕਾਰ ਵੱਲੋਂ (ਫਰਿਸ਼ਤੇ ਸਕੀਮ ਤਹਿਤ) ਦਿੱਤੇ ਜਾਂਦੇ ਹਨ।ਇਸ ਮੌਕੇ ਸ਼ਿਸ਼ੂ ਨਿਕੇਤਨ ਪਬਲਿਕ ਸਕੂਲ, ਸੈਕਟਰ 66, ਮੋਹਾਲੀ,ਐਸ.ਏ.ਐਸ.ਨਗਰ ਦੇ ਪ੍ਰਿੰਸੀਪਲ ਹਰਜੀਤ ਕੌਰ, ਕੋਆਰਡੀਨੇਟਰ ਹਰਜਿੰਦਰ ਕੌਰ ਅਤੇ ਹੋਰ ਸਟਾਫ ਨੇ ਡੀ ਐਸ ਪੀ ਟ੍ਰੈਫਿਕ ਦਾ ਜਾਗਰੂਕਤਾ ਸੰਬੰਧੀ ਇਹ ਸੈਮੀਨਾਰ ਲਗਾਉਣ ਲਈ ਧੰਨਵਾਦ ਕੀਤਾ। ਕਰਨੈਲ ਸਿੰਘ, ਉਪ ਕਪਤਾਨ ਪੁਲਿਸ (ਟ੍ਰੈਫਿਕ) ਨੇ ਅੰਤ ਵਿੱਚ ਸਾਰੇ ਵਿਦਿਆਰਥੀਆਂ ਨੂੰ ਖੇਡਾਂ ਵੱਲ ਜਾਣ ਲਈ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਸਾਰੇ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਅੱਜ ਵਿਸ਼ਵ ਬਜ਼ੁਰਗ ਦਿਵਸ ਹੈ, ਜਿਸ ਦਾ ਮਨੋਰਥ ਆਪਣੇ ਬਜ਼ੁਰਗਾਂ ਦੀ ਇੱਜ਼ਤ ਅਤੇ ਪੂਰੀ ਸਾਂਭ ਸੰਭਾਲ ਕਰਨਾ ਦਾ ਸੁਨੇਹਾ ਦੇਣਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਰੋਜ਼ਾਨਾ ਆਪਣੇ ਬਜ਼ੁਰਗਾਂ ਕੋਲ ਸਮਾਂ ਬਤੀਤ ਕਰਨਾ ਚਾਹੀਦਾ ਹੈ, ਕਿਉਂਕਿ ਸਾਨੂੰ ਸਾਡੇ ਬਜ਼ੁਰਗਾਂ ਕੋਲੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।

## ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ



**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਨਸੋਰਸਿੰਗ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਬਣਾਈ ਕੈਬਨਿਟ ਸਬ-ਕਮੇਟੀ ਵੱਲੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਨਾਲ 20 ਅਗਸਤ ਨੂੰ ਦਿੱਤੀ ਮੀਟਿੰਗ ਨੂੰ ਰੱਦ ਕਰਨ ਦੇ ਰੋਸ ਵਜੋਂ ਵੀਰਵਾਰ ਨੂੰ ਸਾਰੇ ਪੰਜਾਬ ਵਿੱਚ ਤਹਿਸੀਲ/ਜ਼ਿਲ੍ਹਾ ਪੱਧਰੀ, ਪੰਜਾਬ ਸਰਕਾਰ ਦੇ ਪੁਤਲੇ ਫੂਕਣ ਦੇ ਐਲਾਨ ਦੇ ਫੈਸਲੇ ਤਹਿਤ ਇਥੇ ਨਕੋਦਰ ਸ਼ਹਿਰ ਵਿੱਚ ਰੋਸ ਮਾਰਚ ਕਰਕੇ ਅੰਬੇਡਕਰ ਚੌਂਕ 'ਚ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਜਿਲ੍ਹਾ ਜਲੰਧਰ ਵੱਲੋਂ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਪ੍ਰਦਰਸ਼ਨ ਕੀਤਾ ਗਿਆ। ਇਸ ਤੋਂ ਪਹਿਲਾਂ ਵੱਡੀ ਗਿਣਤੀ 'ਚ ਇਕੱਠੇ ਹੋਏ ਠੇਕਾ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਵਿਰੁੱਧ ਧਰਨਾ ਦਿੱਤਾ।

## ਸੀਨੀਅਰ ਸਿਟੀਜ਼ਨ ਦਿਵਸ ਮਨਾਇਆ



**ਨਵਾਂਸ਼ਹਿਰ (ਮਨੋਜ ਲਾਡੀ)**- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਅਤੇ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਦੇ ਨਿਰਦੇਸ਼ਾਂ ਤਹਿਤ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਵੱਲੋ ਮਿਤੀ 21 ਅਗਸਤ ਨੂੰ ਸ੍ਰੀ ਨਾਵ ਕੰਵਲ ਰਾਜਾ ਸਾਹਿਬ, ਬਿਰਧ ਆਸ਼ਰਮ ਫਤੋਆਣਾ ਸਾਹਿਬ, ਪਿੰਡ ਭਰੋਮਜਾਰਾ ਵਿਖੇ ਰਹਿ ਰਹੇ ਬਜ਼ੁਰਗਾਂ ਨਾਲ ਅੰਤਰਰਾਸ਼ਟਰੀ ਸੀਨੀਅਰ ਸਿਟੀਜਨ ਦਿਵਸ ਮਨਾਇਆ ਗਿਆ ਅਤੇ ਕਾਨੂੰਨੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ । ਇਸ ਮੌਕੇ ਦਫਤਰ ਵੱਲੋ ਬਜ਼ੁਰਗਾਂ ਨੂੰ ਫਲ-ਫਰੂਟ ਵੀ ਵੰਡੇ ਗਏ । ਸਿਵਲ ਜੱਜ ( ਸੀਨੀਅਰ ਡੀਵੀਜ਼ਨ)/ ਸੀ.ਜੇ.ਐਮ-ਕਮ- ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਡਾ. ਅਮਨਦੀਪ ਵੱਲੋਂ ਬਜ਼ੁਰਗਾਂ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਦੀਆ ਸਮੱਸਿਆਵਾਂ ਸੁਣੀਆਂ।

## ਵਿਕਾਸ 'ਤੇ ਫੋਕਸ, ਪ੍ਰਸ਼ਾਸਨਕ ਅਧਿਕਾਰੀਆਂ ਨਾਲ ਵਿਧਾਇਕ ਡਾ. ਇਸ਼ਾਂਕ ਦੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਚੱਬੇਵਾਲ ਹਲਕੇ ਵਿੱਚ ਵਿਕਾਸ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਕਰਨ ਅਤੇ ਨਵੀਆਂ ਯੋਜਨਾਵਾਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਵਿਧਾਇਕ ਡਾ. ਈਸ਼ਾਂਕ ਕੁਮਾਰ ਦੀ ਅਗਵਾਈ ਵਿੱਚ ਮਿਨੀ ਸਚਿਵਾਲੇ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਦਾ ਆਯੋਜਨ ਕੀਤਾ ਗਿਆ। ਅਸ਼ੋਕ ਚੱਕਰ ਹਾਲ ਵਿੱਚ ਹੋਈ ਇਸ ਮੀਟਿੰਗ ਵਿੱਚ ਡੀਸੀ ਆਸ਼ਿਕਾ ਜੈਨ, ਏਡੀਸੀ ਨਿਕਾਸ ਕੁਮਾਰ, ਡਾ. ਪੰਕਜ ਸ਼ਿਵ, ਡਾ. ਕ੍ਰਿਸ਼ਨ ਗੋਪਾਲ, ਅਨਿਲ ਕੁਮਾਰ, ਰਿੰਕੀ, ਬੀਡੀਪੀਓ ਅਵਤਾਰ ਸਿੰਘ, ਸੁਨੀਤਾ ਪਾਲ, ਸੁਪਰਿੰਟੈਂਡੈਂਟ ਸੁਖਵਿੰਦਰ ਸਿੰਘ ਸਮੇਤ ਕਈ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਮੀਟਿੰਗ ਦੌਰਾਨ ਹਲਕੇ ਵਿੱਚ ਚੱਲ ਰਹੀਆਂ ਵਿਕਾਸ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ ਗਈ ਅਤੇ ਆਉਣ ਵਾਲੀਆਂ ਯੋਜਨਾਵਾਂ 'ਤੇ ਵਿਸਥਾਰ ਨਾਲ ਗੱਲਬਾਤ ਕੀਤੀ ਗਈ। ਵਿਧਾਇਕ ਡਾ. ਈਸ਼ਾਂਕ ਨੇ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਲੋਕਾਂ ਨਾਲ ਜੁੜੀਆਂ ਸੇਵਾਵਾਂ ਦੇ ਕੰਮਾਂ ਨੂੰ ਤਰਜੀਹ ਦੇ ਕੇ ਸਮੇਂਬੱਧ ਢੰਗ ਨਾਲ ਪੂਰਾ ਕੀਤਾ ਜਾਵੇ, ਤਾਂ ਜੋ ਆਮ ਲੋਕਾਂ ਨੂੰ



ਜਲਦੀ ਲਾਭ ਮਿਲ ਸਕੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਪਾਰਦਰਸ਼ਤਾ ਕਾਇਮ ਰੱਖਣ ਅਤੇ ਸਰਕਾਰੀ ਸਰੋਤਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਇਸਤੇਮਾਲ ਕਰਨ ਦੀ ਹਦਾਇਤ ਦਿੱਤੀ।ਮੀਟਿੰਗ ਵਿੱਚ ਸੜਕ ਨਿਰਮਾਣ, ਸਿੱਖਿਆ, ਸਿਹਤ ਸੇਵਾਵਾਂ, ਸੀਵਰੇਜ, ਸਫਾਈ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਹੋਰ ਪਿੰਡੂ ਵਿਕਾਸ ਨਾਲ ਜੁੜੇ ਮੁੱਦਿਆਂ 'ਤੇ ਖਾਸ ਧਿਆਨ ਦਿੱਤਾ ਗਿਆ। ਡਾ. ਈਸ਼ਾਂਕ ਨੇ ਕਿਹਾ ਕਿ ਵਿਕਾਸ ਕਾਰਜ ਸਿਰਫ ਅੰਕੜਿਆਂ ਤੱਕ ਸੀਮਿਤ ਨਹੀਂ ਹੋਣੇ ਚਾਹੀਦੇ, ਸਗੋਂ ਇਹਨਾਂ ਦਾ ਅਸਰ ਜ਼ਮੀਨੀ ਪੱਧਰ 'ਤੇ ਨਜ਼ਰ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਨਾਲ ਸਿੱਧਾ ਜੁੜ ਕੇ ਉਹਨਾਂ ਦੀਆਂ ਅਸਲ ਲੋੜਾਂ ਨੂੰ ਸਮਝਣ ਅਤੇ ਉਹਨਾਂ ਨੂੰ ਯੋਜਨਾਵਾਂ ਵਿੱਚ ਸ਼ਾਮਲ ਕਰਨ।

## ਹੁਣ ਪੰਜਾਬ 'ਚ 112 ਡਾਇਲ ਕਰਕੇ ਕੀਤੀ ਜਾ ਸਕਦੀ ਹੈ ਸਾਈਬਰ ਫਰਾਡ ਦੀ ਰਿਪੋਰਟ

**ਚੰਡੀਗੜ੍ਹ (ਗੁਰਜੀਤ ਬਿੱਲਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਸੋਚ ਅਨੁਸਾਰ ਐਮਰਜੈਂਸੀ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਅਤੇ ਕੁਸ਼ਲ ਬਣਾਉਣ ਦੇ ਮੱਦੇਨਜ਼ਰ ਇੱਕ ਮਹੱਤਵਪੂਰਨ ਕਦਮ ਤਹਿਤ ਪੰਜਾਬ ਪੁਲਸ ਨੇ ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ (ਐਨ ਐਚ ਏ ਆਈ) ਹੈਲਪਲਾਈਨ 1033 ਅਤੇ ਸਾਈਬਰ ਕ੍ਰਾਈਮ ਹੈਲਪਲਾਈਨ 1930 ਨੂੰ ਏਕੀਕ੍ਰਿਤ ਕਰਕੇ ਹੁਣ ਡਾਇਲ 112 ਨਾਲ ਜੋੜ ਦਿੱਤਾ ਹੈ। ਪੰਜਾਬ ਦੀ ਇਸ ਏਕੀਕ੍ਰਿਤ ਸੰਕਟਕਾਲੀ ਪ੍ਰਤੀਕਿਰਿਆ ਪ੍ਰਣਾਲੀ ਰਾਹੀਂ ਹੁਣ ਨਾਗਰਿਕ ਹਾਈਵੇ ਹਾਦਸਿਆਂ ਅਤੇ ਹੋਰ ਵਾਹਨਾਂ ਸਬੰਧੀ ਹੋਰ ਦਿੱਕਤਾਂ ਦੇ ਨਾਲ-ਨਾਲ ਵਿੱਤੀ ਧੋਖਾਧੜੀ ਅਤੇ ਸਾਈਬਰ ਅਪਰਾਧਾਂ ਦੀ ਰਿਪੋਰਟ ਹੁਣ ਸਿਰਫ਼ 112 ਡਾਇਲ ਕਰਕੇ ਕਰ ਸਕਦੇ ਹਨ।ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਹੇਠ ਲਾਗੂ ਕੀਤੀ ਗਈ ਇਹ ਪਹਿਲਕਦਮੀ, ਇੱਕ ਸਿੰਗਲ-ਵਿੰਡੋ ਪਲੈਟਫਾਰਮ ਤਹਿਤ ਕਈ ਮਹੱਤਵਪੂਰਨ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਫੌਰੀ ਸਹਾਇਤਾ ਉਪਲਬਧ ਕਰਵਾਉਣ ਲਈ ਆਸਾਨ ਪਹੁੰਚ ਨੂੰ ਯਕੀਨੀ ਬਣਾਉਂਦੀ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਨਾਗਰਿਕਾਂ ਨੂੰ ਧੋਖਾਧੜੀ ਜਾਂ ਸੜਕ ਹਾਦਸੇ ਦੀ ਰਿਪੋਰਟ ਕਰਨ ਲਈ ਖਾਸ ਹੈਲਪਲਾਈਨ ਨੰਬਰਾਂ 'ਤੇ ਕਾਲ ਕਰਨੀ ਪੈਂਦੀ ਸੀ, ਜਿਸ ਨਾਲ ਉਨ੍ਹਾਂ ਲਈ ਵੱਖ-ਵੱਖ ਹੈਲਪਲਾਈਨ ਨੰਬਰ ਯਾਦ ਰੱਖਣਾ ਔਖਾ ਸੀ। ਹੁਣ ਤੱਕ 112 ਹੈਲਪਲਾਈਨ ਦੀ ਵਰਤੋਂ ਸਿਰਫ਼ ਰਾਜ ਭਰ ਵਿੱਚ ਹੋ ਰਹੇ ਵੱਖ-ਵੱਖ ਅਪਰਾਧਾਂ ਦੀ ਰਿਪੋਰਟ ਕਰਨ ਲਈ ਕੀਤੀ ਜਾਂਦੀ ਸੀ। ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਸ (ਸਪੈਸ਼ਲ ਡੀ ਜੀ ਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ , ਹੁਣ, ਭਾਵੇਂ ਤੁਸੀਂ ਹਾਈਵੇਅ 'ਤੇ ਕਿਸੇ ਮੁਸੀਬਤ ਵਿੱਚ ਫਸੇ ਹੋਏ ਹੋ ਜਾਂ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੋ, ਸਿਰਫ 112 'ਤੇ ਇੱਕ ਕਾਲ ਨਾਲ ਹੀ ਤੁਹਾਡਾ ਮਸਲਾ ਹੱਲ ਹੋ ਜਾਵੇਗਾ। ਸਪੈਸ਼ਲ ਡੀਜਪੀ , ਜੋ ਡਾਇਲ 112 ਦੀ ਸਿੱਧੀ ਨਿਗਰਾਨੀ ਕਰ ਰਹੇ ਹਨ, ਨੇ ਕਿਹਾ ਕਿ ਇਸ ਉਪਰਾਲੇ ਨਾਲ ਤੁਹਾਡੇ ਕੇਸ 'ਤੇ ਤੁਰੰਤ ਕਾਰਵਾਈ ਸ਼ੁਰੂ ਹੋ ਜਾਵੇਗੀ, ਡੁਪਲੀਕੇਸ਼ਨ ਅਤੇ ਦੇਰੀ ਬਹੁਤ ਹੱਦ ਤੱਕ ਖਤਮ ਹੋ ਜਾਵੇਗੀ । ਉਨ੍ਹਾਂ ਦੱਸਿਆ ਕਿ 112 ਜਾਂ 1033 'ਤੇ ਡਾਇਲ ਕਰਨ ਵਾਲੀਆਂ ਸਾਰੀਆਂ ਹਾਈਵੇਅ ਡਿਸਟਰੈਸ ਕਾਲਾਂ ਹੁਣ ਪੁਲਸ ਸਰੋਤਾਂ ਅਤੇ ਐਨ ਐਚ ਏ ਆਈ ਦੋਵਾਂ ਨਾਲ ਜੋੜ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ, ਸਾਈਬਰ ਅਪਰਾਧ ਦੇ ਪੀੜਤ 112 ਜਾਂ 1930 'ਤੇ ਡਾਇਲ ਕਰ ਸਕਦੇ ਹਨ, ਜਿੱਥੇ ਡਾਇਲ 112 ਕੰਟਰੋਲ ਰੂਮ 'ਤੇ ਤਾਇਨਾਤ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਸਾਈਬਰ ਡਿਸਪੈਚਰ ਦੁਆਰਾ ਉਨ੍ਹਾਂ ਦੀਆਂ ਸ਼ਿਕਾਇਤਾਂ ਸਿੱਧੇ ਤੌਰ 'ਤੇ ਰਾਸ਼ਟਰੀ ਸਾਈਬਰ ਅਪਰਾਧ ਪੋਰਟਲ ਵਿੱਚ ਦਰਜ ਕੀਤੀਆਂ ਜਾਂਦੀਆਂ ਹਨ।

## ਵਿਦਿਆਰਥਣਾਂ ਨੇ ਜੈਵਲਿਨ ਤੇ ਸ਼ਾਰਟਪੁਟ 'ਚ ਗੋਲਡ ਮੈਡਲ ਜਿੱਤ ਕੇ ਕੀਤਾ ਸਕੂਲ ਦਾ ਨਾਂਅ ਰੌਸ਼ਨ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਜੋਨਲ ਟੂਰਨਾਮੈਂਟ ਵਿੱਚ ਜੈਵਲੀਨ ਤੇ ਸ਼ਾਰਟਪੁਟ ਅੰਡਰ 17 ਅਤੇ ਅੰਡਰ 19 ਵਿੱਚ ਸੈਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਭੋਗਪੁਰ ਦੀਆਂ ਵਿਦਿਆਰਥਣਾਂ ਵੱਲੋਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਗਈ। ਇਹ ਜੋਨਲ ਮੈਚ ਡੱਲੀ ਸਟੇਡੀਅਮ ਵਿੱਚ ਹੋਇਆ। ਜਿਸ ਵਿੱਚ ਬਹੁਤ ਸਾਰੇ ਸਕੂਲ ਦੀਆਂ ਵਿਦਿਆਰਥਣਾਂ ਨੇ ਹਿੱਸਾ ਲਿਆ। ਵਿਦਿਆਰਥਣਾਂ ਨੇ ਜੈਵਲਿਨ ਅਤੇ ਸ਼ਾਰਟਪੁਟ ਵਿੱਚ ਗੋਲਡ ਮੈਡਲ ਅਤੇ ਸਿਲਵਰ



ਮੈਡਲ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਅੰਡਰ 19 ਜੈਵਲੀਨ ਥਰੋ ਵਿੱਚ ਤਰਨਪ੍ਰੀਤ ਕੌਰ ਅਤੇ ਸਾਰਟ ਪੁੱਟ ਵਿੱਚ ਸੁਭਲੀਨ ਕੌਰ ਨੇ ਗੋਲਡ ਮੈਡਲ ਹਾਸਲ ਕੀਤਾ। ਅੰਡਰ 17 ਜੈਵਲਿਨ ਥਰੋ ਵਿੱਚ ਰਣਵੀਰ ਨਿਜਰ ਨੇ ਸਿਲਵਰ ਮੈਡਲ ਅਤੇ ਸ਼ਾਰਟਪੁੱਟ ਵਿੱਚ ਜਗਤ ਕੌਰ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ। ਪ੍ਰਿੰਸੀਪਲ ਅਮਰੀਕ ਸਿੰਘ ਮਿਨਹਾਸ ਇਸ ਸ਼ਾਨਦਾਰ ਜਿੱਤ ਤੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਅਜਿਹਾ ਹੀ ਪ੍ਰਦਰਸਨ ਕਰਨ ਦੀ ਪ੍ਰੇਰਨਾ ਦਿੱਤੀ।

## ਐੱਸ ਡੀ ਐੱਮ ਨੇ ਵਧੀਆ ਕਾਰਗੁਜ਼ਾਰੀ ਲਈ ਸਰਵੇਅਰਾਂ ਦਾ ਕੀਤਾ ਸਨਮਾਨ

**ਬਲਾਚੌਰ (ਜਸਵਿੰਦਰ ਬੈਂਸ)**- ਸਬ ਡਵੀਜ਼ਨ ਬਲਾਚੌਰ 'ਚ ਚੱਲ ਰਹੇ 'ਡਿਜੀਟਲ ਕ੍ਰੌਪ ਸਰਵੇ' ਦੇ ਕੰਮ ਨੂੰ ਵਧੀਆ ਤੇ ਸੁਚਾਰੂ ਢੰਗ ਨਾਲ ਕਰਨ ਵਾਲੇ ਸਰਵੇਅਰਾਂ ਨਰਿੰਦਰ ਚੌਧਰੀ, ਹਰਦੀਪ ਸਿੰਘ ਅਤੇ ਰਘਵੀਰ ਸਿੰਘ ਨੂੰ ਉਹਨਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਅੱਜ ਬਲਾਚੌਰ ਦੇ ਐੱਸ.ਡੀ. ਐੱਮ. ਕਰਿਤਿਕਾ ਗੋਇਲ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਐੱਸ.ਡੀ. ਐੱਮ. ਕਰਿਤਿਕਾ ਗੋਇਲ ਨੇ ਪ੍ਰੈੱਸ ਨਾਲ ਗਲਬਾਤ ਕਰਦਿਆਂ ਦੱਸਿਆ ਕਿ ਡਿਜੀਟਲ ਕ੍ਰੌਪ ਸਰਵੇ ਦਾ ਕੰਮ 15 ਸਤੰਬਰ ਤੱਕ ਚੱਲੇਗਾ। ਬਲਾਚੌਰ ਸਬ-ਡਵੀਜ਼ਨ ਅਧੀਨ ਪੈਂਦੇ ਪਿੰਡਾਂ ਦੇ ਨੌਜਵਾਨ ਜੋ ਇਸ ਸਰਵੇ ਦੇ ਕੰਮ ਕਰਨ ਦੇ ਇੱਛੁਕ ਹੋਣ, ਉਹਨਾਂ ਦੀ



ਵਿੱਦਿਅਕ ਯੋਗਤਾ ਬਾਰ੍ਹਵੀਂ ਪਾਸ ਹੋਵੇ ਤੇ ਉਹਨਾਂ ਕੋਲ ਐਂਡਰਾਇਡ ਮੋਬਾਇਲ ਫੋਨ ਹੋਵੇ, ਉਹ ਤਹਿਸੀਲ ਦਫ਼ਤਰ ਵਿਖੇ ਪੁਹੰਚ ਕੇ ਏ.ਐੱਸ.ਐੱਮ. ਅਮਨਦੀਪ ਸਿੰਘ ਨੂੰ ਮਿਲ ਸਕਦੇ ਹਨ। ਸਰਵੇਅਰ ਨੂੰ ਸਰਕਾਰ ਵਲੋਂ ਬਣਦਾ ਮਾਣ-ਭੱਤਾ ਵੀ ਦਿੱਤਾ ਜਾਵੇਗਾ। ਇਸ ਮੌਕੇ ਏ.ਐੱਸ.ਐੱਮ. ਅਮਨਦੀਪ ਸਿੰਘ ਸਮੇਤ ਹੋਰ ਕਰਮਚਾਰੀ ਹਾਜ਼ਰ ਸਨ।

## ਮਰਨ ਉਪਰੰਤ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦੇਣ ਸੰਬੰਧੀ ਪ੍ਰਣ ਪੱਤਰ ਭਰੇ



**ਬੰਗਾ (ਅਵਤਾਰ ਕਲੇਰ)**- ਰਾਮ ਲਾਲ ਅਤੇ ਤੀਰਥ ਰਾਮ ਪਿੰਡ ਕਮਾਮ ਨੇ ਮਰਨ ਉਪਰੰਤ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਦੇਣ ਸੰਬੰਧੀ ਪ੍ਰਣ ਪੱਤਰ ਭਰੇ ਗਏ। ਇਹ ਫੈਸਲਾ ਉਹਨਾਂ ਮਾਸਟਰ ਟੋਡਰ ਮੱਲ, ਮਨੋਹਰ ਲਾਲ ਸਾਬਕਾ ਸਰਪੰਚ ਤੇ ਜਗਦੀਸ਼ ਸਿੰਘ ਸਾਬਕਾ ਸਰਪੰਚ ਦੀ ਪ੍ਰੇਰਨਾ ਸਦਕਾ ਲਿਆ। ਪ੍ਰਣ ਪੱਤਰ ਤਰਕਸ਼ੀਲ ਸੁਸਾਇਟੀ ਜੋਨ ਨਵਾਂਸ਼ਹਿਰ ਦੇ ਜਥੇਬੰਦਕ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ,ਜੋਨ ਵਿੱਤ ਮੁਖੀ ਸੁਖਵਿੰਦਰ ਗੋਗਾ ਅਤੇ ਬੰਗਾ ਇਕਾਈ ਦੇ ਆਗੂ ਰੂਬੀ ਬੰਗਾ ਦੁਆਰਾ ਪਿਮਸ ਮੈਡੀਕਲ ਕਾਲਜ ਅਤੇ ਹਸਪਤਾਲ ਜਲੰਧਰ ਲਈ ਭਰੇ ਗਏ। ਇਸ ਮੌਕੇ ਰਾਮ ਲਾਲ ਦੀਆਂ ਨੂੰਹਾਂ ਰਾਜ ਰਾਣੀ ਅਤੇ ਸੁਖਵਿੰਦਰ ਕੌਰ ਮੌਜੂਦ ਸਨ। ਉਹਨਾਂ ਦੇ ਦੋਨੋਂ ਪੁੱਤਰ ਵਿਦੇਸ਼ ਰੋਟੀ ਰੋਜ਼ੀ ਕਮਾਉਣ ਲਈ ਗਏ ਹੋਏ ਹਨ। ਰਾਮ ਲਾਲ ਦੇ ਇਸ ਫੈਸਲੇ ਨਾਲ ਪੁੱਤਰਾਂ ਅਤੇ ਨੂੰਹਾਂ ਨੇ ਪੂਰਨ ਸਹਿਮਤੀ ਪ੍ਰਗਟ ਕੀਤੀ। ਤੀਰਥ ਰਾਮ ਦੀ ਪਤਨੀ ਆਸ਼ਾ ਰਾਣੀ ਵੀ ਉਹਨਾਂ ਦੇ ਨਾਲ ਸਨ। ਰਾਮ ਲਾਲ ਅਤੇ ਤੀਰਥ ਰਾਮ ਨੇ ਕਿਹਾ ਕਿ ਇਹ ਫੈਸਲਾ ਅਸੀਂ ਆਪਣੀ ਇੱਛਾ ਅਨੁਸਾਰ ਸੁਚੇਤ ਮਨ ਨਾਲ ਲਿਆ ਹੈ। ਇਸ ਮੌਕੇ ਰਿਟਾ. ਸੂਬੇਦਾਰ ਰਾਕੇਸ਼ ਰਾਮ, ਰਮੇਸ਼ ਕੁਮਾਰ (ਐਲ ਆਈ ਸੀ),ਪੰਚ ਬਲਵੀਰ ਰਾਮ,ਪੰਚ ਨਿਰਮਲ ਕੌਰ,ਪੰਚ ਦਿਲਬਾਗ ਰਾਮ, ਪੰਚ ਕਿਰਨ ਬਾਲਾ,ਪੰਚ ਵੇਦ ਪ੍ਰਕਾਸ਼,ਰਜੀਵ ਦੱਤਾ, ਮਹਿੰਦਰ ਕੌਰ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

## ਪੰਜਾਬ ਸਰਕਾਰ ਨੇ 504 ਪਟਵਾਰੀ ਭਰਤੀ ਕਰਕੇ ਪਾਰਦਰਸ਼ੀ ਤੇ ਜਵਾਬਦੇਹ ਸੇਵਾਵਾਂ ਪ੍ਰਦਾਨ ਕਰਨ ਲਈ ਅਹਿਮ ਕਦਮ ਚੁੱਕਿਆ : ਅੰਮ੍ਰਿਤਪਾਲ ਸਿੰਘ

**ਜਲੰਧਰ (ਸੁਰਿੰਦਰ ਕੁਮਾਰ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਸਾਫ਼-ਸੁਥਰੀਆਂ, ਪਾਰਦਰਸ਼ੀ ਅਤੇ ਜਵਾਬਦੇਹ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ 504 ਨਵੇਂ ਭਰਤੀ ਪਟਵਾਰੀਆਂ ਨੂੰ 18 ਮਹੀਨਿਆਂ ਦੀ ਲਾਜ਼ਮੀ ਸਿਖਲਾਈ ਪੂਰੀ ਕਰਨ ਉਪਰੰਤ ਫ਼ੀਲਡ ਵਿੱਚ ਬਤੌਰ ਰੈਗੂਲਰ ਪਟਵਾਰੀ ਤੈਨਾਤ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਲੋਕਾਂ ਨੂੰ ਸਾਫ਼-ਸੁਥਰੀਆਂ, ਪਾਰਦਰਸ਼ੀ ਅਤੇ ਜਵਾਬਦੇਹ ਨਾਗਰਿਕ ਕੇਂਦਰਿਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਇਨ੍ਹਾਂ ਪਟਵਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਉਮੀਦ ਜਤਾਈ ਕਿ ਨੌਜਵਾਨ ਉਮੀਦਵਾਰਾਂ ਦੀ ਭਰਤੀ ਆਉਣ ਵਾਲੇ ਦਿਨਾਂ ਵਿੱਚ ਭ੍ਰਿਸ਼ਟਾਚਾਰ-ਮੁਕਤ ਸਮਾਜ ਦੀ ਸਿਰਜਣਾ ਲਈ ਅਹਿਮ ਸਾਬਤ ਹੋਵੇਗੀ ਅਤੇ ਉੱਚ ਵਿੱਦਿਅਕ ਯੋਗਤਾ ਪਾਸ ਇਨ੍ਹਾਂ ਪਟਵਾਰੀਆਂ ਦੀ ਤਾਇਨਾਤੀ ਨਾਲ ਈਜ਼ੀ ਜਮ੍ਹਾਬੰਦੀ, ਈਜ਼ੀ ਰਜਿਸਟਰੀ ਜਿਹੇ ਸੁਧਾਰਾਂ ਨੂੰ ਹੇਠਲੇ ਪੱਧਰ ਉੱਤੇ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਹੋ ਸਕੇਗੀ। ਚੇਅਰਮੈਨ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਇਨ੍ਹਾਂ ਨਵੇਂ ਭਰਤੀ ਪਟਵਾਰੀਆਂ ਨੂੰ ਟਰੇਨਿੰਗ ਦੌਰਾਨ ਲੈਂਡ ਰਿਕਾਰਡ, ਪੈਮਾਇਸ਼, ਰਿਕਾਰਡ ਦੀ ਤਿਆਰੀ, ਮੁਰੱਬੇਬੰਦੀ, ਖੇਤੀਬਾੜੀ ਅਤੇ ਕੰਪਿਊਟਰ ਵਿਸ਼ਿਆਂ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਵਿਸ਼ਿਆਂ ਵਿਚੋਂ ਇਲੈੱਕਸ਼ਨ ਅਤੇ ਖੇਤੀਬਾੜੀ ਸਬੰਧੀ ਵਿਸ਼ੇਸ਼ ਟਰੇਨਿੰਗ ਦਿੱਤੀ ਗਈ। ਇਲੈੱਕਸ਼ਨ ਵਿਸ਼ੇ ਵਿਚ ਮੁੱਖ ਤੌਰ ਤੇ ਵੋਟਰ ਸੂਚੀਆਂ ਤਿਆਰ ਕਰਨ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਖੇਤੀਬਾੜੀ ਵਿਸ਼ੇ ਵਿੱਚ ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ, ਕੀੜੇਮਾਰ ਦਵਾਈਆਂ, ਖਾਦ ਅਤੇ ਫ਼ਸਲਾਂ ਦੇ ਬੀਜ ਸਬੰਧੀ ਪੂਰਨ ਤੌਰ 'ਤੇ ਜਾਣਕਾਰੀ ਦਿੱਤੀ ਗਈ।

## ਜਲੰਧਰ ਫੋਟੋਗ੍ਰਾਫ਼ਰਜ਼ ਕਲੱਬ ਨੇ ਮਨਾਇਆ ਵਰਲਡ ਫੋਟੋਗ੍ਰਾਫ਼ੀ ਡੇ



**ਸੁਲਤਾਨਪੁਰ ਲੋਧੀ (ਹਨੀ)**- ਜਲੰਧਰ ਫੋਟੋਗ੍ਰਾਫ਼ਰਜ਼ ਕਲੱਬ ਵੱਲੋਂ ਵਰਲਡ ਫੋਟੋਗ੍ਰਾਫੀ ਡੇ ਸਬੰਧੀ ਸਥਾਨਕ ਹੋਟਲ ਵਿਖੇ ਇਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ, ਜਿਸ ਦੀ ਅਗਵਾਈ ਕਲੱਬ ਪ੍ਰਧਾਨ ਸੁਖਵਿੰਦਰ ਸਿੰਘ ਨੰਦਰਾ, ਫਾਉਂਡਰ ਅਰਵਿੰਦਰ ਸਿੰਘ ਚਾਵਲਾ, ਕਮਲਜੀਤ ਸਿੰਘ ਭਾਟੀਆ, ਬ੍ਰਿਜ ਅਰੋੜਾ ਅਤੇ ਸੰਦੀਪ ਤਨੇਜਾ ਵੱਲੋਂ ਕੀਤੀ ਗਈ । ਸਮਾਗਮ ਦਾ ਆਗਾਜ਼ ਕਰਦਿਆਂ ਗਾਇਕ ਨਰਿੰਦਰ ਹਨੀ ਅਤੇ ਸੁਰਿੰਦਰ ਸਿੰਘ ਨੇ ਬਾਲੀਵੁੱਡ ਗੀਤਾਂ ਰਾਹੀਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ । ਸਮਾਗਮ ਦਾ ਸੰਚਾਲਨ ਕੈਸ਼ੀਅਰ ਪਵਨ ਕੁਮਾਰ ਅਤੇ ਪੀ ਆਰ ਓ ਅਮਨ ਕੁਮਾਰ ਨੇ ਕੀਤਾ, ਜਦਕਿ ਮੰਚ ਸੰਚਾਲਨ ਬਲਵੀਰ ਸਿੰਘ ਢੱਡਾ ਵੱਲੋਂ ਕੀਤਾ ਗਿਆ । ਪ੍ਰਧਾਨ ਸੁਖਵਿੰਦਰ ਨੰਦਰਾ ਨੇ ਵਰਲਡ ਫੋਟੋਗ੍ਰਾਫੀ ਡੇ ਦੇ ਮਹੱਤਵ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਕਲੱਬ ਦਾ ਸਲਾਨਾ ਫੰਕਸ਼ਨ ਅਤੇ ਡਾਇਰੀ ਰਿਲੀਜ਼ ਸਮਾਰੋਹ 7 ਸਤੰਬਰ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ । ਕਮਲਜੀਤ ਸਿੰਘ ਭਾਟੀਆ ਅਤੇ ਸੰਦੀਪ ਤਨੇਜਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਪਹੁੰਚੇ ਫੋਟੋਗ੍ਰਾਫਰਾ ਨੂੰ ਵਰਲਡ ਫੋਟੋਗ੍ਰਾਫੀ ਡੇ ਦੀਆਂ ਮੁਬਾਰਕਾਂ ਦਿੱਤੀਆਂ, ਉਪਰੰਤ ਕੇਕ ਕੱਟਿਆ ਗਿਆ । ਇਸ ਦੌਰਾਨ ਸੁਲਤਾਨਪੁਰ ਲੋਧੀ ਫੋਟੋਗ੍ਰਾਫਰ ਕਲੱਬ ਮੈਂਬਰ ਅਤੇ ਮਾਸਟਰ ਕਲੱਬ ਦੇ ਪ੍ਰਧਾਨ ਹਰਵਿੰਦਰ ਸਿੰਘ ਜੱਬਲ ਵੀ ਹਾਜ਼ਰ ਸਨ । ਇਸ ਮੌਕੇ ਗਿਆਨ ਵਰਮਾ, ਗੁਰਸ਼ਰਨਜੀਤ ਸਿੰਘ, ਰਾਜ, ਹਰਿੰਦਰ ਸ਼ਰਮਾ, ਜਗਦੀਸ਼, ਜੱਸ, ਰਾਹੁਲ ਅਰੋੜਾ, ਸੁਰਜੀਤ ਸਿੰਘ, ਸੁਰਿੰਦਰ ਸਿੰਘ, ਪਰਵੀਨ ਮਹਾਜਨ, ਮਨਜੀਤ ਸਿੰਘ, ਅਨੂਪ ਤਨੇਜਾ, ਸੰਜੀਵ ਸਚਦੇਵਾ, ਗੁਲਸ਼ਨ, ਪਵਨ ਕੁਮਾਰ, ਜਸਪਾਲ, ਮਹਿੰਦਰ ਪਾਲ, ਵਿਜੇ ਭਾਟੀਆ, ਕੁਲਦੀਪ ਸਿੰਘ, ਰਮਨ ਮਦਾਨ, ਤਜਿੰਦਰ ਕੁਮਾਰ ਆਦਿ ਹਾਜ਼ਰ ਸਨ ।

## ਪੁਲਸ ਨੇ ਭਾਜਪਾ ਦੇ ਜਾਗਰੂਕਤਾ ਕੈਂਪ ਕਰਵਾਏ ਬੰਦ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਰਕਰਾਂ ਵੱਲੋਂ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਬਾਰੇ ਜਾਗਰੂਕ ਕਰਨ ਲਈ ਲਗਾਏ ਗਏ ਕੈਂਪਾਂ 'ਤੇ ਪੁਲਿਸ ਨੇ ਅਚਾਨਕ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਜ਼ਬਰਦਸਤੀ ਬੰਦ ਕਰਵਾ ਦਿੱਤਾ। ਕੈਂਪਾਂ ਵਿੱਚ ਮੌਜੂਦ ਭਾਜਪਾ ਦੇ ਵਰਕਰ ਵੀ ਹਿਰਾਸਤ ਵਿੱਚ ਲੈ ਲਏ ਗਏ। ਇਸ ਕਾਰਵਾਈ ਨਾਲ ਭਾਜਪਾ ਵਰਕਰਾਂ ਵਿੱਚ ਗਹਿਰਾ ਰੋਸ ਫੈਲ ਗਿਆ ਹੈ। ਭਾਜਪਾ ਨੇਤਾਵਾਂ ਦਾ ਕਹਿਣਾ ਹੈ ਕਿ ਇਹ ਕੈਂਪ ਸਿਰਫ਼ ਲੋਕਾਂ ਨੂੰ ਜਾਣਕਾਰੀ ਦੇਣ ਅਤੇ ਉਨ੍ਹਾਂ ਤੱਕ ਸਰਕਾਰੀ ਯੋਜਨਾਵਾਂ ਦੇ ਲਾਭ ਪਹੁੰਚਾਉਣ ਲਈ ਲਗਾਏ ਗਏ ਸਨ, ਪਰ ਪੁਲਸ ਨੇ ਉਨ੍ਹਾਂ ਨੂੰ ਰੋਕ ਦਿੱਤਾ।

## ਮਨੋਹਰ ਬੈਂਸ ਸਾਥੀਆਂ ਸਮੇਤ ਆਪ 'ਚ ਸ਼ਾਮਲ

**ਕਾਲਾ ਸੰਘਿਆਂ (ਮਨਜੀਤ ਮਾਨ)**- ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਹੇਰਾਂ ਦੇ ਉੱਘੇ ਸਮਾਜ ਸੇਵਕ ਤੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਐਸ ਸੀ ਵਿੰਗ ਪੰਜਾਬ ਦੇ ਵਾਇਸ ਪ੍ਰਧਾਨ



ਮਨੋਹਰ ਬੈਂਸ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਆਪਣੇ ਸੈਂਕੜੇ ਸਾਥੀਆਂ ਸਮੇਤ ਹਲਕਾ ਨਕੋਦਰ ਦੀ ਵਿਧਾਇਕਾ ਬੀਬੀ ਇੰਦਰਜੀਤ ਕੌਰ ਮਾਨ ਦੀ ਅਗਵਾਈ ਹੇਠ ਆਪ ਵਿੱਚ ਸ਼ਾਮਿਲ ਹੋ ਗਏ ਹਨ। ਇਸ ਮੌਕੇ ਬੀਬੀ ਇੰਦਰਜੀਤ ਕੌਰ ਮਾਨ ਵੱਲੋਂ ਦੁਆਬੇ ਦੇ ਜਰਨੈਲ ਮਨੋਹਰ ਬੈਂਸ ਦਾ ਆਪ ਵਿੱਚ ਸ਼ਾਮਿਲ ਹੋਣ ਤੇ ਭਰਵਾਂ ਸਵਾਗਤ ਕੀਤਾ। ਵਿਧਾਇਕਾ ਬੀਬੀ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਮਨੋਹਰ ਬੈਂਸ ਦੇ ਆਪ ਵਿੱਚ ਸ਼ਾਮਿਲ ਹੋਣ ਨਾਲ ਆਪ ਪਾਰਟੀ ਨੂੰ ਹੋਰ ਬਲ ਮਿਲੇਗਾ ਤੇ ਆਪ ਪਾਰਟੀ ਹੋਰ ਮਜ਼ਬੂਤ ਹੋਵੇਗੀ ਉਨ੍ਹਾਂ ਕਿਹਾ ਪਾਰਟੀ ਵਿੱਚ ਸ੍ਰੀ ਮਨੋਹਰ ਬੈਂਸ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

## ਦੋ ਮੋਟਰਸਾਈਕਲ ਸਵਾਰ ਖੜ੍ਹੇ ਵਾਹਨ ਨਾਲ ਟਕਰਾਉਣ ਕਾਰਨ ਬੁਰੀ ਤਰ੍ਹਾਂ ਜ਼ਖਮੀ

**ਫਿਲੌਰ (ਨਿਰਮਲ)**- ਫਿਲੌਰ ਗੋਰਾਇਆ ਵਿਚਕਾਰ ਪਿੰਡ ਭੱਟੀਆਂ ਨੇੜੇ ਸਿਕਸ ਲੇਨ 'ਤੇ ਇੱਕ ਸੀਮੈਂਟ ਬਜਰੀ ਰਲਾਉਣ ਵਾਲਾ ਵਾਹਨ ਖੜ੍ਹਾ ਸੀ ਤਾਂ ਪਿੱਛੋਂ ਇੱਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਦੋ ਵਿਅਕਤੀ ਆ ਰਹੇ ਸਨ ਜੋ ਖੜ੍ਹੇ ਵਾਹਨ ਵਿੱਚ ਜ਼ੋਰ ਨਾਲ ਵੱਜੇ। ਦੋਵੇਂ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਮੌਕੇ 'ਤੇ ਸੜਕ ਸੁਰੱਖਿਆ ਫੋਰਸ ਦੇ ਥਾਣੇਦਾਰ ਜਸਵਿੰਦਰ ਸਿੰਘ ਅਤੇ ਸਰਬਜੀਤ ਸਿੰਘ ਸਾਥੀਆਂ ਨਾਲ ਪੁੱਜੇ ਤੇ ਜ਼ਖਮੀਆਂ ਨੂੰ ਸਿਵਲ ਹਸਪਤਾਲ ਫਿਲੌਰ ਪਹੁੰਚਾਇਆ। ਇਕ ਜ਼ਖਮੀ ਦੀ ਹਾਲਤ ਗੰਭੀਰ ਹੋਣ ਕਾਰਨ ਜਲੰਧਰ ਰੈਫਰ ਕਰ ਦਿੱਤਾ। ਸੜਕ ਕਿਨਾਰੇ ਖੜ੍ਹੇ ਵਾਹਨ ਤੇ ਚਾਲਕ ਨੂੰ ਫਿਲੌਰ ਪੁਲਸ ਨੇ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

## ਸੰਤੋਸ਼ ਕਟਾਰੀਆ ਦੀ ਹਾਜ਼ਰੀ 'ਚ ਸਰਬਜੀਤ ਸਾਬੀ ਤੇ ਸਤਪਾਲ ਲੰਬੜਦਾਰ ਨੇ ਸਾਥੀਆਂ ਸਮੇਤ ਫੜਿਆ ਆਪ ਦਾ ਪੱਲਾ



**ਬਲਾਚੌਰ (ਜਸਵਿੰਦਰ ਬੈਂਸ)**- ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਤੇ ਹਲਕਾ ਵਿਧਾਇਕ ਸ੍ਰੀਮਤੀ ਸੰਤੋਸ਼ ਕਟਾਰੀਆ ਦੀ ਅਗਵਾਈ ਵਿੱਚ ਪਿੰਡ ਖੋਜਾ ਬੇਟ ਦੇ ਸਰਬਜੀਤ ਸਾਬੀ ਅਤੇ ਸਤਪਾਲ ਲੰਬੜਦਾਰ ਆਦਿ ਨੇ ਸਾਥੀਆ ਸਮੇਤ 'ਆਪ' 'ਚ ਸ਼ਾਮਲ ਹੋਏ। ਇਸ ਮੌਕੇ ਬੀਬੀ ਸੰਤੋਸ਼ ਕਟਾਰੀਆ ਨੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਪ 'ਚ ਆਏ ਸਾਰੇ ਸਮਰਥਕਾਂ ਦਾ ਨਿੱਘਾ ਸਵਾਗਤ ਮਫਲਰ ਪਾ ਕੇ ਕੀਤਾ। ਸੰਤੋਸ਼ ਕਟਾਰੀਆ ਨੇ ਕਿਹਾ ਕਿ ਸ਼ਾਮਲ ਹੋਏ ਸਾਰੇ ਸਾਥੀਆਂ ਨੂੰ ਪਾਰਟੀ ਵਿੱਚ ਬਣਦਾ ਮਾਨ ਸਤਿਕਾਰ ਦਿੱਤਾ ਜਾਵੇਗਾ। ਕਟਾਰੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਵਲੰਟੀਅਰ ਤੱਕ ਦੇ ਪਾਰਟੀ ਦੇ ਆਗੂਆਂ ਨੂੰ ਹਲਕੇ ਦੀ ਸੇਵਾ ਕਰਨ ਦਾ ਮੌਕਾ ਦਿੰਦੀ ਹੈ। ਉਨ੍ਹਾਂ ਨੇ ਕਿਹਾ ਕਿ ਪਾਰਟੀ ਵਿੱਚ ਨਵੇਂ ਸ਼ਾਮਲ ਹੋਏ ਪਰਵਾਰ ਵੱਲੋਂ ਪਾਰਟੀ ਵੱਲੋਂ ਬਣਦਾ ਹਰ ਪ੍ਰਕਾਰ ਦਾ ਮਾਣ ਸਤਿਕਾਰ ਕੀਤਾ ਜਾਵੇਗਾ। ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਸ਼ਾਮਲ ਹੋਏ ਸਾਥੀਆਂ ਦਾ ਸੁਆਗਤ ਕੀਤਾ। ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਬਲਾਕ ਪ੍ਰਧਾਨ ਰਨਵੀਰ ਸਿੰਘ ਜੱਟਪੁਰ, ਸਰਪੰਚ ਸੰਤੋਖ ਸਿੰਘ (ਸ਼ਿਵਾਲਿਕ), ਕਰਨੈਲ ਸਿੰਘ ਹੀਰ ਜੱਟਪੁਰ, ਮਨਦੀਪ ਕੁਮਾਰ ਜੱਟਪੁਰ, ਅਵਤਾਰ ਸਿੰਘ ਲਾਡੀ, ਪੰਚ ਜੋਗਿੰਦਰ ਕੌਰ, ਸਰਬਜੀਤ ਸਾਬੀ, ਸਤਪਾਲ ਲੰਬੜਦਾਰ ਹਰਭਜਨ ਲਾਲ, ਸਵਰਨ ਸਿੰਘ, ਗੁਰਮੀਤ ਰਾਮ, ਬਲਵਿੰਦਰ ਸਿੰਘ, ਬਲਵੰਤ ਸਿੰਘ ,ਸੰਤੋਖ ਸਿੰਘ, ਸਤਪਾਲ ਸਿੰਘ, ਮੇਜਰ ਸਿੰਘ, ਰਾਮ ਜੀ, ਰਾਮਦਾਸ, ਲਛਮਣ ਸਿੰਘ ,ਰਤਨ ਸਿੰਘ, ਬਲਵੀਰ ਲਾਲ, ਸੋਹਨ ਲਾਲ, ਜਸ਼ਪਾਲ ਸਿੰਘ ,ਗੁਰਮੁਖ ਸਿੰਘ, ਗਿਆਨ ਸਿੰਘ, ਸਰਬਜੀਤ ਕੌਰ ,ਹਰਭਜਨ ਕੌਰ, ਅਮਨਦੀਪ ਕੌਰ, ਪੂਜਾ ਰਾਣੀ, ਗੁਰਬਖਸ਼ ਕੌਰ, ਅਮਨਦੀਪ ਕੌਰ, ਪੂਜਾ ਰਾਣੀ, ਸਦਲੀ, ਗੁਰਮੀਤ ਕੌਰ ਤ੍ਰਿਪਤਾ ਦੇਵੀ, ਰਾਜ ਰਾਣੀ , ਪਰਮਜੀਤ ਕੌਰ, ਰੇਨੂ, ਮਹਿੰਦਰ ਕੌਰ ਆਦਿ ਪਿੰਡ ਵਾਸੀ ਅਤੇ ਪਾਰਟੀ ਵਲੰਟੀਅਰ ਹਾਜ਼ਰ ਸਨ।

## ਕਾਂਗਰਸ ਪਾਰਟੀ ਹਸਪਤਾਲਾਂ, ਡਾਕਟਰਾਂ ਤੇ ਕਾਰੋਬਾਰੀਆਂ ਲਈ ਵਿਸ਼ੇਸ਼ ਸੁਰੱਖਿਆ ਯੋਜਨਾ ਦੀ ਮੰਗ ਕਰੇਗੀ : ਪਰਗਟ ਸਿੰਘ

**ਜਲੰਧਰ (ਰਾਜੇਸ਼ ਥਾਪਾ, ਸ਼ੈਲੀ ਐਲਬਰਟ)** ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਵਿਧਾਇਕ ਪਦਮਸ਼੍ਰੀ ਪਰਗਟ ਸਿੰਘ ਜਲੰਧਰ ਦੇ ਕਿਡਨੀ ਹਸਪਤਾਲ ਵਿੱਚ ਪ੍ਰਸਿੱਧ ਕਿਡਨੀ ਰੋਗ ਮਾਹਰ ਡਾ. ਰਾਹੁਲ ਸੂਦ ਨੂੰ ਮਿਲਣ ਗਏ, ਜੋ ਕਿ ਅਗਵਾ ਦੀ ਅਸਫਲ ਕੋਸ਼ਿਸ਼ ਤੋਂ ਬਾਅਦ ਗੋਲੀ ਲੱਗਣ ਨਾਲ ਜ਼ਖਮੀ ਹੋ ਗਏ ਸਨ।ਉੱਥੇ ਉਨ੍ਹਾਂ ਡਾ. ਰਾਹੁਲ ਸੂਦ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਇਲਾਜ ਕਰ ਰਹੇ ਡਾਕਟਰਾਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਡਾਕਟਰ ਸੁਰੱਖਿਅਤ ਨਹੀਂ ਹਨ ਤਾਂ ਪੰਜਾਬ ਦਾ ਕੋਈ ਵੀ ਨਾਗਰਿਕ ਕਿਵੇਂ ਸੁਰੱਖਿਅਤ ਰਹਿ ਸਕਦਾ ਹੈ।ਉਨ੍ਹਾਂ ਆਮ ਆਦਮੀ ਪਾਰਟੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਡਾ. ਰਾਹੁਲ ਸੂਦ 'ਤੇ ਹਮਲਾ ਕਰਨ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।ਤਾਂ ਜੋ ਭਵਿੱਖ ਵਿੱਚ ਅਪਰਾਧੀ ਅਜਿਹਾ ਕਰਨ ਦੀ



ਹਿੰਮਤ ਨਾ ਕਰ ਸਕਣ।ਪਰਗਟ ਸਿੰਘ ਨੇ ਡਾਕਟਰ ਭਾਈਚਾਰੇ ਨਾਲ ਇਕਜੁੱਟਤਾ ਪ੍ਰਗਟ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਜੀਵਨਦਾਤਾਵਾਂ ਦੀ ਰੱਖਿਆ ਕਰਨ ਵਿੱਚ ਅਸਫਲ ਰਹੀ ਹੈ।ਹਸਪਤਾਲ ਇਲਾਜ ਲਈ ਹਨ, ਡਰ ਫੈਲਾਉਣ ਲਈ ਨਹੀਂ।ਜੇਕਰ ਡਾਕਟਰ ਅਤੇ ਮਰੀਜ਼ ਹਸਪਤਾਲ ਦੀਆਂ ਕੰਧਾਂ ਦੇ ਅੰਦਰ ਵੀ ਸੁਰੱਖਿਅਤ ਮਹਿਸੂਸ ਨਹੀਂ ਕਰ ਸਕਦੇ, ਤਾਂ ਸਰਕਾਰ ਦਾ ਕੀ ਫਾਇਦਾ ? ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਹੋਏ ਕਤਲ, ਜਬਰਦਸਤੀ ਅਤੇ ਦਿਨ-ਦਿਹਾੜੇ ਹੋਏ ਹਮਲੇ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੇ ਪੂਰੀ ਤਰ੍ਹਾਂ ਟੁੱਟਣ ਦਾ ਸਬੂਤ ਹਨ।ਜਦੋਂ ਡਾਕਟਰ ਡਰ ਦੇ ਪਰਛਾਵੇਂ ਵਿੱਚ ਰਹਿ ਰਹੇ ਹਨ, ਤਾਂ ਆਮ ਲੋਕ ਆਪਣੇ ਘਰਾਂ, ਬਾਜ਼ਾਰਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਕਿਵੇਂ ਸੁਰੱਖਿਅਤ ਮਹਿਸੂਸ ਕਰ ਸਕਦੇ ਹਨ ? ਪਰਗਟ ਸਿੰਘ ਨੇ ਭਰੋਸਾ ਦਿੱਤਾ ਕਿ ਕਾਂਗਰਸ ਪਾਰਟੀ ਹਸਪਤਾਲਾਂ, ਡਾਕਟਰਾਂ ਅਤੇ ਵਪਾਰੀਆਂ ਲਈ ਵਿਸ਼ੇਸ਼ ਸੁਰੱਖਿਆ ਯੋਜਨਾ ਦੀ ਮੰਗ ਕਰੇਗੀ।ਇਸ ਮੁੱਦੇ ਨੂੰ ਪੰਜਾਬ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜੀਵਨ ਦੀ ਸੁਰੱਖਿਆ ਕਿਸੇ ਵੀ ਸਰਕਾਰ ਦਾ ਪਹਿਲਾ ਫਰਜ਼ ਹੈ। ਮੁੱਖ ਮੰਤਰੀ ਮਾਨ ਨੂੰ ਹੁਣੇ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ, ਨਹੀਂ ਤਾਂ ਪੰਜਾਬ ਡੂੰਘੇ ਸੰਕਟ ਵਿੱਚ ਚਲਾ ਜਾਵਗਾ।

## ਐਲ ਪੀ ਯੂ ਦੇ ਨਵੇਂ ਵਿਦਿਆਰਥੀਆਂ ਨਾਲ ਅਦਾਕਾਰਾ ਗੀਤਾ ਬਸਰਾ ਤੇ ਅਦਾਕਾਰ ਰਾਜ ਕੁੰਦਰਾ ਨੇ ਕੀਤੀ ਗੱਲਬਾਤ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤਾੜੀਆਂ ਦੀ ਗੂੰਜ ਨਾਲ ਭਰ ਗਿਆ ਜਿਵੇਂ ਹੀ ਬਾਲੀਵੁੱਡ ਅਦਾਕਾਰਾ ਗੀਤਾ ਬਸਰਾ ਅਤੇ ਭਾਰਤੀ ਅਦਾਕਾਰ ਰਾਜ ਕੁੰਦਰਾ ਸਟੇਜ 'ਤੇ ਆਏ। ਐਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਅਤੇ ਵਾਈਸ



ਚਾਂਸਲਰ ਡਾ. ਜਸਪਾਲ ਸਿੰਘ ਸੰਧੂ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦਾ ਸਨਮਾਨ ਕੀਤਾ। ਦੋਵਾਂ ਨੇ ਨੌਜਵਾਨ ਦਰਸ਼ਕਾਂ ਨਾਲ ਗੱਲਬਾਤ ਕੀਤੀ, ਉਤਸ਼ਾਹ ਦੇ ਸ਼ਬਦ ਕਹੇ ਅਤੇ ਪੂਰੇ ਦਿਲ ਨਾਲ ਪ੍ਰੋਗਰਾਮ ਵਿੱਚ ਸ਼ਾਮਲ ਹੋਏ।ਗੀਤਾ ਬਸਰਾ ਨੇ ਵਿਦਿਆਰਥੀਆਂ, ਖਾਸ ਕਰਕੇ ਨੌਜਵਾਨ ਔਰਤਾਂ ਨੂੰ ਨਿਡਰ ਹੋ ਕੇ ਮੰਜ਼ਲ ਨੂੰ ਹਾਸਲ ਕਰਨ ਅਤੇ ਆਪਣੀਆਂ ਇੱਛਾਵਾਂ ਦੇ ਰਾਹ ਵਿੱਚ ਕਿਸੇ ਵੀ ਚੀਜ਼ ਨੂੰ ਨਾ ਆਉਣ ਦੇਣ ਦੀ ਅਪੀਲ ਕੀਤੀ। ਰਾਜ ਕੁੰਦਰਾ ਨੇ ਵੀ ਇਸੇ ਭਾਵਨਾ ਨੂੰ ਦੁਹਰਾਇਆ ਅਤੇ ਉਨ੍ਹਾਂ ਨੂੰ ਯਾਦ ਦਿਵਾਇਆ ਕਿ ਵਿਕਾਸ ਦੀ ਕੋਈ ਸੀਮਾ ਨਹੀਂ ਹੈ। ਇਸ ਮੌਕੇ ਉਨ੍ਹਾਂ ਦੀ ਆਉਣ ਵਾਲੀ ਫਿਲਮ ਮੇਹਰ ਦਾ ਟ੍ਰੇਲਰ ਵੀ ਦਿਖਾਇਆ ਗਿਆ ।

## ਸ੍ਰੀ ਗੁਰੂ ਰਵਿਦਾਸ ਮੰਦਰ ਨੂੰ ਨੁਕਸਾਨ ਪਹੁੰਚਾਉਣ ਦਾ ਨਿੰਦਾ

**ਹੁਸ਼ਿਆਰਪੁਰ (ਓ ਪੀ ਰਾਣਾ, ਬੀ ਐਸ ਸੈਣੀ)**- ਪਿੰਡ ਧਲੇਤਾ (ਗੁਰਾਇਆਂ) ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਨੂੰ ਨੁਕਸਾਨ ਪਹੁੰਚਾਉਣ ਅਤੇ ਸੰਗਤਾਂ ਨੂੰ ਬਿਨਾਂ ਕਾਰਨ ਪ੍ਰੇਸ਼ਾਨ ਕਰਨ ਦੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਅਤੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨੇ ਇਸ ਘਟਨਾ ਦੀ ਸਖਤ ਨਿੰਦਿਆ ਕਰਦਿਆਂ ਜਲਦ ਇੰਨਸਾਫ ਲਈ ਚੇਤਾਵਨੀ ਦਿੰਦਿਆਂ



ਕਿਹਾ ਕਿ ਸੰਗਤਾਂ ਦੇ ਮਾਨ ਸਨਮਾਨ ਨੂੰ ਠੇਸ ਨਹੀਂ ਪਹੁੰਚਣ ਦਿੱਤੀ ਜਾਵੇਗੀ। ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਅਤੇ ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਨੇ ਕਿਹਾ ਕਿ ਸੰਗਤਾਂ ਗੁਰੂ ਘਰਾਂ ਦੇ ਧਾਰਮਿਕ ਮਸਲੇ ਰਲ ਮਿਲ ਕੇ ਬੈਠ ਕੇ ਹੱਲ ਕਰਿਆ ਕਰਨ ਤਾਂ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਅਸਥਾਨਾਂ ਦੀ ਮਾਨ ਮਰਿਯਾਦਾ ਕਾਇਮ ਰਹੇ। ਉਨਾਂ ਕਿਹਾ ਸ੍ਰੀ ਗੁਰੂ ਰਵਿਦਾਸ ਮੰਦਿਰ ਪਿੰਡ ਧਲੇਤੇ 'ਚ ਗੁਰੂ ਘਰ ਤੇ ਕੀਤੇ ਗਏ ਹਮਲੇ, ਗੁਰੂ ਘਰ ਦੀਆਂ ਦੀਵਾਰਾਂ ਜੋ ਢਹਿ ਢੇਰੀ ਕੀਤੀਆਂ ਗਈਆਂ ਹਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਤੇ ਆਦਿ ਧਰਮ ਮਿਸ਼ਨ ਇਸ ਘਟਨਾ ਦੀ ਸਖਤ ਨਿੰਦਾ ਕਰਦੇ ਹਨ ਅਤੇ ਸਰਕਾਰ ਨੂੰ ਗਲਤ ਅਨਸਰਾਂ ਖਿਲਾਫ ਕਾਨੂੰਨ ਅਨੁਸਾਰ ਸਖਤ ਕਰਵਾਈ ਦੀ ਮੰਗ ਕਰਦੇ ਹਨ।

## ਸੀ-ਪਾਈਟ ਦੇਵੇਗਾ ਬੀ ਐਸ ਐਫ 'ਚ ਟਰੇਡਸਮੈਨ ਦੀ ਭਰਤੀ ਲਈ ਟ੍ਰੇਨਿੰਗ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)**: ਸੀ-ਪਾਈਟ ਕੈਂਪ ਨਵਾਂਸ਼ਹਿਰ ਦੇ ਟ੍ਰੇਨਿੰਗ ਅਧਿਕਾਰੀ ਸੂਬੇਦਾਰ ਤਜਿੰਦਰ ਸਿੰਘ ਨੇ ਦੱਸਿਆ ਕਿ ਬੀ.ਐਸ.ਐਫ ਵਿਚ ਟਰੇਡਸਮੈਨ ਦੀਆਂ ਵੱਖ-ਵੱਖ 3406 ਅਸਾਮੀਆਂ ਲਈ ਸਿੱਧੀ ਭਰਤੀ ਕੀਤੀ ਜਾਵੇਗੀ ਜਿਸ ਲਈ ਬੀ.ਐਸ.ਐਫ ਦੀ ਵੈਬਸਾਈਟ 'ਤੇ 23 ਅਗਸਤ 2025 ਤੱਕ ਅਪਲਾਈ ਕਰ ਸਕਦੇ ਹਨ । ਇਹਨਾਂ ਅਸਾਮੀਆਂ ਦੀ ਟ੍ਰੇਨਿੰਗ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਦੇ ਯੁਵਕ ਸੀ-ਪਾਈਟ ਕੈਂਪ ਨਵਾਂਸ਼ਹਿਰ ਵਿਖੇ ਆ ਸਕਦੇ ਹਨ ।ਇਨ੍ਹਾਂ ਅਸਾਮੀਆਂ ਦੀ ਭਰਤੀ ਲਈ ਉਮਰ 18 ਤੋਂ 25 ਸਾਲ ਅਤੇ ਐਸ.ਸੀ / ਬੀ.ਸੀ ਕੈਟਾਗਰੀ ਦੇ ਯੁਵਕਾਂ ਲਈ ਛੂਟ ਹੈ । ਵਿਦਿਅਕ ਯੋਗਤਾ ਦਸਵੀਂ ਪਾਸ ਅਤੇ ਵੱਖ-ਵੱਖ ਅਸਾਮੀਆਂ ਸਬੰਧੀ ਆਈ.ਟੀ.ਆਈ ਤੋਂ ਡਿਪਲੋਮਾ ਪਾਸ ਆਦਿ ਹੈ । ਟ੍ਰੇਨਿੰਗ ਅਧਿਕਾਰੀ ਸੂਬੇਦਾਰ ਤਜਿੰਦਰ ਸਿੰਘ ਨੇ ਦੱਸਿਆ ਕਿ ਕੈਂਪ ਵਿਚ ਸਿਖਲਾਈ ਦੌਰਾਨ ਨੌਜਵਾਨਾਂ ਨੂੰ ਰਿਹਾਇਸ਼ ਅਤੇ ਖਾਣਾ ਬਿਲਕੁਲ ਮੁਫਤ ਦਿੱਤਾ ਜਾਵੇਗਾ । ਚਾਹਵਾਨ ਨੌਜਵਾਨ ਕੈਂਪ ਵਿਖੇ ਵੱਖ-ਵੱਖ ਅਸਾਮੀਆਂ ਸਬੰਧੀ ਦਸਤਾਵੇਜ ਦੀ ਕਾਪੀ ਆਦਿ ਲੈ ਕੇ ਸਵੇਰ 09 .00 ਵਜੇ ਤੋਂ ਬਾਅਦ ਰਿਪੋਰਟ ਕਰ ਸਕਦੇ ਹਨ । ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 90415-58978 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਾਲ ਦੇ ਜਾਲ ਤੋਂ ਛੁਟਕਾਰਾ ਪਾਉਣ ਲਈ ਨਾਮ ਸਿਮਰਨ ਕਰਨਾ ਜ਼ਰੂਰੀ : ਬਾਬਾ ਸ਼ੇਰ ਸਿੰਘ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਇਹ ਮਨੁੱਖੀ ਜਨਮ ਬੜੇ ਹੀ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ ਜਿਸ ਵਿੱਚ ਇਨਸਾਨ ਪ੍ਰਭੂ ਭਗਤੀ ਕਰਕੇ ਪ੍ਰਭੂ ਦੇ ਚਰਨਾਂ ਨਾਲ ਜੁੜ ਸਕਦਾ ਹੈ, ਪਰ ਮਨੁੱਖ ਆਪਣਾ ਅਸਲੀ ਮੰਤਵ ਛੱਡ ਕੇ ਦੁਨੀਆ ਦੇ ਮੋਹ ਜਾਲ ਵਿੱਚ ਫਸ ਕੇ ਚੰਗੇ ਮਾੜੇ ਕਰਮ ਕਰਦਾ ਹੋਇਆ ਸਿਰਫ ਮਾਇਆ ਇਕੱਠੀ ਕਰਨ ਵਿੱਚ ਹੀ ਲੱਗਿਆ ਹੋਇਆ ਹੈ। ਇਹ ਇਨਸਾਨੀ ਜਾਮਾ ਗੁਜ਼ਾਰਨ ਲਈ ਪ੍ਰਾਪਤ ਨਹੀਂ ਹੋਇਆ, ਇਹ ਤਾਂ 84 ਦੇ ਗੇੜ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਹੀ ਪ੍ਰਾਪਤ ਹੋਇਆ ਹੈ, ਇਸ ਲਈ ਦੁਨਿਆਵੀ ਕੰਮ ਕਰਦੇ ਹੋਏ ਪ੍ਰਭੂ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਇਸ ਆਵਾਗਮ ਦੇ ਚੱਕਰਾਂ ਤੋਂ ਹਮੇਸ਼ਾ ਲਈ ਛੁਟਕਾਰਾ ਮਿਲ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਿਰ ਪਾਕ ਸੱਚੀ ਦਰਗਾਹ ਅਤੇ ਦੂਜੇ ਕਲੀਅਰ ਸਰੀਫ ਅਹੀਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ 'ਚ ਹਾਜ਼ਰ ਸੰਗਤ ਨੂੰ ਗੁਰੂ ਚਰਨਾਂ ਦੇ ਨਾਲ ਜੋੜਦੇ ਹੋਏ ਦਰਗਾਹ ਦੇ ਗੱਦੀ ਨਸ਼ੀਨ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲਿਆਂ ਨੇ ਕਿਹਾ ਕਿ ਦੁਨੀਆ ਵਿੱਚ ਭਾਵੇਂ ਕੋਈ ਗਰੀਬ ਹੈ ਭਾਵੇਂ ਅਮੀਰ, ਇਹ ਸਭ ਕਾਲ ਦਾ ਜੇਲ੍ਹ ਖਾਨਾ ਹੈ ਅਤੇ ਜਦੋਂ ਤੱਕ ਅਸੀਂ ਇੱਕ ਪੂਰਨ ਸਤਿਗੁਰੂ ਨੂੰ ਆਪਣੇ ਜੀਵਨ ਵਿੱਚ ਧਾਰ ਕੇ ਉਸ ਦੇ ਦਰਸਾਏ ਮਾਰਗ 'ਤੇ ਚੱਲਦੇ ਹੋਏ ਪ੍ਰਭੂ ਦਾ ਨਾਮ ਸਿਮਰਨ ਰੂਪੀ ਖਜ਼ਾਨਾ ਇਕੱਠਾ ਨਹੀਂ ਕਰਦੇ ਉਦੋਂ ਤੱਕ



ਕਾਲ ਦੀ ਇਸ ਜੇਲ੍ਹ ਤੋਂ ਕਦੇ ਵੀ ਛੁਟਕਾਰਾ ਨਹੀਂ ਪਾ ਸਕਦੇ। ਉਨ੍ਹਾਂ ਕਿਹਾ ਕਿ ਕਾਲ ਤਾਂ ਇਨਸਾਨ ਨੂੰ ਮੋਹ ਮਾਇਆ ਦੇ ਜੰਜਾਲ ਵਿੱਚ ਫਸਾਉਣ ਦੇ ਹਰ ਸੰਭਵ ਯਤਨ ਕਰਦਾ ਹੈ ਤਾਂ ਜੋ ਆਤਮਾ ਇਸ ਪ੍ਰਾਣੀ ਰੂਪੀ ਪਿੰਜਰੇ ਤੋਂ ਕਦੇ ਵੀ ਛੁਟਕਾਰਾ ਨਾ ਪਾ ਸਕੇ ਅਤੇ ਆਤਮਾ ਦੇ ਨਿਜ ਘਰ ਸਤਲੋਕ ਦਾ ਉਸ ਨੂੰ ਕਦੇ ਵੀ ਪਤਾ ਨਾ ਚੱਲ ਸਕੇ। ਦਰਗਾਹ 'ਚ ਲੱਗੇ ਕ੍ਰਿਸ਼ਮਈ ਨਲਕੇ ਦਾ ਜਲ ਲੈਣ ਲਈ ਸਾਰਾ ਦਿਨ ਸੰਗਤ ਦਾ ਤਾਂਤਾ ਲੱਗਿਆ ਰਿਹਾ ਤੇ ਦਰਬਾਰ 'ਚ ਅਟੁੱਟ ਲੰਗਰ ਚੱਲਦਾ ਰਿਹਾ।


## ਕੇਡਰ ਕੈਂਪ 6, 7 ਸਤੰਬਰ ਨੂੰ : ਡਾ. ਜੱਖੂ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਜੈ ਭੀਮ ਯੂਨਾਈਟਿਡ ਵਾਇਸ ਆਫ਼ ਪੰਜਾਬ ਦੇ ਜਥੇਬੰਦੀ ਦੇ ਮੁੱਖ ਜਥੇਬੰਦਕ ਸਕੱਤਰ ਸ੍ਰ. ਗੁਰਚਰਨ ਸਿੰਘ ਉੱਪਲ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਦੱਸਿਆ ਕਿ ਜਥੇਬੰਦੀ ਦੇ ਪ੍ਰਧਾਨ ਡਾਕਟਰ ਹਰਜਿੰਦਰ ਸਿੰਘ ਜੱਖੂ ਦੀ ਪ੍ਰਵਾਨਗੀ ਨਾਲ ਸੈਂਟਰਲ ਕਮੇਟੀ ਮੈਂਬਰ ਅਸ਼ਵਨੀ ਬਘਾਣੀਆ ਨੂੰ ਜ਼ਿਲ੍ਹਾ ਕਪੂਰਥਲਾ ਸ਼ਹਿਰੀ ਦਾ ਜਿਲ੍ਹਾ ਪ੍ਰਧਾਨ ਨਿਯੁੱਕਤ ਕੀਤਾ ਗਿਆ ਹੈ। ਅੰਬੇਡਕਰਵਾਦੀ ਪਰਸ਼ੋਤਮ ਖੇੜਾ ਨੂੰ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਅਤੇ ਨੌਜਵਾਨ ਆਗੂ ਜੱਸੀ ਕੋਟਰਾਣੀ ਨੂੰ ਜ਼ਿਲ੍ਹਾ ਜਨਰਲ ਸਕੱਤਰ



ਨਿਯੁਕਤ ਕਰਨ ਦਾ ਫੈਸਲਾ ਕੀਤਾ। ਉੱਪਲ ਨੇ ਇਹ ਵੀ ਦੱਸਿਆ ਕਿ ਜ਼ਿਲ੍ਹਾ ਪੱਧਰ ਤੇ ਸ਼ਹਿਰੀ ਅਤੇ ਦਿਹਾਤੀ ਇਕਾਈਆਂ ਵੱਖ-ਵੱਖ ਬਣਨਗੀਆਂ। ਇਸ ਮੌਕੇ ਡਾਕਟਰ ਹਰਜਿੰਦਰ ਸਿੰਘ ਜੱਖੂ ਨੇ ਦੱਸਿਆ ਕਿ ਸਮਾਜਿਕ ਜਥੇਬੰਦੀ ਵਲੋਂ ਪਹਿਲਾ ਕੈਡਰ ਕੈਂਪ ਮਿਤੀ 6 ਤੇ 7 ਸਤੰਬਰ ਨੂੰ ਡਾ.ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਲਗਾਇਆ ਜਾ ਰਿਹਾ ਹੈ।

## ਸਮਰਾਲਾ ਜੇਤੂ ਰੈਲੀ ਤੇ ਕਿਸਾਨ ਮਹਾਂ ਪੰਚਾਇਤ ਦੀ ਤਿਆਰੀ ਸੰਬੰਧੀ ਮੀਟਿੰਗਾਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਜ਼ਿਲ੍ਹਾ ਟੀਮ ਵੱਲੋਂ ਨਿਹਾਲ ਸਿੰਘ ਮਾਣੂੰਕੇ ਜ਼ਿਲ੍ਹਾ ਪ੍ਰਧਾਨ, ਮੇਜਰ ਸਿੰਘ ਘੋਲੀਆ ਬਲਾਕ ਪ੍ਰਧਾਨ, ਰਾਜਾ ਮਾਣੂੰਕੇ ਜ਼ਿਲ੍ਹਾ ਮੀਤ ਪ੍ਰਧਾਨ, ਚਰਨਪ੍ਰੀਤ ਸਿੰਘ ਝਰਾੜ ਜ਼ਿਲ੍ਹਾ ਅਨੁਸ਼ਾਸਨੀ ਕਮੇਟੀ ਮੈਂਬਰ ਦੀ ਅਗਵਾਈ ਹੇਠ 24 ਅਗਸਤ ਨੂੰ ਸਮਰਾਲਾ ਵਿਖੇ ਐੱਸ ਕੇ ਐੱਮ ਡੀ ਦੀ ਅਗਵਾਈ ਹੇਠ ਹੋ ਰਹੀ ਵਿਸ਼ਾਲ ਜੇਤੂ ਰੈਲੀ/ਕਿਸਾਨ ਮਹਾ ਪੰਚਾਇਤ ਦੀ ਤਿਆਰੀ ਸੰਬੰਧੀ ਚੁਗਾਵਾਂ, ਰੌਲੀ, ਤਲਵੰਡੀ ਭਾਂਗੇਰੀਆ ਤੇ ਬੁੱਧੀਪੁਰ ਦਾ ਤੂਫ਼ਾਨੀ ਦੌਰਾ ਕੀਤਾ ਗਿਆ ਅਤੇ ਇਨ੍ਹਾਂ ਪਿੰਡਾਂ ਵਿੱਚ ਕਿਸਾਨਾਂ ਤੇ ਹੋਰ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਮਾਣੂੰਕੇ ਵੱਲੋਂ ਇਸ ਜੇਤੂ ਰੈਲੀ/ਮਹਾ ਪੰਚਾਇਤ ਵਿੱਚ ਪੰਜਾਬੀਆਂ ਨੂੰ ਵੱਧ ਤੋਂ ਵੱਧ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਤਾਂ ਜੋ ਭਵਿੱਖ ਵਿੱਚ ਵੀ ਸਰਕਾਰਾਂ ਦੀਆਂ ਪੰਜਾਬ ਵਿਰੋਧੀ ਨੀਤੀਆਂ ਦਾ ਵਿਰੋਧ ਕੀਤਾ ਜਾ ਸਕੇ।ਮੋਗਾ ਜ਼ਿਲ੍ਹੇ ਦੇ ਸਮੂਹ ਵਰਕਰ ਬੁੱਧੀਪੁਰਾ ਚੌਕ ਵਿਖੇ ਸਵੇਰੇ 9:30 ਵਜੇ ਇਕੱਠੇ ਹੋਣਗੇ।ਇਨ੍ਹਾਂ ਪਿੰਡਾਂ ਦੇ ਮੋਹਤਬਰਾਂ ਵੱਲੋਂ ਜਥੇਬੰਦੀ ਨੂੰ ਇਸ ਜੇਤੂ ਰੈਲੀ ਵਿੱਚ ਵੱਡੇ ਇਕੱਠ ਦੇ ਰੂਪ ਵਿੱਚ ਸ਼ਾਮਲ ਹੋਣ ਦਾ ਭਰੋਸਾ ਦਿੱਤਾ ਗਿਆ।

## ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਜਰਗੜੀ ਇਕਾਈ ਦੀ ਚੋਣ



**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਪਿੰਡ ਜਰਗੜੀ ਵਿਖੇ ਬਲਾਕ ਸਕੱਤਰ ਜਸਵੀਰ ਸਿੰਘ ਅਸਗਰੀਪੁਰ ਦੀ ਨਿਗਰਾਨ ਹੇਠ ਮੀਟਿੰਗ ਹੋਈ, ਜਿਸ ਵਿੱਚ ਜ਼ਿਲ੍ਹਾ ਆਗੂ ਸੁਦਾਗਰ ਸਿੰਘ ਘੁਡਾਣੀ ਤੇ ਹਰਜੀਤ ਸਿੰਘ ਘਲੋਟੀ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਮੀਟਿੰਗ 'ਚ ਯੂਨੀਅਨ ਦੇ ਵਿਧਾਨ ਬਾਰੇ ਵਿਆਖਿਆ ਕਰਕੇ ਪਿੰਡ ਇਕਾਈ ਜਰਗੜੀ ਦੀ ਚੋਣ ਕੀਤੀ ਗਈ, ਜਿਸ ਵਿੱਚ ਅਵਤਾਰ ਸਿੰਘ ਤਾਰੀ ਪ੍ਰਧਾਨ, ਮੀਤ ਪ੍ਰਧਾਨ ਅਜਮੇਰ ਸਿੰਘ, ਸਕੱਤਰ ਹਾਕਮ ਸਿੰਘ, ਸਹਾਇਕ ਸਕੱਤਰ ਚਰਨਜੀਤਸਿੰਘ, ਨਛੱਤਰ ਸਿੰਘ ਖ਼ਜ਼ਾਨਚੀ ਤੇ ਦਰਸ਼ਨ ਸਿੰਘ, ਗੁਰਮੇਲ ਸਿੰਘ, ਹਰਮਿੰਦਰ ਸਿੰਘ, ਹਰਪਾਲ ਸਿੰਘ, ਹਰਜੀਤ ਸਿੰਘ, ਹਰਦੇਵ ਸਿੰਘ, ਨਛੱਤਰ ਸਿੰਘ ਤੇ ਸਿਕੰਦਰ ਸਿੰਘ ਮੈਂਬਰ ਚੁਣੇ ਗਏ। ਮੀਟਿੰਗ 'ਚ ਲੈਂਡ ਪੂਲਿੰਗ ਨੀਤੀ ਰੱਦ ਕਰਵਾਉਣ ਲਈ ਲੋਕਾਂ ਦੇ ਭਰਵੇਂ ਸੰਘਰਸ਼ ਦੀ ਸ਼ਲਾਘਾ ਕਰਦਿਆਂ ਆਗੂਆਂ ਨੇ ਐੱਸ ਕੇ ਐੱਮ ਵੱਲੋਂ ਲੈਂਡ ਪੂਲਿੰਗ ਨੀਤੀ ਰੱਦ ਕਰਵਾਉਣ ਲਈ ਜੇਤੂ ਰੈਲੀ, ਜੋ 24 ਅਗਸਤ ਨੂੰ ਸਮਰਾਲੇ ਵਿਖੇ ਹੋ ਰਹੀ, ਵਿੱਚ ਵੱਡੀ ਗਿਣਤੀ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

## ਆਜ਼ਾਦੀ ਘੁਲਾਟੀਏ ਯਾਦਗਾਰੀ ਸਮਾਰਕ ਲੋਕ ਅਰਪਣ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਫਰੀਡਮ ਫਾਈਟਰ ਉੱਤਰਾ ਅਧਿਕਾਰੀ ਸੰਸਥਾ ਪਾਤੜਾਂ ਵੱਲੋਂ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਆਜ਼ਾਦੀ ਘੁਲਾਟੀਆਂ ਦੀ ਸਬ ਡਵੀਜ਼ਨ ਕੰਪਲੈਕਸ ਪਾਤੜਾਂ ਵਿਖੇ ਬਣਾਈ ਗਏ ਯਾਦਗਾਰੀ ਸਮਾਰਕ ਦਾ ਉਦਘਾਟਨ ਐੱਸ ਡੀ ਐੱਮ ਪਾਤੜਾਂ ਅਸ਼ੋਕ ਕੁਮਾਰ ਵੱਲੋਂ ਕੀਤਾ ਗਿਆ।ਸਮਾਗਮ ਵਿੱਚ ਉਚੇਚੇ ਤੌਰ 'ਤੇ ਤਹਿਸੀਲਦਾਰ ਪਾਤੜਾਂ ਸਵਪਨਦੀਪ ਕੌਰ, ਡੀ ਐੱਸ ਪੀ ਇੰਦਰਪਾਲ ਸਿੰਘ ਚੌਹਾਨ, ਸਮਾਜ ਸੇਵਕ ਸੁਖਦੇਵ ਸਿੰਘ ਬੈਲਜੀਅਮ, ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਦੇ ਪ੍ਰਧਾਨ ਕਰਮਜੀਤ ਸਿੰਘ ਕਾਲੇਕਾ, ਗੁਰੂ ਤੇਗ ਬਹਾਦਰ ਸਕੂਲ ਪਾਤੜਾਂ ਵੱਲੋਂ ਗੁਰਵਿੰਦਰ ਸਿੰਘ ਕਾਲੇਕਾ, ਫਰੀਡਮ ਫਾਈਟਰ ਉੱਤਰਾ ਅਧਿਕਾਰੀ ਸੰਸਥਾ ਪਟਿਆਲਾ ਦੇ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਧਨੇਠਾ, ਜ਼ਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਖੁਰਾਣਾ ਤੇ ਫਰੀਡਮ ਫਾਈਟਰ ਸੰਸਥਾ ਪਾਤੜਾਂ ਵੱਲੋਂ ਆਲ ਇੰਡੀਆ ਕਮੇਟੀ ਮੈਂਬਰ ਬਚਿੱਤਰ ਸਿੰਘ ਢਿੱਲੋਂ, ਹਰਨਾਮ ਸਿੰਘ ਪਾਤੜਾਂ, ਪ੍ਰਧਾਨ ਸਤਿਨਾਮ ਸਿੰਘ ਜੈਖਰ, ਮੀਤ ਪ੍ਰਧਾਨ ਸ਼ਮਸ਼ੇਰ ਸਿੰਘ, ਸੁਰਿੰਦਰ ਸਿੰਘ ਪਾਤੜਾਂ, ਨਗਰ ਕੌਂਸਲ ਦੇ ਪ੍ਰਧਾਨ ਰਣਵੀਰ ਸਿੰਘ, ਮੀਤ ਪ੍ਰਧਾਨ ਪ੍ਰੇਮ ਗੁਪਤਾ ਆਮ ਪਾਰਟੀ ਦੇ ਪ੍ਰਧਾਨ ਮਦਨ ਲਾਲ, ਮਨੁੱਖੀ ਅਧਿਕਾਰ ਦੇ ਚੇਅਰਮੈਨ ਭੀਮ ਚੰਦ, ਬੀਜੇਪੀ ਦੇ ਪ੍ਰਧਾਨ ਰਮੇਸ਼ ਕੁੱਕੂ, ਦੁਰਗਾ ਦਲ ਹਸਪਤਾਲ ਦੇ ਪ੍ਰਧਾਨ ਮਦਨ ਲਾਲ ਨਵਾਬਾਂ, ਦੁਰਗਾ ਦਲ ਦੇ ਡਾਕਟਰ ਪ੍ਰਕਾਸ਼ ਸਿੰਘ ਆਦਿ ਹਾਜ਼ਰ ਸਨ।

## ਉਮਰਸੀਰ ਬਣੇ ਠੇਕੇਦਾਰ ਲੇਬਰ ਯੂਨੀਅਨ ਨੈਸਲੇ ਦੇ ਮੁੜ ਪ੍ਰਧਾਨ




**ਮੋਗਾ (ਇਕਬਾਲ ਸਿੰਘ ਖਹਿਰਾ)**-ਠੇਕੇਦਾਰ ਲੇਬਰ ਯੂਨੀਅਨ ਨੈਸਲੇ ਦੇ ਪ੍ਰਧਾਨ ਦੇ ਦੋ ਸਾਲ ਦੇ ਕਾਰਜਕਾਲ ਦੀ ਮੁਨਿਆਦ ਖ਼ਤਮ ਹੋ ਗਈ ਸੀ।ਇਸ ਸਬੰਧ ਵਿੱਚ ਠੇਕੇਦਾਰ ਲੇਬਰ ਯੂਨੀਅਨ ਨੈਸਲੇ ਵੱਲੋਂ ਇੱਕ ਭਰਵੀਂ ਮੀਟਿੰਗ ਰੱਖੀ ਗਈ।ਇਸ ਮੀਟਿੰਗ ਵਿੱਚ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਮੌਕੇ ਠੇਕੇਦਾਰ ਲੇਬਰ ਯੂਨੀਅਨ ਨੈਸਲੇ ਦੇ ਸਮੂਹ ਵਰਕਰਾਂ ਨੇ ਉਮਰਸੀਰ ਸਿੰਘ ਸੀਰਾ ਨੂੰ ਸਰਬਸੰਮਤੀ ਨਾਲ ਦੂਸਰੀ ਵਾਰ ਪ੍ਰਧਾਨ ਚੁਣ ਲਿਆ।ਇਸ ਮੌਕੇ ਵਿਜੇ ਧੀਰ ਨੇ ਕਿਹਾ ਕਿ ਕਿਸੇ ਵੀ ਸੰਗਠਨ ਨੂੰ ਕਾਮਯਾਬ ਕਰਨ ਲਈ ਤਜਰਬੇਕਾਰ ਸਾਥੀਆਂ ਦਾ ਅਹਿਮ ਯੋਗਦਾਨ ਹੁੰਦਾ ਹੈ।ਇਸ ਮੌਕੇ ਠੇਕੇਦਾਰ ਲੇਬਰ ਯੂਨੀਅਨ ਨੈਸਲੇ ਦੇ ਵਰਕਰਾਂ ਨੂੰ ਉਮਰਸੀਰ ਸਿੰਘ ਸੀਰਾ ਦੇ ਫੁੱਲ ਮਾਲਾਵਾਂ ਪਹਿਨਾ ਕੇ ਤੇ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਸਨਮਾਨਤ ਕੀਤਾ।ਇਸ ਮੌਕੇ ਉਮਰਸੀਰ ਸਿੰਘ ਸੀਰਾ ਨੇ ਵਿਜੇ ਧੀਰ ਐਡਵੋਕੇਟ ਤੇ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨਿਭਾਉਣ ਲਈ ਤਨਦੇਹੀ ਨਾਲ ਕੰਮ ਕਰਨਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਮੰਦਰ ਸਿੰਘ ਵਾਈਸ ਪ੍ਰਧਾਨ, ਲਖਵਿੰਦਰ ਸਿੰਘ ਜਰਨਲ ਸਕੱਤਰ, ਸੁਖਜਿੰਦਰ ਪਾਲ ਸਿੰਘ ਪ੍ਰੈੱਸ ਸਕੱਤਰ, ਪ੍ਰਦੀਪ ਨੰਦਾ ਜੁਆਇੰਟ ਸਕੱਤਰ, ਰਿਕਮਲ ਸਿੰਘ ਮੁੱਖ ਸਲਾਹਕਾਰ, ਜਸਵਿੰਦਰ ਸਿੰਘ ਮੁੱਖ ਸਲਾਹਕਾਰ, ਕੁਲਵੰਤ ਸਿੰਘ ਸਲਾਹਕਾਰ, ਰਜਿੰਦਰ ਸਿੰਘ ਰਿੰਕਾ ਸਲਾਹਕਾਰ, ਮਨਜੀਤ ਸਿੰਘ ਢੋਲੇਵਾਲੀਆ ਸਲਾਹਕਾਰ, ਦੀਪਕ ਕੁਮਾਰ, ਮੁੱਖ ਸਲਾਹਕਾਰ, ਰਿਕਮਲ ਸਿੰਘ, ਰਮਨਦੀਪ ਬੁੱਟਰ, ਗੁਰਜੰਟ ਸਿੰਘ, ਹਰਪ੍ਰੀਤ ਸਿੰਘ ਬਿੱਟੂ, ਕੁਲਦੀਪ ਰਾਜ, ਵਿੱਕੀ ਲਹੌਤਾ, ਰਵਿੰਦਰ ਭਾਊ, ਦਲਜੀਤ ਸਿੰਘ ਗੱਜੂ, ਮਨਪ੍ਰੀਤ ਭਾਊ ਤੇ ਸਮੂਹ ਯੂਨੀਅਨ ਦੇ ਸਮੂਹ ਮੈਂਬਰ ਹਾਜ਼ਰ ਸਨ।

## ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਯੋਗ ਉਮੀਦਵਾਰ ਮੈਦਾਨ 'ਚ ਉਤਾਰਾਂਗੇ : ਢਿੱਲੋਂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਸਬੰਧੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਪੁਲਸ ਜ਼ਿਲ੍ਹਾ ਖੰਨਾ ਦੇ ਪ੍ਰਧਾਨ ਪਰਮਜੀਤ ਸਿੰਘ ਢਿੱਲੋਂ ਤੇ ਖੰਨਾ ਤੋਂ ਮੁੱਖ ਸੇਵਾਦਾਰ ਯਾਦਵਿੰਦਰ ਸਿੰਘ ਯਾਦੂ ਨੇ ਸ਼ਿਰਕਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਅਕਾਲੀ ਦਲ ਵੱਲੋਂ ਹਲਕਾ ਸਮਰਾਲਾ ਤੋਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਯੋਗ ਤੇ ਜਿੱਤਣ ਦੀ ਸਮਰੱਥਾ ਵਾਲੇ ਉਮੀਦਵਾਰ ਹੀ ਮੈਦਾਨ ਵਿੱਚ ਉਤਾਰੇ ਜਾਣਗੇ। ਉਕਤ ਆਗੂਆਂ ਨੇ ਮਾਛੀਵਾੜਾ ਤੇ ਸਮਰਾਲਾ ਬਲਾਕ ਦੇ ਦੋਵੇਂ ਜ਼ੋਨਾਂ ਵਿੱਚ ਉਮੀਦਵਾਰਾਂ ਦੀਆਂ ਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਿੱਚ ਇਨ੍ਹਾਂ ਚੋਣਾਂ ਪ੍ਰਤੀ ਭਾਰੀ ਉਤਸ਼ਾਹ ਹੈ, ਕਿਉਂਕਿ ਮੌਜੂਦਾ ਹਾਲਾਤ ਪਾਰਟੀ ਪੱਖੀ ਹਨ। ਉਨ੍ਹਾਂ ਕਿਹਾ ਕਿ ਲੋਕ ਮੌਜੂਦਾ 'ਆਪ' ਸਰਕਾਰ ਤੋਂ ਬੇਹੱਦ ਖ਼ਫ਼ਾ ਹਨ ਤੇ ਅਕਾਲੀ ਦਲ ਨਾਲ ਜੁੜ ਰਹੇ ਹਨ। ਢਿੱਲੋਂ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਇਨ੍ਹਾਂ ਚੋਣਾਂ ਸਬੰਧੀ ਵੋਟਾਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ 23 ਤੇ 24 ਅਗਸਤ ਨੂੰ ਨਵੇਂ ਵੋਟਰ ਆਪਣੀ ਨਵੀਂ ਵੋਟ ਬਣਾਉਣ ਤਾਂ ਜੋ ਲੋਕਤੰਤਰਿਕ ਢੰਗ ਨਾਲ ਵੋਟਾਂ ਦਾ ਕੰਮ ਸਫ਼ਲ ਹੋ ਸਕੇ। ਢਿੱਲੋਂ ਨੇ ਕਿਹਾ ਕਿ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਅਕਾਲੀ ਦਲ ਦੀ ਜਿੱਤ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਦਾ ਮੁੱਢ ਬੰਨ੍ਹੇਗੀ। ਇਸ ਮੌਕੇ ਜਥੇਦਾਰ ਹਰਜੀਤ ਸਿੰਘ ਸ਼ੇਰੀਆਂ, ਅਕਾਲੀ ਆਗੂ ਹਰਜਤਿੰਦਰ ਸਿੰਘ ਬਾਜਵਾ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਜਗਦੀਪ ਸਿੰਘ ਬੌਬ ਮੌਜੂਦ ਸਨ।

## ਵਿਦਿਆਰਥੀਆਂ ਦੀ ਸ਼ਤਰੰਜ ਮੁਕਾਬਲੇ 'ਚ ਸ਼ਾਨਦਾਰ ਜਿੱਤ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਗੁਥਮੜਾ (ਦੇਵੀਗੜ੍ਹ) ਦੇ ਖਿਡਾਰੀਆਂ ਨੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ 18 ਅਗਸਤ ਨੂੰ ਡਾ. ਬੀ. ਐੱਸ. ਸੰਧੂ ਮੈਮੋਰੀਅਲ ਸਕੂਲ, ਜੁਲਾਹਖੇੜੀ ਵਿਖੇ ਕਰਵਾਈ ਗਈ 69ਵੀਂ ਗਰਮ ਰੁੱਤ ਜ਼ੋਨਲ ਸਕੂਲ ਪੱਧਰੀ ਖੇਡਾਂ (ਸ਼ਤਰੰਜ) ਵਿੱਚ ਕਾਬਲ-ਏ-ਤਾਰੀਫ਼ ਪ੍ਰਦਰਸ਼ਨ ਕੀਤਾ। ਅੰਡਰ-19 ਸ਼ਤਰੰਜ ਮੁਕਾਬਲੇ 'ਚ ਸਕੂਲ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਤੇ ਖੇਤਰ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੇ ਪ੍ਰੈਜ਼ੀਡੈਂਟ ਮੈਡਮ ਰਵਿੰਦਰ ਕੌਰ, ਡਾਇਰੈਕਟਰ ਭੁਪਿੰਦਰ ਸਿੰਘ, ਪ੍ਰਿੰਸੀਪਲ ਮੈਡਮ ਮਮਤਾ ਮੱਕੜ ਤੇ ਕੋਚ ਹਰਦੀਪ ਕੁਮਾਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਉਪਲਬਧੀ 'ਤੇ ਮੁਬਾਰਕਬਾਦ ਦਿੱਤੀ ਤੇ ਭਵਿੱਖ ਵਿੱਚ ਹੋਣ ਵਾਲੀਆਂ ਰਾਜ ਅਤੇ ਰਾਸ਼ਟਰੀ ਪੱਧਰੀ ਖੇਡਾਂ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ। ਇਹ ਉਪਲਬਧੀ ਵਿਦਿਆਰਥੀਆਂ ਦੀ ਮਿਹਨਤ ਤੇ ਲਗਨ ਦਾ ਨਤੀਜਾ ਹੈ।

# ਠੇਕਾ ਮੁਲਾਜ਼ਮਾਂ ਵੱਲੋਂ ਪਾਤੜਾਂ 'ਚ ਅਰਥੀ ਫੂਕ ਮੁਜ਼ਾਹਰਾ

**• ਸਬ ਕਮੇਟੀ ਵੱਲੋਂ ਵਾਰ-ਵਾਰ ਮੀਟਿੰਗ ਰੱਦ ਕਰਨ ਤੋਂ ਫੈਲਿਆ ਰੋਸ • ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਕੇ ਸੂਬਾ ਪੱਧਰੀ ਧਰਨਾ ਦਿਆਂਗੇ : ਵਰਿੰਦਰ ਮੋਮੀ**

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਬਣਾਈ ਕੈਬਨਿਟ ਸਬ-ਕਮੇਟੀ ਵੱਲੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗੂਆਂ ਨਾਲ ਰੱਖੀ ਗਈ ਮੀਟਿੰਗ ਨੂੰ ਰੱਦ ਕਰਨ ਦੇ ਰੋਸ ਵਜੋਂ ਸਰਕਾਰ ਦੇ ਪੁਤਲੇ ਫੂਕਣ ਦੇ 'ਮੋਰਚੇ' ਦੇ ਫੈਸਲੇ ਤਹਿਤ ਇਥੇ ਜਲ ਸਪਲਾਈ ਦਫਤਰ ਪਾਤੜਾਂ ਵਿਖੇ ਪੁਤਲਾ ਫੂਕ ਕੇ ਪ੍ਰਦਰਸ਼ਨ ਕੀਤਾ ਗਿਆ।



ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾ ਆਗੂ ਵਰਿੰਦਰ ਸਿੰਘ ਮੋਮੀ, ਹਾਕਮ ਸਿੰਘ ਧਨੇਠਾ ਬ੍ਰਾਂਚ, ਪਾਤੜਾਂ ਤੋਂ ਆਗੂ ਚਿਤਵੰਤ ਸਿੰਘ, ਜਗਦੀਪ ਸਿੰਘ ਗੁਰਵੀਰ ਸਿੰਘ, ਰਾਜਪਾਲ ਖਾਂ ਜਲ ਸਪਲਾਈ, ਸੁਭਾਸ਼ ਚੰਦ ਜਲ ਸਪਲਾਈ ਆਗੂਆਂ ਨੇ ਕਿਹਾ ਕਿ ਆਪ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੇ ਹਰੇਕ ਤਰ੍ਹਾਂ ਦੇ ਠੇਕਾ ਮੁਲਾਜ਼ਮਾਂ ਦੇ ਸਥਾਈ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇਗਾ, ਪਰ ਤ੍ਰਾਸਦੀ ਇਹ ਹੈ ਕਿ ਸਾਢੇ 3 ਸਾਲ ਬੀਤ ਜਾਣ ਦੇ ਬਾਅਦ ਵੀ ਪਿਛਲੀਆਂ ਅਕਾਲੀ-ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਦੀ ਤਰ੍ਹਾਂ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਨਾਲ ਨੰਗਾ-ਚਿੱਟਾ ਧੋਖਾ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਤੇ ਵਿਸ਼ਵ ਵਪਾਰ ਸੰਸਥਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲੋਕਾਂ ਨੂੰ ਸਸਤੀਆਂ ਸੇਵਾਵਾਂ ਦੇਣ ਵਾਲੇ ਸਮੂਹ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ, ਪੰਚਾਇਤੀਕਰਨ ਤੇ ਸਕਾਡਾ ਸਿਸਟਮ ਲਗਾਉਣ ਵਾਲੀਆਂ ਮਾਰੂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਸਮੂਹ ਵਿਭਾਗਾਂ 'ਚ ਲਗਾਤਾਰ ਸੇਵਾਵਾਂ ਦੇ ਰਹੇ ਆਊਟਸੋਰਸ/ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਠੇਕਾ ਮੁਲਾਜ਼ਮਾਂ ਦੀਆਂ 'ਮੰਗਾਂ-ਮਸਲਿਆਂ' ਦਾ ਸਰਕਾਰ ਵੱਲੋਂ ਮੀਟਿੰਗਾਂ ਦਿੱਤੀਆਂ ਜਾਂਦੀਆਂ ਹਨ, ਪਰ ਬਿਨਾਂ ਦੱਸੇ ਅਚਾਨਕ ਜ਼ਰੂਰੀ ਰੁਝੇਵੇਂ ਦੱਸ ਕੇ ਮੀਟਿੰਗ ਨੂੰ ਰੱਦ ਕਰ ਦਿੱਤਾ ਜਾਂਦਾ ਹੈ। ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਠੇਕਾ ਮੁਲਾਜ਼ਮਾਂ ਦੀਆਂ 'ਮੰਗਾਂ' ਦੇ ਹੱਲ ਕਰਨ ਦੇ ਨਾਂਅ ਹੇਠ ਕੈਬਨਿਟ-ਸਬ-ਕਮੇਟੀ ਦਾ ਗਠਨ ਕੀਤਾ ਗਿਆ, ਇਸ ਸਬ-ਕਮੇਟੀ ਨਾਲ ਵੀ ਮੋਰਚੇ ਨੂੰ ਵਾਰ-ਵਾਰ ਮੀਟਿੰਗਾਂ ਦਾ ਲਿਖਤੀ ਰੂਪ ਵਿੱਚ ਸਮਾਂ ਦੇ ਕੇ ਐਨ ਮੌਕੇ 'ਤੇ ਜ਼ਰੂਰੀ ਰੁਝੇਵਿਆਂ ਦੇ ਬਹਾਨੇ ਹੇਠ ਇਹ ਮੀਟਿੰਗਾਂ ਰੱਦ ਕਰਕੇ ਗੱਲਬਾਤ ਕਰਨ ਤੋਂ ਭੱਜ ਰਹੀ ਹੈ। ਠੇਕਾ ਮੁਲਾਜ਼ਮ ਆਗੂਆਂ ਨੇ ਐਲਾਨ ਕੀਤਾ ਕਿ 11 ਸਤੰਬਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਕੋਠੀ ਦਾ ਘਰਾਓ ਕਰਕੇ ਧਰਨਾ ਦੇਣ ਦੇ ਨਾਲ ਨਾਲ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਜੈਕ ਮੈਂਬਰਾਂ ਵੱਲੋਂ ਪਾਰਲੀਮੈਂਟ ਦਾ ਦੌਰਾ, ਸਤਨਾਮ ਸਿੰਘ ਸੰਧੂ ਦੀ ਅਗਵਾਈ ਹੇਠ ਵਫਦ ਨੇ ਰੱਖੇ ਵਿਚਾਰ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**

ਪੰਜਾਬ ਦੀਆਂ ਸਮੂਹ ਯੂਨੀਵਰਸਿਟੀਆਂ ਤੇ ਕਾਲਜਾਂ ਦੀ ਜਥੇਬੰਦੀ ਜੈਕ ਤੇ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ਼ ਪੰਜਾਬ (ਫੈਪ) ਦੇ ਮੈਂਬਰਾਂ ਦੇ ਵਫ਼ਦ ਨੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਦੀ ਅਗਵਾਈ ਹੇਠ ਪਾਰਲੀਮੈਂਟ ਦਾ ਦੌਰਾ ਕੀਤਾ। ਜੈਕ ਤੇ ਫੈਪ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਦੱਸਿਆ ਕਿ ਵੱਖ-ਵੱਖ ਸੰਸਥਾਵਾਂ ਅਤੇ ਸਮਾਜਿਕ ਖੇਤਰ ਵਿੱਚੋਂ 15 ਬੁੱਧੀਜੀਵੀਆਂ ਦੇ ਵਫ਼ਦ ਵੱਲੋਂ ਸ੍ਰੀ ਅਸ਼ੋਕ ਮਿੱਤਲ, ਮੈਂਬਰ ਰਾਜ ਸਭਾ ਨੂੰ ਮਿਲਣ ਉਪਰੰਤ 19 ਅਗਸਤ ਨੂੰ ਰਾਸ਼ਟਰਪਤੀ ਭਵਨ ਦਾ ਦੌਰਾ ਕੀਤਾ। ਵਫ਼ਦ ਸਤਨਾਮ ਸਿੰਘ ਸੰਧੂ ਦੀ ਦਿੱਲੀ ਰਿਹਾਇਸ਼ ਉੱਪਰ ਪਹੁੰਚਿਆ, ਜਿੱਥੇ ਉਨ੍ਹਾਂ ਵੱਲੋਂ ਸਤਨਾਮ ਸਿੰਘ ਸੰਧੂ ਨੂੰ ਲੋਈ ਭੇਟ ਕਰਕੇ ਤੇ ਸਨਮਾਨ ਚਿੰਨ੍ਹ ਦਿੰਦੇ ਹੋਏ ਉਨ੍ਹਾਂ ਦਾ ਸਤਿਕਾਰ ਕੀਤਾ। ਸਮੂਹ ਮੈਂਬਰਾਂ ਵੱਲੋਂ ਖ਼ੁਸ਼ੀ ਪ੍ਰਗਟਾਈ ਗਈ ਕਿ ਇੱਕ ਸੂਝਵਾਨ ਤੇ ਹੋਣਹਾਰ ਵਿਅਕਤੀ ਨੂੰ ਮੈਂਬਰ ਪਾਰਲੀਮੈਂਟ ਵਜੋਂ ਨਿਯੁਕਤ ਕੀਤਾ ਗਿਆ ਹੈ। ਅਗਲੇ ਦਿਨ ਸਤਨਾਮ ਸਿੰਘ ਸੰਧੂ ਵੱਲੋਂ ਵਫ਼ਦ ਨੂੰ ਪਾਰਲੀਮੈਂਟ ਹਾਊਸ ਦਿਖਾਇਆ ਗਿਆ। ਮੈਂਬਰਾਂ ਵੱਲੋਂ ਰਾਜ ਸਭਾ ਦੇ ਪਾਰਲੀਮੈਂਟ ਸ਼ੈਸ਼ਨ ਵਿੱਚ ਹਾਜ਼ਰੀ ਲਵਾਈ। ਉਪਰੰਤ ਵਫਦ ਧਰਮਿੰਦਰ ਪ੍ਰਧਾਨ ਮਨਿਸਟਰ ਆਫ਼ ਐਜੂਕੇਸ਼ਨ ਇੰਡੀਆ ਨਾਲ ਮੁਲਾਕਾਤ ਕੀਤੀ ਗਈ। ਉਨ੍ਹਾਂ ਨੂੰ ਕਾਲਜਾਂ ਤੇ ਸਕੂਲਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਾਉਂਦੇ ਹੋਏ ਮੰਗ ਪੱਤਰ ਦਿੱਤੇ ਗਏ। ਮੀਟਿੰਗ ਉਪਰੰਤ ਵਫ਼ਦ ਸ੍ਰੀ ਜੇ.ਪੀ. ਨੱਢਾ ਯੂਨੀਅਨ ਮਨਿਸਟਰ ਹੈਲਥ ਐਂਡ ਫੈਮਲੀ ਵੈਲਫੇਅਰ ਨੂੰ ਮਿਲਿਆ, ਜਿੱਥੇ ਉਨ੍ਹਾਂ ਨਾਲ ਪੰਜਾਬ ਦੇ ਲੋਕਾਂ ਦੀ ਸਿਹਤ ਅਤੇ ਵਾਤਾਵਰਣ ਸਬੰਧੀ ਖੁੱਲ੍ਹ ਕੇ ਵਿਚਾਰਾਂ ਹੋਈਆਂ। ਵਫ਼ਦ ਵੱਲੋਂ ਚੰਗੇ ਸੁਝਾਅ ਸਾਂਝੇ ਕੀਤੇ ਗਏ ਤੇ ਸ੍ਰੀ ਜੇ.ਪੀ. ਨੱਢਾ ਨੂੰ ਪੰਜਾਬ ਵਿੱਚ ਸਿਹਤ ਅਤੇ ਵਾਤਾਵਰਨ ਸਬੰਧੀ ਰੱਖੇ ਜਾਣ ਵਾਲੇ ਪ੍ਰੋਗਰਾਮ ਵਿੱਚ ਆਉਣ ਦਾ ਸੱਦਾ ਦਿੱਤਾ ਗਿਆ। ਸਤਨਾਮ ਸਿੰਘ ਸੰਧੂ ਵੱਲੋਂ ਇਸ ਲੜੀ ਨੂੰ ਜਾਰੀ ਰੱਖਦਿਆਂ ਅਗਲੀ ਮੁਲਾਕਾਤ ਸ੍ਰੀ ਜਯੰਤ ਚੌਧਰੀ, ਮਿਨਿਸਟਰ ਫਾਰ ਸਕਿਲ ਡਿਵੈਲਪਮੈਂਟ ਨਾਲ ਕਰਾਈ, ਜਿੱਥੇ ਵਫ਼ਦ ਨੇ ਉਨ੍ਹਾਂ ਦਾ ਸਨਮਾਨ ਕਰਨ ਉਪਰੰਤ ਸਕਿਲ ਕੋਰਸਾਂ ਨੂੰ ਸਹੀ ਦਿਸ਼ਾ ਦੇਣ ਲਈ ਆਪਣੇ ਸੁਝਾਅ ਦਿੱਤੇ। ਮਨਿਸਟਰ ਵੱਲੋਂ ਚੰਡੀਗੜ੍ਹ ਆਉਣ ਦਾ ਸੱਦਾ ਕਬੂਲ ਕੀਤਾ ਗਿਆ, ਜਿੱਥੇ ਸਕਿੱਲ ਡਿਵੈਲਪਮੈਂਟ ਲਈ ਵੱਡਾ ਪ੍ਰੋਗਰਾਮ ਉਲੀਕਿਆ ਜਾਣਾ ਹੈ। ਮੁਲਾਕਾਤਾਂ ਦਾ ਸਿਲਸਿਲਾ ਚਲਦਾ ਰਿਹਾ ਜਿੱਥੇ ਵਫ਼ਦ ਦੀਆਂ ਹੋਰ ਵੱਖ-ਵੱਖ ਮੀਟਿੰਗਾਂ ਹੋਈਆਂ।



## ਜੀ ਆਈ ਐੱਮ ਟੀ ਕਾਲਜ 'ਚ 15 ਸਤੰਬਰ ਤੱਕ ਹੋਣਗੇ ਦਾਖਲੇ

**ਬੁਢਲਾਡਾ (ਅਸ਼ੋਕ ਲਾਕੜਾ)**-ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਨਵੀਂ ਦਿੱਲੀ ਵੱਲੋਂ ਕਾਲਜਾਂ ਵਿੱਚ ਦਾਖਲੇ ਦੀ ਆਖਰੀ ਤਾਰੀਖ 15 ਸਤੰਬਰ 2025 ਤੱਕ ਵਧਾ ਦਿੱਤੀ ਗਈ ਹੈ। ਇਹ ਜਾਣਕਾਰੀ ਦਿੰਦੇ ਹੋਏ ਜੀ ਆਈ ਐੱਮ ਟੀ ਕਾਲਜ ਬੁਢਲਾਡਾ ਦੇ ਚੇਅਰਮੈਨ ਡਾ. ਨਵੀਨ ਸਿੰਗਲਾ ਨੇ ਕਿਹਾ ਕਿ ਦਾਖਲੇ ਲਈ ਇੱਛੁਕ ਵਿਦਿਆਰਥੀ ਕਾਲਜ ਵਿੱਚ ਸੰਪਰਕ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕਾਲਜ ਵਿੱਚ ਕੰਪਿਊਟਰ ਸਾਇੰਸ, ਮਲਟੀ ਮੀਡੀਆ, ਵੋਕੇਸ਼ਨਲ, ਫੈਸ਼ਨ ਤੇ ਬਿਊਟੀ ਪਾਰਲਰ ਦੇ ਗਰੈਜੂਏਸ਼ਨ ਕੋਰਸਾਂ ਵਿੱਚ ਕੁਝ ਸੀਟਾਂ ਬਚੀਆਂ ਹੋਈਆਂ ਹਨ। ਇਸ ਤੋਂ ਇਲਾਵਾ ਪੋਲੀਟੈਕਨਿਕ ਡਿਪਲੋਮਾ ਕਰ ਚੁੱਕੇ ਵਿਦਿਆਰਥੀਆਂ ਲਈ ਵੀ ਬੀਸੀਏ ਤੇ ਬੀਐੱਸਸੀ ਆਈਟੀ (ਲੇਟਰ ਐਂਟਰੀ) ਰਾਹੀਂ ਦੂਜੇ ਸਾਲ ਵਿੱਚ ਸਿੱਧਾ ਦਾਖਲਾ ਲੈਣ ਲਈ ਸੀਟਾਂ ਉਪਲਬਧ ਹਨ। ਡਾ. ਸਿੰਗਲਾ ਨੇ ਦੱਸਿਆ ਕਿ ਐੱਸ ਸੀ ਤੇ ਓ ਬੀ ਸੀ ਸ਼੍ਰੇਣੀ ਦੇ ਵਿਦਿਆਰਥੀ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਤਹਿਤ 100% ਤੱਕ ਵਜ਼ੀਫੇ ਦੀ ਸੁਵਿਧਾ ਲੈ ਸਕਦੇ ਹਨ।

## 25 ਨੂੰ ਜੰਤਰ ਮੰਤਰ 'ਚ ਵੱਡਾ ਕਾਫ਼ਲਾ ਪੁੱਜੇਗਾ : ਸੇਖੋਂ


**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਕਿਸਾਨ ਅੰਦੋਲਨ ਦੌਰਾਨ ਕੇਂਦਰ ਸਰਕਾਰ ਤੋਂ ਰਹਿੰਦੀਆਂ ਮੰਗਾਂ ਸਬੰਧੀ 25 ਅਗਸਤ ਨੂੰ ਜੰਤਰ ਮੰਤਰ ਦਿੱਲੀ ਵਿਖੇ ਕੀਤੀ ਜਾ ਰਹੀ ਰੈਲੀ ਵਿੱਚ ਭਾਰੀ ਗਿਣਤੀ 'ਚ ਕਿਸਾਨ ਸ਼ਾਮਲ ਹੋਣਗੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਬਲਾਕ ਸਰਪ੍ਰਸਤ ਕੁਲਦੀਪ ਸਿੰਘ ਸੇਖੋਂ ਨੇ ਦੱਸਿਆ ਕਿ ਕੇਂਦਰ ਸਰਕਾਰ ਤੋਂ ਰਹਿੰਦੀਆਂ ਮੰਗਾਂ, ਜਿਸ ਵਿੱਚ ਐੱਮ.ਐੱਸ.ਪੀ. ਗਾਰੰਟੀ ਕਾਨੂੰਨ, ਸਵਾਮੀਨਾਥਨ ਸੀ 2 ਪਲੱਸ, ਕਿਸਾਨਾਂ ਮਜ਼ਦੂਰਾਂ ਦਾ ਸੰਪੂਰਨ ਕਰਜ਼ਾ ਮੁਆਫ਼ੀ, ਪਿਛਲੇ ਸੰਘਰਸ਼ ਦੌਰਾਨ ਝੂਠੇ ਪਰਚੇ ਰੱਦ ਕਰਨ, ਲਖੀਮਪੁਰ ਖੀਰੀ ਦੇ ਸ਼ਹੀਦਾਂ ਨੂੰ ਇਨਸਾਫ਼ ਤੇ ਅਜੇ ਟੈਨੀ ਸਮੇਤ ਹੋਰ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਹੋਰ ਲੋਕ ਮਾਰੂ ਨੀਤੀਆਂ ਦੇ ਵਿਰੋਧ 'ਚ ਗੂੰਗੀ ਬੋਲੀ ਸਰਕਾਰ ਨੂੰ ਹਲੂਣਾ ਦੇਣ ਅਤੇ ਯਾਦ ਕਰਾਉਣ ਲਈ ਐੱਸ.ਕੇ.ਐੱਮ. ਗੈਰ-ਰਾਜਨੀਤਕ ਭਾਰਤ ਦੇ ਕੋਆਰਡੀਨੇਟਰ ਜਗਜੀਤ ਸਿੰਘ ਡੱਲੇਵਾਲ ਦੇ ਸੱਦੇ 'ਤੇ ਪੂਰੇ ਭਾਰਤ ਦੀਆਂ ਕਿਸਾਨ ਜਥੇਬੰਦੀਆਂ ਤੇ ਕਿਸਾਨ ਇਕ ਦਿਨ ਲਈ ਵੱਡੀ ਗਿਣਤੀ 'ਚ ਦਿੱਲੀ ਪਹੁੰਚਣਗੇ। ਉਨ੍ਹਾਂ ਕਿਸਾਨਾਂ ਨੂੰ ਵੱਧ ਤੋਂ ਵੱਧ ਕਾਫ਼ਲੇ ਬਣਾ ਕੇ ਰੈਲੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਰਵਿੰਦਰ ਨਾਗਰਾ ਪ੍ਰੈੱਸ ਸਕੱਤਰ, ਨਾਹਰ ਸਿੰਘ ਇਕਾਈ ਪ੍ਰਧਾਨ, ਜਸਮੇਰ ਢਿੱਲੋਂ, ਕਰਮਜੀਤ ਇਕਾਈ ਪ੍ਰਧਾਨ, ਜੋਨਾ ਗਿੱਲ, ਹੈਪੀ ਰਣਵਾਂ ਜੀਤਾ ਲੰਬਰਦਾਰ, ਬਲਵੀਰ ਗਰਚਾ ਮੌਜੂਦ ਸਨ।

## ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਸੰਘਰਸ਼ ਦਾ ਐਲਾਨ

**▪ 25 ਤੋਂ 31 ਅਗਸਤ ਤੱਕ ਸਾਰੇ ਸਿਹਤ ਕੰਮਾਂ ਦਾ ਮੁਕੰਮਲ ਬਾਈਕਾਟ**

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਵਿਚ ਆਸ਼ਾ ਵਰਕਰਾਂ ਤੇ ਆਸ਼ਾ ਫੈਸਿਲੀਟੇਟਰਾਂ ਨੇ ਆਪਣੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਨਾ ਕੀਤੇ ਜਾਣ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਦਾ ਐਲਾਨ ਕੀਤਾ ਹੈ। ਆਸ਼ਾ ਵਰਕਰਜ਼ ਤੇ ਫੈਸਿਲੀਟੇਟਰਜ਼ ਸਾਂਝਾ ਮੋਰਚਾ ਪੰਜਾਬ ਦੇ ਕਨਵੀਨਰ ਸੰਤੋਸ਼ ਕੁਮਾਰੀ ਤੇ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਰਾਜਵੰਤ ਕੌਰ ਨੇ ਦੱਸਿਆ ਕਿ 25 ਅਗਸਤ ਤੋਂ 31 ਅਗਸਤ ਤੱਕ ਸੂਬੇ ਭਰ ਦੇ ਸਾਰੇ ਸਿਵਲ ਸਰਜਨ ਦਫ਼ਤਰਾਂ 'ਤੇ ਸਿਹਤ ਵਿਭਾਗ ਦੇ ਸਾਰੇ ਕੰਮਾਂ ਦਾ ਪੂਰਨ ਬਾਈਕਾਟ ਕੀਤਾ ਜਾਵੇਗਾ। ਰਾਜਵੰਤ ਕੌਰ ਨੇ ਦੱਸਿਆ ਕਿ ਇਸ ਸਬੰਧੀ ਅੱਜ ਫਿਰੋਜ਼ਸ਼ਾਹ ਦੇ ਡਾਕਟਰ ਅਭਿਜੀਤ ਸਿੰਘ ਨੂੰ ਮੰਗ ਪੱਤਰ ਸੌਂਪਿਆ ਗਿਆ। ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਲਗਾਤਾਰ ਪੱਤਰਾਂ ਤੇ ਬਿਆਨਾਂ ਰਾਹੀਂ ਆਪਣੀਆਂ ਮੰਗਾਂ ਤੋਂ ਜਾਣੂ ਕਰਵਾਇਆ ਹੈ। ਇਨ੍ਹਾਂ ਮੰਗਾਂ ਵਿੱਚ ਕੱਟੇ ਹੋਏ ਭੱਤੇ ਨੂੰ ਬਹਾਲ ਕਰਨਾ, ਫੈਸਿਲੀਟੇਟਰਾਂ ਨੂੰ ਕੇਂਦਰ ਸਰਕਾਰ ਤੋਂ ਮਿਲਣ ਵਾਲੇ 1000 ਰੁਪਏ ਤੇ ਟੂਰ ਮਨੀ ਵਿੱਚ ਵਾਧਾ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ 10 ਆਸ਼ਾ ਵਰਕਰਾਂ ਪਿੱਛੇ ਇੱਕ ਫੈਸਿਲੀਟੇਟਰ ਦੀ ਭਰਤੀ ਕਰਕੇ ਕੰਮ ਦਾ ਬੋਝ ਘਟਾਉਣ, ਸੇਵਾਮੁਕਤ ਵਰਕਰਾਂ ਨੂੰ ਘੱਟੋ-ਘੱਟ ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਤੇ ਪੈਨਸ਼ਨ ਦਾ ਪ੍ਰਬੰਧ ਕਰਨਾ ਵੀ ਸ਼ਾਮਲ ਹੈ। ਸਭ ਤੋਂ ਅਹਿਮ ਮੰਗ 2500 ਰੁਪਏ ਦੇ ਫਿਕਸ ਭੱਤੇ ਨੂੰ ਵਧਾ ਕੇ 10 ਹਜ਼ਾਰ ਰੁਪਏ ਕਰਨਾ ਹੈ, ਜਿਸ ਦਾ ਵਾਅਦਾ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤਾ ਗਿਆ ਸੀ। ਆਗੂਆਂ ਨੇ ਕਿਹਾ ਕਿ ਮੰਨੀਆਂ ਮੰਗਾਂ ਜਿਵੇਂ ਕਿ ਪ੍ਰਸੂਤੀ ਛੁੱਟੀ ਤੇ ਟੈਬਲੇਟ ਦੇਣਾ ਵੀ ਪੂਰਾ ਨਹੀਂ ਕੀਤਾ ਗਿਆ।



ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਟੇਬਲ-ਟਾਕ ਕਰਕੇ ਮਸਲੇ ਦਾ ਹੱਲ ਨਾ ਕੱਢਿਆ ਤਾਂ ਆਰ-ਪਾਰ ਦੇ ਸੰਘਰਸ਼ ਸ਼ੁਰੂ ਕੀਤੇ ਜਾਣਗੇ, ਜਿਸ ਦੇ ਸਿੱਟਿਆਂ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ। ਇਸ ਮੌਕੇ ਨਿੰਦਰਪਾਲ ਕੌਰ, ਸਰਬਜੀਤ ਕੌਰ, ਨੀਰੂ, ਮਨਜੀਤ ਕੌਰ, ਗੁਰਜੀਤ ਕੌਰ, ਰਾਜਵਿੰਦਰ ਕੌਰ, ਅਮ੍ਰਿਤਾ, ਗੁਰਜੀਤ ਕੌਰ, ਕੁਲਦੀਪ ਕੌਰ ਆਦਿ ਤੋਂ ਇਲਾਵਾ ਹੋਰ ਆਸ਼ਾ ਵਰਕਰ ਹਾਜ਼ਰ ਸਨ।

## ਪੰਜਾਬ ਦੀਆਂ ਧੀਆਂ ਨੇ ਚਾਰਦੀਵਾਰੀਆਂ 'ਚੋਂ ਨਿਕਲ ਕੇ ਆਪਣਾ ਤੇ ਸੂਬੇ ਦਾ ਨਾਂਅ ਰੌਸ਼ਨ ਕੀਤਾ : ਡਾ. ਕਮਲਦੀਪ ਸ਼ਰਮਾ

**ਸੰਗਰੂਰ (ਪ੍ਰਵੀਨ ਸਿੰਘ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਵਰਗ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰਕੇ ਕੰਮ ਕੀਤਾ ਜਾ ਰਿਹਾ ਹੈ।ਇਸੇ ਲੜੀ ਤਹਿਤ ਔਰਤਾਂ ਦੇ ਵਿਕਾਸ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਜ਼ਿੰਦਗੀ 'ਚ ਅੱਗੇ ਵਧਣ ਦੇ ਵੱਧ ਤੋਂ ਵੱਧ ਮੌਕੇ ਦਿੱਤੇ ਜਾ ਰਹੇ ਹਨ।ਪੰਜਾਬ ਦੀਆਂ ਧੀਆਂ ਨੇ ਘਰਾਂ ਦੀਆਂ ਚਾਰਦੀਵਾਰੀਆਂ 'ਚੋਂ ਨਿਕਲ ਕੇ ਆਪਣਾ ਤੇ ਸੂਬੇ ਦਾ ਨਾਂਅ ਰੌਸ਼ਨ ਕੀਤਾ ਹੈ।



ਇਸ ਬਾਬਤ ਬਹੁਤ ਕੰਮ ਕੀਤਾ ਗਿਆ ਹੈ, ਪਰ ਹਾਲੇ ਵੀ ਕੰਮ ਐਨਾ ਕਰਨਾ ਬਾਕੀ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਧੀਆਂ ਜੰਮਣ ਸਬੰਧੀ ਇਕ ਵਾਰ ਵੀ ਸ਼ੰਕਾ ਖੜ੍ਹਾ ਨਾ ਹੋਵੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਕਮਲਦੀਪ ਸ਼ਰਮਾ, ਚੇਅਰਪਰਸਨ ਹਸਪਤਾਲ ਭਲਾਈ ਸ਼ਾਖਾ, ਇੰਡੀਅਨ ਰੈੱਡ ਕਰਾਸ ਸੁਸਾਇਟੀ ਨੇ ਇੰਡੀਅਨ ਰੈੱਡ ਕਰਾਸ ਸੁਸਾਇਟੀ ਜ਼ਿਲ੍ਹਾ ਬ੍ਰਾਂਚ, ਸੰਗਰੂਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਆਡੀਟੋਰੀਅਮ ਵਿਖੇ ਕਰਾਏ 'ਤੀਆਂ ਦੇ ਮੇਲੇ' ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ।ਡਾ. ਕਮਲਦੀਪ ਸ਼ਰਮਾ ਨੇ ਕਿਹਾ ਕਿ ਸਭ ਤੋਂ ਨੇੜੇ ਦਾ ਰਿਸ਼ਤਾ ਮਾਵਾਂ ਤੇ ਧੀਆਂ ਦਾ ਰਿਸ਼ਤਾ ਹੁੰਦਾ ਹੈ।ਸਾਡੇ ਲੋਕ ਗੀਤਾਂ ਤੇ ਬੋਲੀਆਂ ਵਿੱਚੋਂ ਇਸ ਰਿਸ਼ਤੇ ਦੀ ਮਹਿਕ ਆਉਂਦੀ ਹੈ।ਜਦੋਂ ਧੀਆਂ ਦਾ ਵਿਛੋੜਾ ਪੈਂਦਾ ਹੈ ਤਾਂ ਸਭ ਤੋਂ ਵੱਧ ਸੱਟ ਮਾਵਾਂ ਨੂੰ ਹੀ ਵੱਜਦੀ ਹੈ।ਸਰਕਾਰ ਤੇ ਪ੍ਰਸ਼ਾਸਨ ਵੱਲੋਂ ਆਪਣੇ ਪੱਧਰ ਉੱਤੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਪਰ ਧੀਆਂ ਦੀ ਤਰੱਕੀ ਵਿੱਚ ਸਭ ਤੋਂ ਅਹਿਮ ਰੋਲ ਮਾਵਾਂ ਦਾ ਹੀ ਹੈ।ਮੇਲੇ ਦੌਰਾਨ ਵੱਖ-ਵੱਖ ਪੰਜਾਬੀ ਵੰਨਗੀਆਂ ਦੇ ਸ਼ਾਨਦਾਰ ਮੁਕਾਬਲੇ ਕਰਾਏ ਗਏ, ਜਿਨ੍ਹਾਂ ਵਿੱਚ ਜ਼ਿਲ੍ਹੇ ਦੀਆਂ ਮੁਟਿਆਰਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।ਆਮ ਲੋਕਾਂ ਦਾ ਕਹਿਣਾ ਸੀ ਕਿ ਪ੍ਰਸ਼ਾਸਨ ਵੱਲੋਂ ਨਵੀਂ ਪੀੜ੍ਹੀ ਦੇ ਨੌਜਵਾਨਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਕੀਤੇ ਇਸ ਉਪਰਾਲੇ ਦਾ ਨੌਜਵਾਨਾਂ ਨੂੰ ਕਾਫੀ ਲਾਭ ਹੋਵੇਗਾ ਅਤੇ ਉਹ ਆਪਣੇ ਅਮੀਰ ਸੱਭਿਆਚਾਰ ਬਾਰੇ ਜਾਗਰੂਕ ਹੋਣਗੇ।

## ਸੀ ਡੀ ਐੱਲ ਯੂ ਦੇ ਵਿਦਿਆਰਥੀਆਂ ਵੱਲੋਂ ਰੋਸ ਪ੍ਰਦਰਸ਼ਨ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਚੌਧਰੀ ਦੇਵੀ ਲਾਲ ਯੂਨੀਵਰਸਿਟੀ (ਸੀ ਡੀ ਐੱਲ ਯੂ) ਦੇ ਵਿਦਿਆਰਥੀਆਂ ਨੇ ਮਿੰਨੀ ਸਕੱਤਰੇਤ ਦਾ ਘਿਰਾਓ ਕਰਕੇ ਰੋਸ ਪ੍ਰਦਰਸ਼ਨ ਕੀਤਾ।

ਵਿਦਿਆਰਥੀ ਭਿਵਾਨੀ ਦੀ ਅਧਿਆਪਕਾ ਮਨੀਸ਼ਾ ਲਈ ਇਨਸਾਫ਼ ਦੀ ਮੰਗ ਕਰਦੇ ਹੋਏ ਮਿੰਨੀ ਸਕੱਤਰੇਤ ਵਿਖੇ ਇਕੱਠੇ ਹੋਏ ਤਾਂ ਪੁਲਸ ਨੇ ਉਨ੍ਹਾਂ ਨੂੰ ਮੁੱਖ ਗੇਟ 'ਤੇ ਰੋਕ ਲਿਆ, ਜਿੱਥੇ ਵਿਦਿਆਰਥੀਆਂ ਨੇ ਡੇਢ ਘੰਟੇ ਤੱਕ ਨਾਅਰੇਬਾਜ਼ੀ ਕੀਤੀ।

ਇਸ ਦੌਰਾਨ ਡੀ ਸੀ ਦੇ ਛੁੱਟੀ 'ਤੇ ਹੋਣ ਕਾਰਨ ਏਡੀਸੀ ਨੇ ਪੰਜ ਵਿਦਿਆਰਥੀਆਂ ਨੂੰ ਬੁਲਾ ਕੇ ਮੰਗ ਪੱਤਰ ਲਿਆ। ਵਿਦਿਆਰਥੀਆਂ ਨੇ ਕਿਹਾ ਕਿ ਮਨੀਸ਼ਾ ਮਾਮਲੇ ਦੀ ਜਦੋਂ ਤੱਕ ਨਿਰਪੱਖ ਜਾਂਚ ਨਹੀਂ ਹੁੰਦੀ, ਅੰਦੋਲਨ ਉਦੋਂ ਤੱਕ ਜਾਰੀ ਰਹੇਗਾ।

## 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-4 ਦਾ ਮਸ਼ਾਲ ਮਾਰਚ 27 ਨੂੰ ਪਹੁੰਚੇਗਾ ਮਾਲੇਰਕੋਟਲਾ


**ਸਹਾਇਕ ਕਮਿਸ਼ਨਰ ਨੇ ਤਿਆਰੀਆਂ ਦਾ ਲਿਆ ਜਾਇਜ਼ਾ, ਬਲਾਕ ਪੱਧਰੀ ਖੇਡ ਮੁਕਾਬਲੇ 4 ਸਤੰਬਰ ਤੋਂ**

**ਮਾਲੇਰਕੋਟਲਾ (ਅਸਗਰ ਪਰਿਹਾਰ)**

ਸੂਬਾ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਸ਼ੁਰੂ ਕੀਤੀ ਗਈ ਵਿਲੱਖਣ ਮੁਹਿੰਮ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-4 ਤਹਿਤ ਜ਼ਿਲ੍ਹੇ ਵਿੱਚ 4 ਸਤੰਬਰ ਤੋਂ 13 ਸਤੰਬਰ 2025 ਤੱਕ ਬਲਾਕ ਪੱਧਰੀ ਖੇਡ ਮੁਕਾਬਲੇ ਕਰਵਾਏ ਜਾਣਗੇ।

ਇਸ ਸਬੰਧੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਮੁੱਖ ਮੰਤਰੀ ਫੀਲਡ ਅਫਸਰ-ਕਮ-ਸਹਾਇਕ ਕਮਿਸ਼ਨਰ (ਜਨਰਲ) ਸ੍ਰੀ ਰਾਕੇਸ਼ ਗਰਗ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ।ਉਨ੍ਹਾਂ ਦੱਸਿਆ ਕਿ ਖੇਡ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਹ ਖੇਡਾਂ ਦੀ ਸ਼ੁਰੂਆਤ 29 ਅਗਸਤ 2025 ਨੂੰ ਹੁਸ਼ਿਆਰਪੁਰ ਤੋਂ ਹੋਵੇਗੀ।ਖੇਡਾਂ ਦੀ ਸ਼ੁਰੂਆਤ ਤੋਂ ਪਹਿਲਾਂ ਜ਼ਿਲ੍ਹਾ ਸੰਗਰੂਰ ਤੋਂ ਸ਼ੁਰੂ ਹੋਇਆ ਇਹ ਮਸ਼ਾਲ ਮਾਰਚ ਵੱਖ-ਵੱਖ ਜ਼ਿਲ੍ਹਿਆਂ ਤੋਂ ਹੁੰਦਾ ਹੋਇਆ 27 ਅਗਸਤ ਨੂੰ ਮਾਲੇਰਕੋਟਲਾ ਪਹੁੰਚੇਗਾ।ਜ਼ਿਲ੍ਹੇ ਦੇ ਤਿੰਨਾਂ ਬਲਾਕਾਂ ਵਿੱਚ ਇਹ ਖੇਡ ਮੁਕਾਬਲੇ ਕਰਵਾਏ ਜਾਣਗੇ।ਸਹਾਇਕ ਕਮਿਸ਼ਨਰ (ਜਨਰਲ) ਰਾਕੇਸ਼ ਗਰਗ ਨੇ ਕਿਹਾ ਕਿ ਖੇਡ ਮੁਕਾਬਲਿਆਂ ਤੋਂ ਪਹਿਲਾਂ ਖੇਡ ਮੈਦਾਨਾਂ ਨੂੰ ਮਿਆਰੀ ਪੱਧਰ ਅਨੁਸਾਰ ਤਿਆਰ ਕੀਤਾ ਜਾਵੇ।ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਖੇਡਾਂ ਵਾਲੇ ਸਥਾਨਾਂ ਦੀ ਸਫ਼ਾਈ ਤੇ ਹੋਰ ਜ਼ਰੂਰੀ ਪ੍ਰਬੰਧ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਗਏ।ਸਹਾਇਕ ਕਮਿਸ਼ਨਰ (ਜਨਰਲ) ਰਾਕੇਸ਼ ਗਰਗ ਨੇ ਕਿਹਾ ਕਿ ਇਹ ਖੇਡਾਂ ਸਿਰਫ਼ ਜਿੱਤ-ਹਾਰ ਦਾ ਮੰਚ ਨਹੀਂ, ਸਗੋਂ ਸਿਹਤਮੰਦ ਜੀਵਨ, ਅਨੁਸ਼ਾਸਨ, ਟੀਮ ਸਪਿਰਟ ਤੇ ਖ਼ੁਸ਼ਹਾਲ ਭਵਿੱਖ ਵੱਲ ਲੈ ਜਾਣ ਵਾਲਾ ਰਸਤਾ ਹਨ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਭਾਗ ਲੈਣ ਤੇ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ। ਇਸ ਮੌਕੇ ਐੱਸ.ਡੀ.ਐੱਮ. ਅਮਰਗੜ੍ਹ ਸੁਰਿੰਦਰ ਕੌਰ, ਡੀ.ਐੱਸ.ਪੀ. ਡਾ. ਮਾਨਵਜੀਤ ਸਿੰਘ ਸਿੱਧੂ, ਬੀ ਡੀ ਪੀ ਓ ਮਾਲੇਰਕੋਟਲਾ ਜਗਰਾਜ ਸਿੰਘ, ਬੀ.ਡੀ.ਪੀ.ਓ. ਅਮਰਗੜ੍ਹ/ਅਹਿਮਦਗੜ੍ਹ ਬਬਲਜੀਤ ਕੌਰ, ਸਹਾਇਕ ਸਿਵਲ ਸਰਜਨ ਡਾ. ਸਜੀਲਾ ਖ਼ਾਨ, ਜ਼ਿਲ੍ਹਾ ਖੇਡ ਅਫਸਰ ਗੁਰਦੀਪ ਸਿੰਘ, ਡੀ.ਈ.ਓ. (ਸੈਕੰਡਰੀ) ਤਰਵਿੰਦਰ ਕੌਰ, ਡੀ.ਐੱਮ. (ਖੇਡਾਂ) ਰਘੂ ਨੰਦਨ, ਮਾਰਕੀਟ ਕਮੇਟੀ ਤੋਂ ਹਰਿੰਦਰ ਸਿੰਘ ਟਿਵਾਣਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਸਟੇਟ ਬੈਂਕ ਵੱਲੋਂ ਸਕੂਲ ਆਫ਼ ਐਮੀਨੈਂਸ ਨੂੰ ਫਰਨੀਚਰ ਤੇ ਹੋਰ ਸਮਾਨ ਭੇਟ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਰਿਜਨਲ ਬਿਜ਼ਨੈੱਸ ਆਫ਼ਿਸ ਸਟੇਟ ਬੈਂਕ ਆਫ਼ ਇੰਡੀਆ ਫਿਰੋਜ਼ਪੁਰ ਬ੍ਰਾਂਚ ਵੱਲੋਂ ਕਾਰਪੋਰੇਟ ਸੋਸ਼ਲ ਰਿਸਪੌਂਸੀਬਿਲਟੀ ਤਹਿਤ ਸਕੂਲ ਆਫ਼ ਐਮੀਨੈਂਸ ਨੂੰ 1,24500 ਦੇ ਮੁੱਲ ਦਾ ਸ਼ਾਨਦਾਰ ਫਰਨੀਚਰ, ਜਿਸ ਵਿੱਚ ਸੋਫਾ ਸੈੱਟ, ਕੁਰਸੀਆਂ ਮੇਜ਼ ਤੇ ਹੋਰ ਸਮਾਨ ਜਿਵੇਂ ਪੱਖੇ, ਵਾਟਰ ਕੂਲਰ ਆਦਿ ਭੇਟ ਕੀਤਾ।

ਸਕੂਲ ਆਫ਼ ਐਮੀਨੈਂਸ ਵਿਖੇ ਇੱਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸ੍ਰੀ ਪਵਨਦੀਪ ਚੀਫ਼ ਮੈਨੇਜਰ, ਅਭਿਸ਼ੇਕ ਜੈਨ ਮੈਨੇਜਰ (ਐਚ.ਆਰ), ਰਿੰਕੂ ਜੈਨ ਡਿਪਟੀ ਮੈਨੇਜਰ, ਮਨੀਸ਼ ਕਟਿਆਰ ਬ੍ਰਾਂਚ ਮੈਨੇਜਰ ਮਮਦੋਟ, ਮਿਸਿਜ ਭਾਨੂ ਪ੍ਰਿਆ ਅਸਿਸਟੈਂਟ ਮੈਨੇਜਰ ਵੱਲੋਂ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਬੀਰ ਸਿੰਘ, ਸਕੂਲ ਪ੍ਰਿੰਸੀਪਲ ਮਿਸ ਰੁਬੀਨਾ ਚੋਪੜਾ ਤੇ ਸਮੂਹ ਸਟਾਫ਼ ਦੀ ਹਾਜ਼ਰੀ ਵਿੱਚ ਸਮਾਨ ਸਕੂਲ ਦੇ ਮੁੱਖ ਦਫ਼ਤਰ ਵਾਸਤੇ ਭੇਟ ਕੀਤਾ ਗਿਆ।ਚੀਫ਼ ਮੈਨੇਜਰ ਸ੍ਰੀ ਪਵਨਦੀਪ ਨੇ ਬੈਂਕ ਵੱਲੋਂ ਆਮ ਨਾਗਰਿਕਾਂ ਤੇ ਸਰਕਾਰੀ ਮੁਲਾਜ਼ਮਾਂ ਨੂੰ ਦਿੱਤੀਆਂ ਜਾਂਦੀਆ ਸੇਵਾਵਾਂ ਬਾਰੇ ਅਹਿਮ ਜਾਣਕਾਰੀਆਂ ਦਿੱਤੀਆਂ। ਸਕੂਲ ਮੈਨੇਜਮੈਂਟ ਕਮੇਟੀ ਅਤੇ ਸਟਾਫ਼ ਵੱਲੋਂ ਸ੍ਰੀ ਪਵਨਦੀਪ ਚੀਫ਼ ਮੈਨੇਜਰ ਤੇ ਨਾਲ ਆਈ ਟੀਮ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।

## ਐਂਟੀ ਸਾਬੋਟੇਜ ਤੇ ਡੌਗ ਸਕੁਆਡ ਟੀਮਾਂ ਵੱਲੋਂ ਜ਼ਿਲ੍ਹੇ ਦੇ ਰੇਲਵੇ ਸਟੇਸ਼ਨਾਂ 'ਤੇ ਕੀਤੀ ਗਈ ਚੈਕਿੰਗ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਾ. ਪ੍ਰਗਿਆ ਜੈਨ ਆਈ.ਪੀ.ਐਸ ਐਸ.ਐਸ.ਪੀ ਦੀ ਨਿਗਰਾਨੀ ਹੇਠ ਜ਼ਿਲ੍ਹੇ ਅੰਦਰ ਅਮਨ ਤੇ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਤੇ ਸ਼ੱਕੀ ਗਤੀਵਿਧੀਆਂ ਉੱਪਰ ਤਿੱਖੀ ਨਜ਼ਰ ਰੱਖਣ ਲਈ ਲਗਾਤਾਰ ਕਦਮ ਉਠਾਏ ਜਾਦੇ ਹਨ।ਇਸੇ ਤਹਿਤ ਵੀਰਵਾਰ ਨੂੰ ਪੁਲਸ ਟੀਮਾਂ, ਜਿਨ੍ਹਾਂ 'ਚ ਐਂਟੀ ਸਾਬੋਟੇਜ ਤੇ ਡੌਗ ਸਕੁਆਡ ਟੀਮਾਂ ਵੀ ਸ਼ਾਮਲ ਸਨ, ਜਿਨ੍ਹਾਂ ਨੇ ਰੇਲਵੇ ਸਟੇਸ਼ਨਾਂ 'ਤੇ ਗਹਿਰਾਈ ਨਾਲ ਜਾਂਚ ਕੀਤੀ।ਸ਼ੱਕੀ ਵਿਅਕਤੀਆਂ ਨੂੰ ਰੋਕ ਕੇ ਪੁੱਛਗਿੱਛ ਕੀਤੀ ਗਈ ਤੇ ਉਨ੍ਹਾਂ ਦੀ ਪਛਾਣ ਦੀ ਜਾਂਚ ਕੀਤੀ ਗਈ।ਜੀ.ਆਰ.ਪੀ ਪੁਲਸ ਦੇ ਕ੍ਰਮਚਾਰੀਆਂ ਦੇ ਸਹਿਯੋਗ ਨਾਲ ਯਾਤਰੀਆਂ ਦੇ ਸਮਾਨ ਦੀ ਵੀ ਜਾਂਚ ਕੀਤੀ ਗਈ ਤੇ ਬਿਨਾਂ ਕਿਸੇ ਵਜ੍ਹਾ ਦੇ ਰੇਲਵੇ ਸਟੇਸ਼ਨ ਵਿੱਚ ਘੁੰਮਣ ਵਾਲੇ ਵਿਅਕਤੀਆਂ ਨੂੰ ਰੋਕ ਕੇ ਉਨ੍ਹਾਂ ਦੀ ਪਛਾਣ ਦੀ ਜਾਂਚ ਕੀਤੀ ਗਈ।ਇਸ ਦੇ ਨਾਲ ਹੀ ਰੇਲਵੇ ਸਟੇਸ਼ਨ ਦੀਆਂ ਪਾਰਕਿੰਗਾਂ ਵਿੱਚ ਖੜੇ ਵਾਹਨਾਂ ਦੀ ਵੀ ਵਾਹਨ ਐਪ ਰਾਹੀਂ ਜਾਂਚ ਕੀਤੀ ਗਈ।ਡਾ. ਪ੍ਰਗਿਆ ਜੈਨ ਐਸ.ਐਸ.ਪੀ ਵੱਲੋਂ ਦੱਸਿਆ ਕਿ ਫ਼ਰੀਦਕੋਟ ਪੁਲਸ ਵੱਲੋਂ ਜ਼ਿਲ੍ਹੇ 'ਚ ਅਮਨ-ਚੈਨ ਤੇ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਨਿਰੰਤਰ ਤੌਰ 'ਤੇ ਸ਼ਰਾਰਤੀ ਤੇ ਮਾੜੇ ਅਨਸਰਾਂ ਉੱਪਰ ਨਿਗਰਾਨੀ ਰੱਖੀ ਜਾ ਰਹੀ ਹੈ।

## ਗੁਆਂਢੀ ਸੂਬੇ ਦੇ ਲੋਕਾਂ ਦੀ ਭਰਤੀ ਕਰਕੇ ਪੰਜਾਬ ਨਾਲ ਧ੍ਰੋਹ ਕਮਾਇਆ ਜਾ ਰਿਹੈ : ਹਰਪਾਲ ਸਿੰਘ ਸੋਨੂੰ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਓ.ਬੀ.ਸੀ. ਡਿਪਾਰਟਮੈਂਟ ਦੇ ਵਾਈਸ ਚੇਅਰਮੈਨ ਤੇ ਸੰਗਰੂਰ ਤੋਂ ਪਾਰਟੀ ਦੇ ਮੁੱਖ ਬੁਲਾਰੇ ਹਰਪਾਲ ਸਿੰਘ ਸੋਨੂੰ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ, ਜਦਕਿ ਹੁਣੇ ਨਗਰ ਨਿਗਮ ਵਿਭਾਗ ਅਧੀਨ ਭਾਰਤੀ ਕੀਤੇ ਜੂਨੀਅਰ ਇੰਜਨੀਅਰਾਂ ਵਿੱਚ ਜ਼ਿਆਦਾਤਰ ਮੁਲਾਜ਼ਮ ਹਰਿਆਣਾ ਅਤੇ ਰਾਜਸਥਾਨ ਨਾਲ ਸਬੰਧਤ ਹਨ।ਉਨ੍ਹਾਂ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਅਸਲ 'ਚ ਆਹ ਪੰਜਾਬ ਸਰਕਾਰ ਦਾ ਅਸਲੀ ਚਿਹਰਾ ਹੈ, ਸਾਡੀ ਨੌਜਵਾਨ ਪੀੜ੍ਹੀ ਜਿਹੜੀ ਕਿ ਡਿਗਰੀਆਂ ਲੈ ਕੇ ਨੌਕਰੀਆਂ ਲਈ ਦਰ-ਦਰ ਭਟਕ ਰਹੀ ਹੈ ਤੇ ਸਾਡੀ ਪੰਜਾਬ ਦੀ ਸਰਕਾਰ ਬਾਹਰਲੀਆਂ ਸਟੇਟਾਂ ਦੇ ਮੁਲਾਜ਼ਮ ਭਰਤੀ ਕਰ ਰਹੀ ਹੈ।ਸੋਨੂੰ ਨੇ ਕਿਹਾ ਕਿ ਕੀ ਇਹ ਉਹੀ ਪੰਜਾਬ ਸਰਕਾਰ ਹੈ, ਜਿਹੜੀ ਕਹਿੰਦੀ ਹੁੰਦੀ ਸੀ ਕਿ ਅਸੀਂ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਵਾਂਗੇ ਰੁਜ਼ਗਾਰ ਦੇਵਾਂਗੇ, ਪਰ ਅੱਜ ਸਾਡੇ ਸੂਬੇ ਦੇ ਬੇਰੁਜ਼ਗਾਰ ਨੌਜਵਾਨਾਂ ਦੇ ਹੱਕਾਂ 'ਤੇ ਡਾਕੇ ਮਾਰੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਸਮੇਤ ਪੂਰੀ ਸਰਕਾਰ ਨੂੰ ਸ਼ਰਮ ਆਉਣੀ ਚਾਹੀਦੀ ਹੈ, ਜੋ ਕਿ ਦਿੱਲੀ ਵਾਲੇ ਆਕਾਵਾਂ ਦੇ ਕਹਿਣ 'ਤੇ ਬਾਹਰਲੀਆਂ ਸਟੇਟਾਂ ਵਾਲੀਆਂ ਨੂੰ ਰਿਉੜੀਆਂ ਦੀ ਤਰ੍ਹਾਂ ਸਰਕਾਰੀ ਨੌਕਰੀਆਂ ਵੰਡ ਰਹੇ ਹਨ ਤੇ ਸਾਡੇ ਸੂਬੇ ਦੇ ਲੋੜਵੰਦ ਅਤੇ ਯੋਗ ਨੌਜਵਾਨਾਂ ਦੇ ਹੱਕਾਂ ਉੱਤੇ ਸ਼ਰੇਆਮ ਡਾਕਾ ਮਾਰਿਆ ਜਾ ਰਿਹਾ ਹੈ।

## ਪੰਜਾਬ ਕੋ-ਐਜੂਕੇਸ਼ਨ ਸਕੂਲ ਨੇ ਜ਼ੋਨਲ ਪੱਧਰੀ ਕ੍ਰਿਕਟ ਮੁਕਾਬਲੇ 'ਚ ਪ੍ਰਾਪਤ ਕੀਤਾ ਪਹਿਲਾ ਸਥਾਨ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸ੍ਰੀ ਸੰਦੀਪ ਮਹਿਤਾ ਦੀ ਅਗਵਾਈ ਵਿੱਚ ਨਿੱਤ ਨਵੀਆਂ ਮੰਜ਼ਲਾਂ ਸਰ ਕਰਦੀ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜ਼ੋਨ ਪੱਧਰੀ ਮੁਕਾਬਲਿਆਂ ਵਿੱਚ ਵੱਖ-ਵੱਖ ਖੇਡਾਂ ਵਿੱਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਤੋਂ ਬਾਅਦ ਕ੍ਰਿਕਟ ਮੁਕਾਬਲੇ ਵਿੱਚ ਅੰਡਰ-19 ਲੜਕਿਆਂ ਨੇ ਸਪਰਿੰਗ ਫੀਲਡ ਸਕੂਲ 'ਚ ਹੋਏ ਜ਼ੋਨ ਪੱਧਰੀ ਮੁਕਾਬਲੇ ਵਿੱਚ ਗੌਰਮਿੰਟ ਸੀਨੀਅਰ ਸੈਕੰਡਰੀ (ਐਮੀਨੈਂਸ) ਸਕੂਲ (ਲੜਕੇ) ਨੂੰ ਹਰਾ ਕੇ ਪਹਿਲਾਂ ਸਥਾਨ ਹਾਸਲ ਕੀਤਾ। ਇਸ ਟੀਮ ਵਿੱਚ ਸ਼ਾਮਲ ਖਿਡਾਰੀ ਭਾਵਿਕ ਖੁਰਾਣਾ, ਅਭੀਕਰਨ ਗੋਇਲ, ਖੁਸ਼ਪ੍ਰੀਤ ਸਿੰਘ, ਇਸ਼ਮੀਤ ਸਿੰਘ, ਜਸ਼ਨਦੀਪ ਸਿੰਘ, ਪਰਮਜੀਤ ਸਿੰਘ ਬਰਾੜ, ਲਵਪ੍ਰੀਤ ਸਿੰਘ, ਸੰਦੀਪ ਸਿੰਘ, ਇੰਦਰਵੀਰ ਸਿੰਘ, ਏਕਨੂਰ ਸਿੰਘ, ਲਵਿਸ਼ਪ੍ਰੀਤ, ਨਵਦੀਪ ਸਿੰਘ, ਆਰਵ ਤੁਲੀ, ਰਾਜਦੀਪ ਸਿੰਘ, ਖੁਸ਼ਪ੍ਰੀਤ ਸਿੰਘ ਤੇ ਹਰਮਨਪ੍ਰੀਤ ਸਿੰਘ ਨੇ ਪੂਰੀ ਮਸ਼ੱਕਤ ਕੀਤੀ ਤੇ ਜਿੱਤ ਦਾ ਸਹਾਰਾ ਆਪਣੇ ਸਕੂਲ ਦੇ ਨਾਂਅ ਕਰਕੇ ਆਪਣਾ ਅਤੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਜ਼ਿਕਰਯੋਗ ਹੈ ਕਿ ਖਿਡਾਰੀਆਂ ਦੀ ਅਗਵਾਈ ਕੋਚ ਨਵਨੀਤ ਸਿੰਘ, ਕੋਚ ਲਵਪ੍ਰੀਤ ਸਿੰਘ ਤੇ ਡੀ.ਪੀ.ਈ. ਬਲਰਾਜ ਸਿੰਘ ਤੇ ਡੀ.ਪੀ. ਮੈਡਮ ਗੁਰਦੀਪ ਕੌਰ ਵੱਲੋਂ ਬੜੇ ਹੀ ਸੁਚੱਜੇ ਢੰਗ ਨਾਲ ਹੋਈ। ਇਸ ਖੁਸ਼ੀ ਦੇ ਮੌਕੇ ਕ੍ਰਿਕਟ ਦੀ ਪੂਰੀ ਟੀਮ ਨੂੰ ਸਕੂਲ ਵੱਲੋਂ ਵੀ ਸਨਮਾਨਤ ਕੀਤਾ ਗਿਆ। ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਸ੍ਰੀ ਸੰਦੀਪ ਮਹਿਤਾ ਨੇ ਖੁਸ਼ੀ ਪ੍ਰਗਟ ਕਰਦਿਆਂ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਅੱਗੇ ਵਧਦੇ ਰਹਿਣ ਤੇ ਕਾਮਯਾਬੀ ਹਾਸਲ ਕਰਨ ਲਈ ਸ਼ੁਭਕਾਮਨਾਵਾਂ ਦਿੰਦਿਆਂ ਖੇਡਾਂ ਦੇ ਮਹੱਤਵ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਖਿਡਾਰੀਆਂ ਨੂੰ ਮੋਬਾਈਲ ਦੀ ਵਰਤੋਂ ਤੋਂ ਗੁਰੇਜ਼ ਕਰਨ ਤੇ ਖੇਡਾਂ ਵਿੱਚ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ, ਕੋਆਰਡੀਨੇਟਰ ਸ੍ਰੀ ਮੁਕੇਸ ਅਰੋੜਾ, ਕੋਆਰਡੀਨੇਟਰ (ਮਿਡਲ) ਮੈਡਮ ਦੀਪਿਕਾ ਮਨਚੰਦਾ, ਮੈਡਮ ਖੁਸਪ੍ਰੀਤ ਕੌਰ, ਕੋਚ ਨਵਨੀਤ ਸਿੰਘ, ਕੋਚ ਲਵਪ੍ਰੀਤ ਸਿੰਘ, ਡੀ.ਪੀ.ਈ. ਬਲਰਾਜ ਸਿੰਘ, ਡੀ.ਪੀ ਮੈਡਮ ਗੁਰਦੀਪ ਕੌਰ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ਼ ਤੇ ਵਿਦਿਆਰਥੀ ਸ਼ਾਮਲ ਸਨ।

## ਪੁਸਤਕਾਂ ਪੜ੍ਹਨ ਵਾਲੇ ਹੀ ਬੁਲੰਦੀਆਂ ਛੂਹਦੇ ਹਨ : ਡਾ. ਸਕਰੌਦੀ



**ਸੰਗਰੂਰ (ਪ੍ਰਵੀਨ ਸਿੰਘ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਕਰੌਦੀ (ਸੰਗਰੂਰ) ਦੇ ਪ੍ਰਿੰਸੀਪਲ ਦਰਸ਼ਨ ਕੌਰ ਦੀ ਅਗਵਾਈ ਵਿੱਚ ਵਿਦਿਆਰਥੀਆਂ ਲਈ ਇੱਕ ਵਿੱਦਿਅਕ ਸੈਮੀਨਾਰ ਦਾ ਪ੍ਰਬੰਧ ਕੀਤਾ ਗਿਆ। ਡਾ. ਇਕਬਾਲ ਸਿੰਘ ਸਕਰੌਦੀ, (ਰਿਟਾਇਰਡ ਪ੍ਰਿੰਸੀਪਲ) ਨੇ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਸੰਬੰਧੀ ਜਾਗਰੂਕ ਕਰਦਿਆਂ ਮਾਤਾ-ਪਿਤਾ ਤੇ ਅਧਿਆਪਕਾਂ ਦਾ ਸਤਿਕਾਰ ਕਰਨ, ਸਮੇਂ ਦਾ ਸਹੀ ਸਦਉਪਯੋਗ ਕਰਨ, ਸੋਸ਼ਲ ਮੀਡੀਆ ਦੀ ਥਾਂ 'ਤੇ ਪਾਠ ਪੁਸਤਕਾਂ ਤੋਂ ਇਲਾਵਾ ਸਕੂਲ ਦੀ ਲਾਇਬ੍ਰੇਰੀ 'ਚੋਂ ਪੁਸਤਕਾਂ ਲੈ ਕੇ ਪੜ੍ਹਨ, ਅਨੁਸ਼ਾਸਨਬੱਧ ਜੀਵਨ ਜੀਊਣ ਤੇ ਆਪਣੇ ਟੀਚੇ ਨੂੰ ਨਿਰਧਾਰਤ ਕਰਕੇ ਨਿੱਠ ਕੇ ਪਹਿਰਾ ਦੇਣ, ਆਪਣੇ ਜੀਵਨ 'ਚ ਉੱਚ ਮੁਕਾਮ ਹਾਸਲ ਕਰਨ ਲਈ ਪ੍ਰੇਰਤ ਕੀਤਾ। ਉਨ੍ਹਾਂ ਆਪਣੇ ਨਿੱਜੀ ਜੀਵਨ ਦੇ ਸੰਘਰਸ਼ਮਈ ਜੀਵਨ ਵਿਚਲੀਆਂ ਕੁਝ ਘਟਨਾਵਾਂ ਵਿਦਿਆਰਥੀਆਂ ਨਾਲ ਸਾਂਝੀਆਂ ਕਰਦਿਆਂ ਕਿਹਾ ਕਿ ਕੁਦਰਤ ਨੇ ਹਰੇਕ ਮਨੁੱਖ ਨੂੰ ਚੌਵੀ ਘੰਟੇ ਦਿੱਤੇ ਹਨ। ਇਨ੍ਹਾਂ ਚੌਵੀ ਘੰਟਿਆਂ 'ਚੋਂ ਕੁਝ ਘੰਟੇ ਅਰਾਮ ਕਰਨ ਉਪਰੰਤ ਹਰੇਕ ਵਿਦਿਆਰਥੀ ਪੜ੍ਹਾਈ ਸੰਬੰਧੀ ਆਪਣੇ ਜ਼ਿੰਮੇ ਲੱਗੇ ਫ਼ਰਜ਼ਾਂ ਨੂੰ ਨਿਭਾਉਣ ਦੇ ਨਾਲ-ਨਾਲ ਹੋਰ ਸਾਹਿਤਕ ਰੁਚੀਆਂ ਅਨੁਸਾਰ ਪੁਸਤਕਾਂ ਪੜ੍ਹ ਕੇ ਆਪਣੇ ਆਪ ਨੂੰ ਬੁਲੰਦੀਆਂ 'ਤੇ ਲਿਜਾ ਸਕਦਾ ਹੈ। ਉਨ੍ਹਾਂ ਆਪਣੇ ਨਵ-ਪ੍ਰਕਾਸ਼ਤ ਕਹਾਣੀ ਸੰਗ੍ਰਹਿ ਦੀਆਂ 'ਗੁਨਾਹਗਾਰ ਕੌਣ' ਦੀਆਂ ਪੰਜ ਕਾਪੀਆਂ ਸਕੂਲ ਲਾਇਬ੍ਰੇਰੀ ਲਈ ਭੇਟ ਕੀਤੀਆਂ। ਪ੍ਰਿੰ. ਦਰਸਨ ਕੌਰ ਨੇ ਮੰਗ ਕੀਤੀ ਕਿ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਕੂਲ ਦੀ ਹੋਰ ਬਿਹਤਰੀ ਲਈ ਢੁੱਕਵੇਂ ਉਪਰਾਲੇ ਕੀਤੇ ਜਾਣ। ਮਾਸਟਰ ਬਲਜਿੰਦਰ ਸਿੰਘ ਨੇ ਡਾ. ਇਕਬਾਲ ਸਿੰਘ ਸਕਰੌਦੀ ਦਾ ਸਕੂਲ ਦੇ ਵਿਦਿਆਰਥੀਆਂ ਨਾਲ ਵਧੀਆ ਵਿਚਾਰ ਸਾਂਝੇ ਕਰਨ ਲਈ ਤੇ ਸਕੂਲ ਵਿੱਚ ਪੰਜ ਫ਼ਲਦਾਰ ਬੂਟੇ ਲਾਉਣ ਲਈ ਧੰਨਵਾਦ ਕੀਤਾ।

## ਜੁਗਾੜੀ ਰੇਹੜਿਆਂ ਵਿਰੁੱਧ ਕਾਰਵਾਈ ਲਈ ਟੈਂਪੂ-ਕੈਂਟਰ ਯੂਨੀਅਨ ਨੇ ਡੀ ਸੀ ਨੂੰ ਦਿੱਤਾ ਮੰਗ ਪੱਤਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਵਿੱਚ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੇ 'ਪੀਟਰ ਰੇਹੜਿਆਂ' ਤੇ ਮੋਟਰਸਾਈਕਲ ਰੇਹੜਿਆਂ ਵਿਰੁੱਧ ਤਲਵੰਡੀ ਭਾਈ ਨੇ ਸਖ਼ਤ ਕਦਮ ਚੁੱਕਣ ਦਾ ਐਲਾਨ ਕੀਤਾ ਹੈ। ਐਸੋਸੀਏਸ਼ਨ ਨੇ ਇਸ ਸਮੱਸਿਆ ਦੇ ਹੱਲ ਲਈ ਡੀ ਸੀ ਦਫਤਰ ਫਿਰੋਜ਼ਪੁਰ ਵਿਖੇ ਤਲਵੰਡੀ ਭਾਈ ਕੈਂਟਰ ਤੇ ਟੈਂਪੂ ਯੂਨੀਅਨ ਦੇ ਪ੍ਰਧਾਨ ਅਵਤਾਰ ਸਿੰਘ ਸੇਖਵਾਂ, ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਮੰਗ ਪੱਤਰ ਦਿੱਤਾ ਗਿਆ। ਤਲਵੰਡੀ ਭਾਈ ਕੈਂਟਰ ਤੇ ਟੈਂਪੂ ਯੂਨੀਅਨ ਦੇ ਪ੍ਰਧਾਨ ਅਵਤਾਰ ਸਿੰਘ ਸੇਖਵਾਂ, ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਸਮੇਤ ਸਮੂਹ ਨੇ ਕਿਹਾ ਕਿ ਅਸੀਂ ਸਰਕਾਰ ਨੂੰ ਟੈਕਸ ਅਦਾ ਕਰਕੇ ਟਾਟਾ ਏਸ ਤੇ ਪਿੱਕ-ਅੱਪ ਵਰਗੇ ਵਾਹਨ ਕਰਜ਼ੇ 'ਤੇ ਲੈ ਕੇ ਆਪਣਾ ਕੰਮ ਚਲਾ ਰਹੇ ਹਾਂ, ਪਰ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਇਹ 'ਪੀਟਰ ਰੇਹੜੇ' ਸਾਡੇ ਕਾਰੋਬਾਰ 'ਤੇ ਬਹੁਤ ਮਾੜਾ ਅਸਰ ਪਾ ਰਹੇ ਹਨ। ਇਨ੍ਹਾਂ ਗੈਰ-ਕਾਨੂੰਨੀ ਵਾਹਨਾਂ ਕਾਰਨ ਸਾਡੀ ਮਹੀਨਾਵਾਰ ਕਿਸ਼ਤ ਵੀ ਨਿਕਲਣੀ ਮੁਸ਼ਕਲ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ 'ਪੀਟਰ ਰੇਹੜਿਆਂ' ਦੇ ਵੱਡੀ ਗਿਣਤੀ ਵਿੱਚ ਬਣਨ ਕਾਰਨ ਪੰਜਾਬ ਸਰਕਾਰ ਨੂੰ ਵੀ ਵੱਡੇ ਪੱਧਰ 'ਤੇ ਟੈਕਸ ਦਾ ਨੁਕਸਾਨ ਹੋ ਰਿਹਾ ਹੈ। ਤਲਵੰਡੀ ਭਾਈ ਕੈਂਟਰ ਤੇ ਟੈਂਪੂ ਯੂਨੀਅਨ ਦੇ ਪ੍ਰਧਾਨ ਅਵਤਾਰ ਸਿੰਘ ਸੇਖਵਾਂ, ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਇਨ੍ਹਾਂ ਗੈਰ-ਕਾਨੂੰਨੀ ਵਾਹਨਾਂ ਨੂੰ ਬੰਦ ਕਰਨ ਦੀ ਬਜਾਏ, ਅਧਿਕਾਰੀ ਇਨ੍ਹਾਂ ਨੂੰ ਚਲਾਉਣ ਲਈ ਉਤਸ਼ਾਹਤ ਕਰ ਰਹੇ ਹਨ। ਤਲਵੰਡੀ ਭਾਈ ਕੈਂਟਰ ਤੇ ਟੈਂਪੂ ਯੂਨੀਅਨ ਦੇ ਪ੍ਰਧਾਨ ਅਵਤਾਰ ਸਿੰਘ ਸੇਖਵਾਂ, ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਨੇ ਕਿਹਾ ਕਿ 26 ਅਗਸਤ ਨੂੰ ਉਹ ਰੋਸ ਪ੍ਰਦਰਸ਼ਨ ਕਰਕੇ ਆਪਣੇ ਆਪਣੇ ਹਲਕੇ ਦੇ ਡਿਪਟੀ ਕਮਿਸ਼ਨਰ ਨੂੰ ਗੱਡੀਆਂ ਦੀਆਂ ਚਾਬੀਆਂ ਸੌਂਪਣਗੇ। ਟਰਾਂਸਪੋਰਟਰਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਜਲਦ ਤੋਂ ਜਲਦ ਇਨ੍ਹਾਂ ਨਜਾਇਜ਼ ਵਾਹਨਾਂ 'ਤੇ ਰੋਕ ਲਗਾਉਣ ਤਾਂ ਜੋ ਉਨ੍ਹਾਂ ਦਾ ਕਾਰੋਬਾਰ ਬਚਾਇਆ ਜਾ ਸਕੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਛੇਤੀ ਕੋਈ ਕਦਮ ਨਾ ਚੁੱਕਿਆ, ਤਾਂ ਉਹ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ।

23-Aug-page-11-Majha-2025.qxd 8/22/2025 10:41 PM Page 1



# ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਵੱਲੋਂ ਦਾਣਾ ਮੰਡੀ ਸੋਹੀਆਂ ਕਲਾਂ 'ਚ ਕਿਸਾਨ ਰੈਲੀ

ਮਜੀਠਾ(ਸੋਇਮ ਆਨੰਦ)-ਹਲਕਾ ਮਜੀਠਾ ਦੇ ਪਿੰਡ ਸੋਹੀਆਂ ਕਲਾਂ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਬਾਬਾ ਕਮਾਲ ਸਿੰਘ ਨੰਗਲੀ ਦੀ ਅਗਵਾਈ ਹੇਠ ਇੱਕ ਵਿਸ਼ਾਲ ਕਿਸਾਨ ਰੈਲੀ ਕੀਤੀ ਗਈ,ਜਿਸ ਵਿੱਚ ਕੌਮੀ ਆਗੂ ਜਗਜੀਤ ਸਿੰਘ ਡੱਲੇਵਾਲ, ਜਰਨੈਲ ਸਿੰਘ ਪਟਿਆਲਾ, ਮਾਨ ਸਿੰਘ ਰਾਜਪੁਰਾ ਵਿਸ਼ੇਸ਼ ਤੌਰ 'ਤੇ ਪੁੱਜੇ।ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਦੱਸਿਆ ਕਿ ਬਿਜਲੀ ਐਕਟ ਤਹਿਤ ਲੋਕਾਂ ਦੇ ਘਰਾਂ ਵਿੱਚ ਸਮਾਰਟ ਮੀਟਰ ਲਗਾਉਣੇ, ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਡੇਅਰੀ ਫਾਰਮਿੰਗ ਅਤੇ ਪੋਲਟਰੀ ਫਾਰਮ ਵਿੱਚ ਸਿੱਧਾ ਦਖ਼ਲ ਵੱਡੀ ਲੁੱਟ ਕਰਨ ਜਾ ਰਹੀ ਹੈ।ਜਗਜੀਤ ਸਿੰਘ ਡੱਲੇਵਾਲ ਸੰਬੋਧਨ ਕਰਦਿਆਂ ਨੇ ਕਿਹਾ ਕਿ ਓਸੀਡੀ ਦੀ ਰਿਪੋਰਟ ਮੁਤਾਬਕ ਸਰਕਾਰ ਨੇ ਸੰਨ 2000 ਤੋਂ 2017 ਤੱਕ ਕਰੀਬ 17 ਸਾਲਾ 'ਚ ਐੱਮਐੱਸਪੀ ਨਾ ਦੇ ਕੇ ਕਿਸਾਨਾਂ ਦੀ 45 ਲੱਖ ਕਰੋੜ ਰੁਪਏ ਲੁੱਟ ਕੀਤੀ ਹੈ, ਜਦੋਂ ਕਿ ਦੇਸ਼ ਦੇ ਕਿਸਾਨਾਂ ਦੇ ਸਿਰ ਤੇ 16 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਤੇ 7 ਲੱਖ ਕਿਸਾਨਾਂ ਖ਼ੁਦਕੁਸ਼ੀਆਂ ਕੀਤੀਆਂ ਹਨ।ਉਨ੍ਹਾਂ ਕਿਹਾ ਕਿ ਸਰਕਾਰ ਇਹ ਰਕਮ ਕਿਸਾਨਾਂ ਦੇਣੀ ਚਾਹੀਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਵਾਲੀ ਨੀਤੀ ਅਪਣਾ ਰਹੀ ਹੈ, ਇਸ ਦੇ ਵਿਰੋਧ 'ਚ ਦਿੱਲੀ ਜੰਤਰ ਮੰਤਰ ਤੇ ਵੱਡੀ ਦੇਸ਼ ਵਿਆਪੀ ਵੱਡੀ ਮਹਾਂਪੰਚਾਇਤ ਰੱਖੀ ਗਈ ਹੈ।ਉਨ੍ਹਾਂ ਕਿਸਾਨਾਂ ਨੂੰ ਦਿੱਲੀ ਮਹਾਂ ਪੰਚਾਇਤ ਵਿੱਚ ਪਹੁੰਚਣ ਦੀ ਅਪੀਲ ਵੀ ਕੀਤੀ।ਇਸ ਮੌਕੇ ਰੈਲੀ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਸੀਨੀਅਰ ਆਗੂ ਡਾਕਟਰ ਬਚਿੱਤਰ ਸਿੰਘ ਕੋਟਲਾ, ਡਾਕਟਰ ਗੁਰਮੇਲ ਸਿੰਘ ਨੰਗਲੀ, ਬਲਰਾਮ ਸਿੰਘ ਝੰਜੋਟੀ, ਸੁਖ ਨੰਦਨ ਸਿੰਘ ਮੈਹਣੀਆਂ, ਕਾਬਲ ਸਿੰਘ ਭੈਣੀ ਗਿੱਲ, ਦਿਲਜੀਤ ਸਿੰਘ ਖ਼ਾਲਸਾ ਜੰਡਿਆਲਾ ਗੁਰੂ, ਸਤਨਾਮ ਸਿੰਘ ਧਾਰੜ, ਹਰਮੀਤ ਸਿੰਘ, ਭਗਵੰਤ ਸਿੰਘ ਭੋਮਾ, ਬਾਬਾ ਬਸੰਤ ਸਿੰਘ ਨੰਗਲ, ਬਾਬਾ ਬਿਕਰਮਜੀਤ ਸਿੰਘ ਨੰਗਲੀ, ਮੇਜਰ ਸਿੰਘ ਗੱਗੋਮਾਹਲ, ਹਰਪਾਲ ਸਿੰਘ ਗੱਗੋਮਾਹਲ, ਸੁਖਵਿੰਦਰ ਸਿੰਘ ਸੇਠੀ ਫਤਾਹਪੁਰ, ਜਗਤਾਰ ਸਿੰਘ ਫਤਾਹਪੁਰ, ਬਲਜਿੰਦਰ ਸਿੰਘ ਪੈਹਠ ਕਿੱਲੇ, ਗੋਰਾ ਨੰਗਲੀ ਦਿਲਬਾਗ ਸਿੰਘ ਝੰਜੋਟੀ, ਰਾਜਵਿੰਦਰ ਸਿੰਘ ਝੰਜੋਟੀ, ਜੁਗਰਾਜ ਸਿੰਘ ਭੰਗਾਂ, ਮਨਜੀਤ ਸਿੰਘ ਖਿਆਲਾ ਕਲਾਂ, ਪ੍ਰਗਟ ਸਿੰਘ ਸੋਹੀਆਂ, ਕਵਲ ਜੀਤ ਸਿੰਘ ਸੋਹੀਆਂ, ਗੁਰਮੀਤ ਸਿੰਘ ਕੋਹਾਲੀ, ਹਰੀ ਸਿੰਘ ਮਾਨਾਂ ਵਾਲਾ, ਬਾਪੂ ਬਲਦੇਵ ਸਿੰਘ ਕੋਟ ਖਾਲਸਾ, ਬਾਪੂ ਗੁਰਦਿਆਲ ਸਿੰਘ ਮੁਰਾਦਪੁਰਾ, ਤੇਜਬੀਰ ਸਿੰਘ ਲੁਹਾਰਕਾ, ਬਾਬਾ ਨਵਤੇਜ ਸਿੰਘ ਬੰਟੀ, ਜੀਤ ਕੰਦੋਵਾਲੀ, ਮਹਾਂਬੀਰ ਸਿੰਘ ਸੰਗਤਪੁਰਾ, ਬਲਜਿੰਦਰ ਸਿੰਘ ਜਾਣੀਆਂ, ਕਾਬਲ ਸਿੰਘ ਬੱਲ, ਕੁਲਵੰਤ ਸਿੰਘ ਕੋਹਾਲੀ, ਕੁਲਵੰਤ ਸਿੰਘ ਓਠੀਆਂ, ਨਿਸ਼ਾਨ ਸਿੰਘ ਖਿਆਲਾ, ਮੰਗਵਿੰਦਰ ਸਿੰਘ ਮੰਡਿਆਲਾ, ਅਮੋਲਕ ਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਬਲਾਕ ਜੰਡਿਆਲਾ, ਗੁਰਦਾਸਪੁਰ ਤੋ ਸੁਖਵਿੰਦਰ ਸਿੰਘ, ਗੁਲਾਬ ਸਿੰਘ, ਸੁਲੱਖਣ ਸਿੰਘ ਆਦ ਹਾਜ਼ਰ ਸਨ।



# '112' ਡਾਇਲ ਕਰਕੇ ਕੀਤੀ ਜਾ ਸਕਦੀ ਹੈ ਸਾਈਬਰ ਫਰਾਡ ਤੇ ਹਾਈਵੇ ਐਮਰਜੈਂਸੀ ਦੀ ਰਿਪੋਰਟ : ਰੰਧਾਵਾ



ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਅਨੁਸਾਰ ਐਮਰਜੈਂਸੀ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਅਤੇ ਕੁਸ਼ਲ ਬਣਾਉਣ ਦੇ ਮੰਤਵਨਾਲ ਇੱਕ ਮਹੱਤਵਪੂਰਨ ਕਦਮ ਤਹਿਤ ਪੰਜਾਬ ਪੁਲਸ ਨੇ ਭਾਰਤੀ ਰਾਸ਼ਟਰੀ ਰਾਜ ਮਾਰਗ ਅਥਾਰਿਟੀ (ਐੱਨਐੱਚਏਆਈ) ਹੈਲਪਲਾਈਨ 1033 ਅਤੇ ਸਾਈਬਰ ਕ੍ਰਾਈਮ ਹੈਲਪਲਾਈਨ 1930 ਨੂੰ ਏਕੀਕ੍ਰਿਤ ਕਰਕੇ ਹੁਣ ਡਾਇਲ 112 ਨਾਲ ਜੋੜ ਦਿੱਤਾ ਹੈ।ਪੰਜਾਬ ਦੀ ਇਸ ਏਕੀਕ੍ਰਿਤ ਸੰਕਟ-ਕਾਲੀ ਪ੍ਰਤੀਕਿਰਿਆ ਪ੍ਰਣਾਲੀ ਰਾਹੀਂ ਹੁਣ ਨਾਗਰਿਕ ਹਾਈਵੇ ਹਾਦਸਿਆਂ ਅਤੇ ਹੋਰ ਵਾਹਨਾਂ ਸਬੰਧੀ ਹੋਰ ਦਿੱਕਤਾਂ ਦੇ ਨਾਲ-ਨਾਲ ਵਿੱਤੀ ਧੋਖਾਧੜੀ ਅਤੇ ਸਾਈਬਰ ਅਪਰਾਧਾਂ ਦੀ ਰਿਪੋਰਟ ਹੁਣ ਸਿਰਫ਼ 112 ਡਾਇਲ ਕਰਕੇ ਕਰ ਸਕਦੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਇਹ ਪਹਿਲਕਦਮੀ, ਇੱਕ ਸਿੰਗਲ-ਵਿੰਡੋ ਪਲੇਟਫਾਰਮ ਤਹਿਤ ਕਈ ਮਹੱਤਵਪੂਰਨ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਛੋਟੀ ਸਹਾਇਤਾ ਉਪਲਬਧ ਕਰਵਾਉਣ ਲਈ ਆਸਾਨ ਪਹੁੰਚ ਨੂੰ ਯਕੀਨੀ ਬਣਾਉਂਦੀ ਹੈ।ਉਨ੍ਹਾਂ ਕਿਹਾ ਕਿ ਪਹਿਲਾਂ ਨਾਗਰਿਕਾਂ ਨੂੰ ਧੋਖਾਧੜੀ ਜਾਂ ਸੜਕ ਹਾਦਸੇ ਦੀ ਰਿਪੋਰਟ ਕਰਨ ਲਈ ਖ਼ਾਸ ਹੈਲਪਲਾਈਨ ਨੰਬਰਾਂ 'ਤੇ ਕਾਲ ਕਰਨੀ ਪੈਂਦੀ ਸੀ, ਜਿਸ ਨਾਲ ਉਨ੍ਹਾਂ ਲਈ ਵੱਖ-ਵੱਖ ਹੈਲਪਲਾਈਨ ਨੰਬਰ ਯਾਦ ਰੱਖਣਾ ਔਖਾ ਸੀ।ਹੁਣ ਭਾਵੇਂ ਤੁਸੀਂ ਹਾਈਵੇਅ 'ਤੇ ਕਿਸੇ ਮੁਸੀਬਤ ਵਿੱਚ ਫਸੇ ਹੋਏ ਹੋ ਜਾਂ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੋ, ਸਿਰਫ਼ 112 'ਤੇ ਇੱਕ ਕਾਲ ਨਾਲ ਹੀ ਤੁਹਾਡਾ ਮਸਲਾ ਹੱਲ ਹੋ ਜਾਵੇਗਾ।

# 21 ਸਤੰਬਰ ਨੂੰ ਸੀ ਪੀ ਆਈ ਵੱਲੋਂ ਮੋਹਾਲੀ ਵਿਖੇ ਵਿਸ਼ਾਲ ਰੈਲੀ

## * ਅੱਜ ਚੇਤਨਪੁਰਾ ਵਿਖੇ ਜਥਾ ਮਾਰਚ 'ਚ ਵੱਧ ਤੋਂ ਵੱਧ ਸਾਥੀਆਂ ਨੂੰ ਸ਼ਾਮਲ ਹੋਣ ਦਾ ਸੱਦਾ

ਕਰਨਾ ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਭਾਰਤੀ ਕਮਿਊਨਿਸਟ ਪਾਰਟੀ ਬਲਾਕ ਮਜੀਠਾ ਕਮੇਟੀ ਦੀ ਮੀਟਿੰਗ ਕਾ: ਪ੍ਰਕਾਸ਼ ਸਿੰਘ ਕੈਰੋਂਨੰਗਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਜ਼ਿਲ੍ਹਾ ਸਹਾਇਕ ਸੈਕਟਰੀ ਨਰਿੰਦਰ ਬੱਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਵੇਲੇ ਦੇਸ਼ ਵਿੱਚ ਸੀਪੀਆਈਆਂ ਦੀਆਂ ਚੋਣਾਂ ਕਰਾਉਣ ਦਾ ਸਬੱਬ ਪੰਜਾਬ ਨੂੰ ਮਿਲਿਆ ਹੈ ਜੋ ਕਿ ਚੰਡੀਗੜ੍ਹ ਵਿਖੇ 21 ਸਤੰਬਰ ਤੋਂ 25 ਸਤੰਬਰ ਤਕ ਕਰਵਾਈਆਂ ਜਾਣੀਆਂ ਹਨ।ਉਨ੍ਹਾਂ ਕਿਹਾ ਕਿ ਆਰੰਭ ਵਿੱਚ 21 ਸਤੰਬਰ ਨੂੰ ਮੁਹਾਲੀ ਵਿਖੇ ਪਾਰਟੀ ਇੱਕ ਵਿਸ਼ਾਲ ਰੈਲੀ ਕਰਕੇ ਇਹ ਦਰਸਾਏਗੀ ਕਿ ਅਸਲ ਮਜ਼ਦੂਰ ਅਤੇ ਮਜ਼ਲੂਮ ਵਰਗ ਦੇ ਮਸਲੇ ਸਿਰਫ਼ ਕਮਿਊਨਿਸਟਾਂ ਦੇ ਰਾਜ ਪ੍ਰਬੰਧ ਵਿੱਚ ਹੀ ਹੱਲ ਹੋ ਸਕਦੇ ਹਨ। ਇਸ ਮੌਕੇ ਮਜੀਠਾ ਦੇ ਸੀ. ਪੀ. ਆਈ. ਸੈਕਟਰੀ ਬਲਕਾਰ ਦੁਧਾਲਾ ਨੇ ਪਿਛਲੇ ਕੰਮਾਂ ਦਾ ਵੇਰਵਾ ਦੱਸਦਿਆਂ ਕਿਹਾ ਕਿ ਬੇਰੁਜ਼ਗਾਰੀ ਦਾ ਮਸਲਾ ਹੱਲ ਕਰੇ ਤੋਂ ਬਗੈਰ ਨਸ਼ਿਆਂ ਨੂੰ ਰੋਕ ਨਹੀਂ ਲਾਈ ਜਾ ਸਕਦੀ।ਪੰਜਾਬ ਅਤੇ ਭਾਰਤ ਦੀ ਸਰਕਾਰ ਵਿਦਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਰ ਰਹੀ ਹੈ ਤਾਂ ਜੋ ਦੇਸ਼ ਦੇ ਬੱਚਿਆਂ ਨੂੰ ਵਿੱਦਿਆ ਤੋਂ ਵਾਂਝਾ ਰੱਖਿਆ ਜਾ ਸਕੇ।ਇਸ ਮੀਟਿੰਗ ਵਿੱਚ ਸੁਖਵਿੰਦਰ ਸਿੰਘ ਚਵਿੰਡਾ ਦੇਵੀ, ਰਾਜਜੀਤ ਸਿੰਘ, ਹਰਜਿੰਦਰ ਸਿੰਘ ਕੱਥੂਨੰਗਲ, ਗੁਰਨਾਮ ਸਿੰਘ ਕੋਟ, ਸੀਤਲ ਲਾਲ ਰਾਮ ਦਿਵਾਲੀ ਹਿੰਦੂਆਂ, ਸੇਵਾ ਸਿੰਘ ਮੱਝਵਿੰਡ, ਰਾਜਵਿੰਦਰ ਸਿੰਘ ਗੋਪਾਲਪੁਰ, ਗੁਰਦੀਪ ਸਿੰਘ ਹਦਾਇਤਪੁਰ, ਸੁਖਵਿੰਦਰ ਸਿੰਘ ਮਹਿਨੀਆਂ ਕੁਹਾਰਾਂ, ਦਵਿੰਦਰ ਸਿੰਘ ਬੰਡੂਕੇ ਹਾਜ਼ਰ ਸਨ।ਇਸ ਮੌਕੇ ਮੇਜਰ ਸਿੰਘ ਅਬਦਾਲ ਨੇ ਵਿਚਾਰ ਰੱਖਦਿਆਂ ਦੱਸਿਆ ਕਿ ਰਾਮ ਸਿੰਘ ਜਦੋਂ ਪਿੰਡ ਦਾ ਸਰਪੰਚ ਹੁੰਦਾ ਸੀ ਉਸ ਨੇ ਸੋ ਜੋ ਕੋਲੋਂ ਆਪਣੇ ਰਿਸ਼ਤੇਦਾਰ ਦੀ ਗਲਤ ਜ਼ਮਾਨਤ ਦਿਵਾ ਦਿੱਤੀ ਸੀ ਜੋ ਕਿ ਹੁਣ ਮੇਰੀ ਜ਼ਮੀਨ ਦੀ ਕੁਰਕੀ ਕੀਤੀ ਜਾ ਰਹੀ ਹੈ।ਪ੍ਰਕਾਸ਼ ਸਿੰਘ ਕੈਰੋਂਨੰਗਲ ਨੇ ਦੱਸਿਆ ਕਿ 23 ਅਗਸਤ ਵਾਲੇ ਦਿਨ ਕਾਮਰੇਡ ਸੋਹਨ ਸਿੰਘ ਜੋਸ਼ ਦੀ ਯਾਦਗਾਰ ਪਿੰਡ ਚੇਤਨਪੁਰਾ ਤੋਂ ਜੋ ਜਥਾ ਮਾਰਚ ਕਰਨਾ ਹੈ, 'ਚ ਵੱਧ ਤੋਂ ਵੱਧ ਸਾਥੀ ਸ਼ਾਮਿਲ ਹੋਣ।ਆਖਰ ਤੇ ਉਨ੍ਹਾਂ ਹਾਜ਼ਰ ਸਾਥੀਆਂ ਦਾ ਧੰਨਵਾਦ ਕੀਤਾ।



# ਨਗਰ ਕੌਂਸਲ ਦਫਤਰ ਦਾ ਉਦਘਾਟਨ ਕਰਨ ਮੌਕੇ ਸੂਬਾ ਸਰਕਾਰ ਹਲਕਾ ਵਿਧਾਇਕ ਨੂੰ ਸੱਦਾ ਪੱਤਰ ਦੇਣਾ ਭੁੱਲੀ

ਮਜੀਠਾ (ਸੋਇਮ ਆਨੰਦ)-ਹਲਕਾ ਵਿਧਾਇਕਾ ਗਨੀਵ ਕੌਰ ਨੇ ਮਜੀਠਾ ਵਿਖੇ ਅਕਾਲੀ ਵਰਕਰਾਂ ਨਾਲ ਵਿਸ਼ੇਸ਼ ਮਿਲਣੀ ਉਪਰੰਤ ਗੱਲਬਾਤ ਕਰਦਿਆਂ ਕਿਹਾ ਕਿ ਬੀਤੇ ਦਿਨ ਮਜੀਠਾ ਵਿਖੇ ਨਗਰ ਕੌਂਸਲ ਮਜੀਠਾ ਦਾ ਦਫਤਰ ਜਿਹੜਾ ਕਿ ਕਰੀਬ ਇੱਕ ਸਾਲ ਪਹਿਲਾਂ ਤੋਂ ਬਣਿਆ ਹੈ, ਦਾ ਉਦਘਾਟਨ ਕਰਕੇ ਇੱਕ ਪਾਸੇ ਲੋਕਾਂ ਨੂੰ ਮੂਰਖ ਬਣਾਇਆ ਹੈ, ਦੂਸਰਾ ਸੰਵਿਧਾਨ ਅਤੇ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਹਨ ਕਿਉਂਕਿ ਕਿਸੇ ਵੀ ਹਲਕੇ ਵਿਚ ਸਰਕਾਰੀ ਸਮਾਗਮ ਕਰਨਾ ਹੁੰਦਾ ਹੈ ਤਾਂ ਉਸ ਹਲਕੇ ਦੇ ਲੋਕਾਂ ਵੱਲੋਂ ਚੁਣੇ ਗਏ ਨੁਮਾਇੰਦਿਆਂ ਨੂੰ ਜ਼ਰੂਰ ਉਸ ਸਮਾਗਮ ਦਾ ਹਿੱਸਾ ਬਣਾਇਆ ਜਾਂਦਾ ਹੈ ਪਰ ਬੀਤੇ ਦਿਨ ਨਗਰ ਕੌਂਸਲ ਦਫਤਰ ਵਿਖੇ ਕਰਾਏ ਗਏ ਸਮਾਗਮ ਵਿਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਦਫਤਰ ਦਾ ਉਦਘਾਟਨ ਕੀਤਾ ਗਿਆ, ਜਿਸ ਦੌਰਾਨ ਲਗਾਏ ਗਏ ਸਿੱਲ ਪੱਥਰ 'ਤੇ ਨਾ ਤਾਂ ਹਲਕਾ ਵਿਧਾਇਕ ਦਾ ਨਾਮ ਲਿਖਿਆ ਗਿਆ ਅਤੇ ਨਾ ਹੀ ਹਲਕਾ ਵਿਧਾਇਕ ਨੂੰ ਸੱਦਾ ਪੱਤਰ ਦਿੱਤਾ ਗਿਆ। ਇਥੋਂ ਤੱਕ ਕਿ ਨਗਰ ਕੌਂਸਲ ਦੇ ਪ੍ਰਧਾਨ ਅਤੇ ਕੌਂਸਲਰਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਜਿਹੜਾ ਕਿ ਭਾਰਤੀ ਸੰਵਿਧਾਨ ਦੇ ਉਲਟ ਹੈ।ਗਨੀਵ ਕੌਰ ਮਜੀਠੀਆ ਨੇ ਕਿਹਾ ਕਿ ਸਰਕਾਰੀ ਦਫਤਰ ਦੇ ਸਿੱਲ ਪੱਥਰ ਤੇ ਅਣਅਧਿਕਾਰਤ ਵਿਅਕਤੀਆਂ ਦੇ ਨਾਮ ਲਿਖਣੇ ਵੀ ਸੰਵਿਧਾਨ ਦੀ ਉਲੰਘਣਾ ਹੈ।ਇਸ ਮੌਕੇ ਗਨੀਵ ਕੌਰ ਮਜੀਠੀਆ ਦੇ ਨਾਲ ਮਜੀਠੀਆ ਦੇ ਸਿਆਸੀ ਸਕੱਤਰ ਐਡਵੋਕੇਟ ਰਾਕੇਸ਼ ਪ੍ਰਾਸ਼ਰ, ਗਗਨਦੀਪ ਸਿੰਘ ਭਕਨਾ, ਮਾਰਕੀਟ ਕਮੇਟੀ ਮਜੀਠਾ ਦੇ ਸਾਬਕਾ ਵਾਈਸ ਚੇਅਰਮੈਨ ਦੁਰਗਾ ਦਾਸ, ਸਾਬਕਾ ਪ੍ਰਧਾਨ ਕੌਂਸਲਰ ਤਰੁਨ ਕੁਮਾਰ ਅਬਰੋਲ, ਸੀਨੀਅਰ ਮੀਤ ਪ੍ਰਧਾਨ ਪ੍ਰਿੰਸ ਨਈਅਰ, ਅਜੇ ਕੁਮਾਰ ਚੋਪੜਾ, ਬਿੱਲਾ ਸ਼ਾਹ ਆੜ੍ਹਤੀਆ ਅਤੇ ਨਰੇਸ਼ ਕੁਮਾਰ ਆਦਿ ਅਕਾਲੀ ਵਰਕਰ ਹਾਜ਼ਰ ਸਨ।



# ਗੈਰ-ਕਾਨੂੰਨੀ ਤੌਰ 'ਤੇ ਯੂਰੀਆ ਖਾਦ ਦੀ ਸਪਲਾਈ ਕਰਦਾ ਟਰੱਕ ਫੜਿਆ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਕੁੱਲ ਹਿੰਦ ਕਿਸਾਨ ਸਭਾ ਅਤੇ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਨੇ ਬੀਤੇ ਕੱਲ ਯੂਰੀਆ ਖਾਦ ਦਾ ਇੱਕ ਟਰੱਕ ਜਿਸ ਵਿੱਚ 600 ਬੋਰੀਆਂ ਖਾਦ ਦੀਆਂ ਲੱਦੀਆਂ ਹੋਈਆਂ ਸਨ ਅਤੇ ਇੱਕ ਫੈਕਟਰੀ ਵਿੱਚ ਗੈਰ-ਕਨੂੰਨੀ ਤੌਰ 'ਤੇ ਇਹ ਖਾਦ ਲਾਹੀ ਜਾ ਰਹੀ ਸੀ, ਨੂੰ ਸੂਚਨਾ ਮਿਲਣ ਤੇ ਲਖਬੀਰ ਸਿੰਘ ਸੂਬਾ ਸਕੱਤਰ ਅਤੇ ਭੁਪਿੰਦਰ ਸਿੰਘ ਤੀਰਥਪੁਰ ਦੀ ਅਗਵਾਈ ਹੇਠ ਟਰੱਕ ਵਿੱਚੋਂ ਖਾਦ ਲਹਾਉਣ ਵਾਲੇ ਵਿਅਕਤੀਆਂ ਨੂੰ ਪੁੱਛਿਆ ਤਾਂ ਟਰੱਕ ਡਰਾਈਵਰ ਨੇ ਗੱਡੀ ਭਜਾ ਲਈ, ਜਿਸ 'ਤੇ ਖਾਦ ਰਿਟੇਲਰ ਹਰਵਿੰਦਰ ਸਿੰਘ ਫਰੈਂਡਜ਼ ਐਗਰੋ ਅਤੇ ਹੋਰ ਸਾਥੀਆਂ ਦੀ ਮਦਦ ਨਾਲ ਪਿੱਛਾ ਕਰਕੇ ਟਰੱਕ ਨੂੰ ਫੜ ਕੇ ਵੱਲਾ ਚੌਕੀ ਵਿਖੇ ਲਿਆਂਦਾ ਗਿਆ।ਤਫਤੀਸ਼ ਦੌਰਾਨ ਜਦੋਂ ਟਰੱਕ ਡਰਾਈਵਰ ਕੋਲੋਂ ਖਾਦ ਸਬੰਧੀ ਕਾਗਜ਼ ਮੰਗੇ ਤਾਂ ਉਸਨੇ ਜੋ ਕਾਗਜ਼ ਪੁਲਸ ਨੂੰ ਸੌਂਪੇ ਉਸ ਅਨੁਸਾਰ ਇਸ ਟਰੱਕ ਨੇ ਭਿੱਟੇਵੱਡ ਕੋਆਪ੍ਰਟਿਵ ਸੋਸਾਇਟੀ ਵਿੱਚ ਖਾਦ ਦੀ ਪਹੁੰਚ ਕਰਨੀ ਸੀ।ਤਫਤੀਸ਼ ਦੌਰਾਨ ਇਹ ਵੀ ਪਾਇਆ ਗਿਆ ਕਿ ਟਰੱਕ ਡਰਾਈਵਰ ਨੇ ਜੋ ਖਾਦ ਦੀ ਪ੍ਰਾਪਤੀ ਰਸੀਦ ਭਿੱਟੇਵੱਢ ਤੋਂ ਕਰਨੀ ਸੀ, ਉਹ ਪਹਿਲਾਂ ਹੀ ਖਾਦ ਪਰਾਪਤੀ ਦੀ ਰਸੀਦ ਦਵਿੰਦਰ ਸਿੰਘ ਸਕੱਤਰ ਭਿੱਟੇਵੱਡ ਸੋਸਾਇਟੀ ਨੇ ਕੀਤੀ ਹੋਈ ਸੀ।ਇਸ ਘਟਨਾ ਸਬੰਧੀ ਜਥੇਬੰਦੀ ਨੇ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀਆਂ ਤੱਕ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਲਈ ਪਹੁੰਚ ਕੀਤੀ, ਪਰੰਤੂ ਦੋਸ਼ੀ ਤਾਕਤਵਰ ਹੋਣ ਕਾਰਣ ਵੱਲਾ ਪੁਲਸ ਦੇ ਅਧਿਕਾਰੀ ਲਗਾਤਾਰ ਟਾਲਮਟੋਲ ਕਰਦੇ ਰਹੇ, ਜਿਸ 'ਤੇ ਜਥੇਬੰਦੀ ਨੇ ਥਾਣੇ ਅੰਦਰ ਧਰਨਾ ਲਾ ਦਿੱਤਾ ਅਤੇ ਪੁਲਸ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਜਿਸ 'ਤੇ ਰਾਤ ਡੀ. ਐੱਸ. ਪੀ. ਸੀਤਲ ਸਿੰਘ ਅਤੇ ਐਸ. ਪੀ. ਹਰਪਾਲ ਸਿੰਘ ਰਾਤ 11 ਵਜੇ ਥਾਣੇ ਪਹੁੰਚੇ ਅਤੇ ਐੱਫ. ਆਈ. ਆਰ. ਦਰਜ ਕਰਕੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ। ਪੁਲਸ ਵੱਲੋਂ ਰਾਤ 12 ਵਜੇ ਐੱਫ. ਆਈ. ਆਰ. ਨੰਬਰ 185 ਥਾਣਾ ਮਕਬੂਲਪੁਰ ਵਿਖੇ ਦੋਸ਼ੀਆਂ ਖਿਲਾਫ ਦਰਜ ਹੋਣ ਤੋਂ ਬਾਅਦ ਕਾਪੀ ਮਿਲਣ ਤੇ ਜਥੇਬੰਦੀ ਵੱਲੋਂ ਧਰਨਾ ਸਮਾਪਤ ਕਰ ਦਿੱਤਾ ਗਿਆ।ਇਸ ਸਬੰਧੀ ਅੱਜ ਜਥੇਬੰਦੀ ਵੱਲੋਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਕਿਸਾਨ ਆਗੂ ਲੱਖਬੀਰ ਸਿੰਘ ਦੀ ਅਗਵਾਈ ਹੇਠ ਮੰਗ ਪੱਤਰ ਦਿੱਤਾ ਗਿਆ ਅਤੇ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਪਿਛਲੇ ਸਮੇ ਆਈ ਖਾਦ ਦੀ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ।ਧਰਨੇ ਸਮੇਂ ਕਿਸਾਨ ਆਗੂ ਤਰਸੇਮ ਸਿੰਘ ਨੰਗਲ, ਕਰਨੈਲ ਸਿੰਘ ਨਵਾਂ ਪਿੰਡ, ਰਾਜਬੀਰ ਸਿੰਘ ਫਤਿਹਪੁਰ, ਜਸਵਿੰਦਰ ਸਿੰਘ, ਜਸਪਾਲ ਸਿੰਘ ਨਬੀਪੁਰ, ਗੁਰਮੇਜ ਸਿੰਘ, ਮਲਕੀਤ ਸਿੰਘ ਮੱਖਣ ਵਿੰਡੀ, ਹਰਜੀਤ ਸਿੰਘ ਨਿਜ਼ਾਮਪੁਰ, ਮਹਿਲ ਸਿੰਘ ਛਾਪਾ, ਧਰਮਿੰਦਰ ਸਿੰਘ ਕਿਲਾ, ਪ੍ਰਤਾਪ ਸਿੰਘ ਛੀਨਾ, ਅਵਤਾਰ ਸਿੰਘ, ਭੁਪਿੰਦਰ ਸਿੰਘ ਵਡਾਲਾ ਜੌਹਲ ਸਮੇਤ ਸੈਂਕੜੇ ਕਿਸਾਨ ਹਾਜ਼ਰ ਸਨ।



# ਡੇਂਗੂ ਦੇ ਲਾਰਵੇ ਸਬੰਧੀ ਜਾਗਰੂਕਤਾ ਹਿੱਤ ਕੈਂਪ ਲਗਾਇਆ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਸਿਵਲ ਸਰਜਨ ਅੰਮ੍ਰਿਤਸਰ ਡਾ. ਕਿਰਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਮੋਨਾ ਚਤਰਥ ਐੱਸਐੱਮਓ ਤਰਸਿੱਕਾ ਵਲੋਂ ਸੀਡੀਪੀਓ ਦਫਤਰ ਤਰਸਿੱਕਾ ਵਿਖੇ ਡੇਂਗੂ ਦੇ ਲਾਰਵੇ ਸਬੰਧੀ ਜਾਗਰੂਕ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਡੇਂਗੂ ਬੁਖਾਰ ਅਤੇ ਇਸ ਦੇ ਬਚਾਆ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਬੁਖਾਰ ਇੱਕ ਵੱਖਰੀ ਕਿਸਮ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਡੇਂਗੂ ਦਾ ਮੱਛਰ ਸਾਫ ਪਾਣੀ ਵਿਚ ਪਨਪਦਾ ਹੈ। ਇਹ ਦਿਨ ਅਤੇ ਸ਼ਾਮ ਵੇਲੇ ਕੱਟਦਾ ਹੈ। ਉਨ੍ਹਾਂ ਕਿਹਾ ਕਿ ਪਿੰਡ ਵਾਸੀ ਆਪਣੇ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਣ ਅਤੇ ਬਾਰਿਸ਼ ਦੇ ਪਾਣੀ ਨੂੰ ਘਰਾਂ ਲਾਗੇ ਖੜਾ ਨਾ ਹੋਣ ਦੇਣ। ਇਸ ਮੌਕੇ ਗੁਰਮੁੱਖ ਸਿੰਘ ਬੀਈਈ ਵੱਲੋਂ ਵੀ ਕੂਲਰਾਂ, ਗਮਲਿਆਂ, ਫਰਿਜਾਂ ਦੀਆਂ ਟਰੇਆਂ, ਛੱਤਾਂ ਅਤੇ ਆਲੇ ਦੁਆਲੇ ਪਏ ਪੁਰਾਣੇ ਟਾਇਰਾਂ, ਭਾਂਡਿਆਂ, ਟੁੱਟੇ ਗਮਲਿਆਂ, ਟੈਂਕੀਆਂ ਵਿਚ ਬਾਰਿਸ਼ ਦਾ ਪਾਣੀ ਨਾ ਇਕੱਠਾ ਹੋਣ ਲਈ ਪ੍ਰੇਰਿਤ ਕੀਤਾ। ਡੇਂਗੂ ਦੇ ਮੱਛਰ ਕਾਰਨ ਜਿਥੇ ਬੁਖਾਰ ਹੁੰਦਾ ਹੈ ਉਥੇ ਸਿਰਦਰਦ, ਮਸੂੜਿਆਂ ਵਿਚੋਂ ਖ਼ੂਨ ਆਉਣਾ, ਮਾਸਪੇਸ਼ੀਆਂ ਵਿਚ ਦਰਦ, ਉਲਟੀਆਂ ਆਉਣਾ ਆਦਿ ਲੱਛਣ ਹੋ ਸਕਦੇ ਹਨ। ਇਸ ਤੋਂ ਬਚਾਅ ਲਈ ਆਪਣੇ ਸਰੀਰ ਨੂੰ ਪੂਰੀ ਤਰ੍ਹਾਂ ਕਵਰ ਕਰ ਕੇ ਰੱਖਣਾ ਚਾਹੀਦਾ ਹੈ। ਰਾਤ ਨੂੰ ਸੌਣ ਸਮੇਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਡੇਂਗੂ ਬੁਖਾਰ ਦਾ ਟੈੱਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ।



# ਸੰਯੁਕਤ ਕਿਸਾਨ ਮੋਰਚੇ ਨੇ ਮੰਗਾਂ ਨੂੰ ਲੈ ਕੇ ਐੱਸ ਡੀ ਐੱਮ ਦਫਤਰ ਅੱਗੇ ਦਿੱਤਾ ਧਰਨਾ

ਡੇਰਾਂ ਬਾਬਾ ਨਾਨਕ (ਰਮੇਸ਼ ਸ਼ਰਮਾ)-ਸੰਯੁਕਤ ਕਿਸਾਨ ਮੋਰਚਾ ਵੱਲੋਂ ਐੱਸਡੀਐੱਮ ਦਫਤਰ ਡੇਰਾ ਬਾਬਾ ਨਾਨਕ ਵਿਖੇ ਕਿਰਸਾਨੀ ਮੰਗਾਂ ਦੇ ਹਿੱਤ ਵਿੱਚ ਧਰਨਾ ਦਿੱਤਾ ਗਿਆ। ਇਸ ਮੌਕੇ ਬੋਲਦਿਆਂ ਪੰਜਾਬ ਕਿਸਾਨ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਅਸ਼ਵਨੀ ਕੁਮਾਰ ਲੱਖਣ ਕਲਾਂ, ਸੁਖਦੇਵ ਸਿੰਘ ਭਾਗੋਕਾਵਾਂ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਦਿਲਬਾਗ ਸਿੰਘ ਡੋਗਰ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਨੇ ਕਿਹਾ ਕਿ ਖੰਨਾ ਚੰਮਾਰਾ ਵਿਚਲੀ ਐੱਸਜੀਪੀਸੀ ਦੀ ਜ਼ਮੀਨ ਦੇ ਮੁਜਾਰੇ ਕਿਸਾਨਾਂ ਦਾ ਰੈਂਟ ਸਰਕਾਰੀ ਖਜ਼ਾਨੇ ਵਿੱਚ ਜਮ੍ਹਾ ਕੀਤਾ ਜਾਵੇ ਕਿਉਂਕਿ ਐੱਸਜੀਪੀਸੀ ਵੱਲੋਂ ਰੈਂਟ ਲੈਣ ਤੋਂ ਇਨਕਾਰੀ ਹੈ, ਹਾਲਾਂਕਿ ਸਿਵਲ ਕੋਰਟ ਬਟਾਲਾ ਵਲੋਂ ਪ੍ਰਤੀ ਏਕੜ ਰੈਂਟ ਦੀ ਰਕਮ ਤਹਿ ਕੀਤੀ ਗਈ ਹੈ। ਪਿਛਲੇ ਚਾਰ ਸਾਲਾਂ ਤੋਂ ਐੱਸਡੀਐੱਮ ਦਫਤਰ ਨੂੰ ਅਰਜ਼ੀਆਂ ਦਿੱਤੀਆਂ ਹੋਈਆਂ ਹਨ ਪਰ ਇਸ ਦੇ ਬਾਵਜੂਦ ਦਫਤਰ ਰੈਂਟ ਜਮਾ ਕਰਨ ਦੇ ਹੁਕਮ ਨਹੀਂ ਦੇ ਰਿਹਾ। ਉਨ੍ਹਾਂ ਕਿਹਾ ਕਿ ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਸ ਸਮੇਂ ਤੋਂ ਲੈ ਕੇ ਹੁਣ ਤੱਕ ਸਬ ਡਵੀਜ਼ਨ ਡੇਰਾ ਬਾਬਾ ਨਾਨਕ ਵਿੱਚ ਕਰੀਬ 23 ਵਾਰ ਐੱਸਡੀਐੱਮ ਬਦਲ ਕੇ ਜਾ ਚੁੱਕੇ ਹਨ, ਮੁਜਾਰਿਆਂ ਦੇ ਇਸ ਮਸਲੇ ਨੂੰ ਕਿਸੇ ਵੀ ਅਫਸਰ ਵੱਲੋਂ ਗੰਭੀਰਤਾ ਨਾਲ ਨਹੀਂ ਲਿਆ ਗਿਆ।ਆਗੂਆਂ ਕਿਹਾ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ ਅੰਦਰ ਰੈਂਟ ਜਮ੍ਹਾ ਨਾ ਕੀਤਾ ਗਿਆ ਤਾਂ ਮੁਜਾਰੇ ਕਿਸਾਨ ਡੇਰਾ ਬਾਬਾ ਨਾਨਕ ਦੇ ਐੱਸਡੀਐੱਮ ਦਫ਼ਤਰ ਅੱਗੇ ਰਾਤ ਦਿਨ ਧਰਨੇ ਉਪਰ ਬੈਠਣ ਲਈ ਮਜਬੂਰ ਹੋਣਗੇ।ਇਸ ਸਮੇਂ ਪੰਜਾਬ ਵਿੱਚ ਹੜ੍ਹਾਂ ਨਾਲ ਫਸਲਾਂ ਦੀ ਬਰਬਾਦੀ ਦਾ ਪ੍ਰਤੀ ਏਕੜ 50 ਹਜ਼ਾਰ ਰੁਪਏ ਮੁਆਵਜ਼ਾ ਦੇਣ ਦੀ ਵੀ ਮੰਗ ਕੀਤੀ ਗਈ।ਧਰਨੇ ਨੂੰ ਕਿਸਾਨ ਆਗੂ ਸਰਵਣ ਸਿੰਘ, ਸੁਰਜੀਤ ਸਿੰਘ ਬਾਜਵਾ, ਕੁਲਵੰਤ ਸਿੰਘ ਰਾਮਦਵਾਲੀ, ਬਿਕਰਮਜੀਤ ਸਿੰਘ ਸ਼ਹਿਜ਼ਾਦਾ, ਬਲਵਿੰਦਰ ਸਿੰਘ, ਸੱਤਾ ਛੀਨਾ, ਮਾਸਟਰ ਸੁੱਚਾ ਸਿੰਘ ਅਤੇ ਗੁਰਦੀਪ ਸਿੰਘ ਕਾਮਲਪੁਰ ਨੇ ਵੀ ਸੰਬੋਧਨ ਕੀਤਾ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਲਾ ਨੇ ਫੋਕ ਡਾਂਸ ਮੁਕਾਬਲਾ ਪਹਿਲੇ ਸਥਾਨ 'ਤੇ ਰਹਿ ਕੇ ਜਿੱਤਿਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)—ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਲਾ ਵਿਖੇ ਬੀਐੱਨਐੱਨਓ ਵਿਜੇ ਕੁਮਾਰ ਦੀ ਨਿਗਰਾਨੀ ਹੇਠ ਖੇਡ ਮੁਕਾਬਲੇ ਕਰਵਾਏ ਗਏ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਬੀਐੱਨਐੱਨ ਵਿਜੇ ਕੁਮਾਰ ਨੇ ਦੱਸਿਆ ਕਿ ਪ੍ਰਿੰਸੀਪਲ ਕਮਲਜੀਤ ਕੌਰ ਦੇ ਪ੍ਰਬੰਧਾਂ ਹੇਠ ਫੋਕ ਡਾਂਸ ਅਤੇ ਰੋਲ ਪਲੇ ਤੇ ਰੈੱਡ ਰਿਬਨ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਬਲਾਕ ਕਾਦੀਆਂ ਦੇ 10 ਸਕੂਲਾਂ ਦੇ 50 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਲਾ ਇਸ ਪ੍ਰਤੀਯੋਗਤਾ ਵਿੱਚ ਪਹਿਲੇ ਨੰਬਰ 'ਤੇ ਰਿਹਾ। ਇਸੇ ਤਰਾਂ ਰੋਲ ਪਲੇ ਮੁਕਾਬਲਿਆਂ ਵਿੱਚ 18 ਸਕੂਲਾਂ ਦੇ 70 ਵਿਦਿਆਰਥੀਆਂ ਨੇ ਭਾਗ ਲਿਆ। ਸੀਨੀਅਰ ਸੈਕੰਡਰੀ ਸਕੂਲ ਖਜਾਲਾ ਪਹਿਲੇ ਸਥਾਨ ਉੱਤੇ ਰਿਹਾ। ਰੈੱਡ ਰਿਬਨ ਕੁਇਜ਼ ਮੁਕਾਬਲੇ ਵਿੱਚ ਤਿੰਨ ਸਕੂਲਾਂ ਦੇ ਛੇ ਵਿਦਿਆਰਥੀਆਂ ਨੇ ਭਾਗ ਲਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੇ ਪਹਿਲਾ ਸਥਾਨ ਹਾਸਲ ਕੀਤਾ। ਬਲਾਕ ਨੋਡਲ ਅਫਸਰ ਵਿਜੇ ਕੁਮਾਰ ਨੇ ਦੱਸਿਆ ਕਿ ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ 27 ਅਗਸਤ ਨੂੰ ਜ਼ਿਲ੍ਹਾ ਪੱਧਰ 'ਤੇ ਹੋਣ ਵਾਲੀਆਂ ਪ੍ਰਤੀਯੋਗਤਾਵਾਂ ਵਿੱਚ ਭਾਗ ਲਵੇਗੀ। ਅਰਵਿੰਦਰਜੀਤ ਸਿੰਘ ਸਾਇੰਸ ਮਾਸਟਰ, ਸਰਬਜੀਤ ਸਿੰਘ ਸਾਇੰਸ ਮਾਸਟਰ ਅਤੇ ਮੈਡਮ ਕਮਲਜੀਤ ਕੌਰ ਮਸਾਣੀਆਂ ਨੇ ਬਤੌਰ ਜੱਜ ਦੀ ਭੂਮਿਕਾ ਨਿਭਾਈ। ਅਵਲ ਰਹਿਣ ਵਾਲੀਆਂ ਟੀਮਾਂ ਨੂੰ ਬਲਾਕ ਨੋਡਲ ਅਫਸਰ ਵਿਜੇ ਕੁਮਾਰ ਅਤੇ ਪ੍ਰਿੰ. ਕਮਲਜੀਤ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ।



# ਸਰਕਾਰ ਦੀ ਧੱਕੇਸ਼ਾਹੀ ਖਿਲਾਫ ਭਾਜਪਾ ਵਰਕਰ ਤੇ ਆਗੂ ਝੁਕਣਗੇ ਨਹੀਂ : ਕਾਹਲੋਂ/ਸੇਖੜੀ/ਲਾਡੀ

ਬਟਾਲਾ, (ਤਰਲੋਕ ਬੱਗਾ)-ਬੀਤੇ ਦਿਨ ਭਾਜਪਾ ਵੱਲੋਂ ਸੂਬੇ ਭਰ ਵਿੱਚ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਦੀਆਂ ਯੋਜਨਾਵਾਂ ਅਤੇ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਬੰਧੀ ਭਾਜਪਾ ਆਗੂਆਂ ਦੇ ਵਰਕਰਾਂ ਵੱਲੋਂ ਵੱਖ-ਵੱਖ ਸਹਿਰਾਂ ਅਤੇ ਹਲਕਿਆਂ ਅੰਦਰ ਕੈਪ ਲਗਾਏ ਗਏ ਸਨ ਜਿਸ ਤੋਂ ਬੁਖਲਾਹਟ ਵਿੱਚ ਆ ਕੇ ਪੰਜਾਬ ਦੀ ਸਰਕਾਰ ਵੱਲੋਂ ਜਿੱਥੇ ਭਾਜਪਾ ਦੇ ਕੈਂਪਾਂ ਨੂੰ ਬੰਦ ਕਰਵਾਇਆ ਗਿਆ ਉਥੇ ਹੀ ਵੱਡੀ ਗਿਣਤੀ ਭਾਜਪਾ ਦੇ ਆਗੂਆਂ ਨੂੰ ਗ੍ਰਿਫਤਾਰ ਵੀ ਕੀਤਾ ਅਤੇ ਸ਼ਰੇਆਮ ਧੱਕੇਸ਼ਾਹੀ ਕੀਤੀ ਜਿਸ ਦੇ ਰੋਸ ਵਜੋਂ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਭਾਜਪਾ ਦੇ ਵੱਖ-ਵੱਖ ਆਗੂਆਂ ਵੱਲੋਂ ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਗਟ ਕੀਤਾ ਗਿਆ। ਭਾਜਪਾ ਆਗੂਆਂ ਨੇ ਕਿਹਾ ਕਿ ਹਰ ਪਾਰਟੀ ਦਾ ਆਪਣਾ ਫਰਜ਼ ਹੁੰਦਾ ਹੈ ਕਿ ਉਹ ਆਪਣੀਆਂ ਸਰਕਾਰ ਦੀਆਂ ਪ੍ਰਾਪਤੀਆਂ ਤੇ ਨੀਤੀਆਂ ਲੋਕਾਂ ਤੱਕ ਪਹੁੰਚਾਵੇ ਲੇਕਿਨ ਪੰਜਾਬ ਸਰਕਾਰ ਜੋ ਖੁਦ ਸੂਬੇ ਦੇ ਲਈ ਕੁਝ ਨਹੀਂ ਕਰ ਰਹੀ ਲੇਕਿਨ ਕੇਂਦਰ ਸਰਕਾਰ ਦੀ ਯੋਜਨਾਵਾਂ ਨੂੰ ਦਬਾ ਰਹੀ ਹੈ ਜੋ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਪ੍ਰਾਪਤੀਆਂ ਸਬੰਧੀ ਕੈਂਪ ਲਗਾਏ ਜਾਣਗੇ ਅਤੇ ਸਰਕਾਰ ਦੀ ਧੱਕੇਸ਼ਾਹੀ ਅੱਗੇ ਝੁਕਿਆ ਨਹੀਂ ਜਾਵੇਗਾ। ਇਸ ਮੌਕੇ ਜ਼ਿਲ੍ਹਾ ਜਨਰਲ ਸੈਕਟਰੀ ਰੌਸ਼ਨ ਲਾਲ, ਵਾਈਸ ਪ੍ਰਧਾਨ ਸ਼ਕਤੀ ਸ਼ਰਮਾ, ਪੰਜਾਬ ਕਾਰਕਰਨੀ ਮੈਂਬਰ ਭੂਸ਼ਣ ਬਜਾਜ, ਸਿਟੀ ਮੰਡਲ ਪ੍ਰਧਾਨ ਬਲਵਿੰਦਰ, ਮੰਡਲ ਪ੍ਰਧਾਨ ਦੀਪਕ ਜੋਸ਼ੀ, ਪ੍ਰਧਾਨ ਗੁਰਦੀਪ ਸਿੰਘ, ਰਵਿੰਦਰ ਸਿੰਘ ਖੱਖ, ਰਣਜੀਤ ਸਿੰਘ ਪੰਨੂ, ਜਤਿੰਦਰ ਸਿੰਘ, ਕਸ਼ਮੀਰ ਸਿੰਘ, ਪ੍ਰਦੀਪ ਕੁਮਾਰ, ਰਜਿੰਦਰ ਸਿੰਘ, ਕਪਿਲ ਸ਼ਰਮਾ ਅਤੇ ਹੋਰ ਭਾਜਪਾ ਆਗੂ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਵਿੱਦਿਅਕ ਪ੍ਰਫੁੱਲਤਾ ਲਈ ਲਗਾਇਆ ਸੈਮੀਨਾਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਵਿੱਦਿਅਕ ਪ੍ਰਫੁੱਲਤਾ ਲਈ ਸੈਮੀਨਾਰ ਲਗਾਇਆ ਗਿਆ ।ਇਸ ਸੈਮੀਨਾਰ ਵਿੱਚ ਮੁੱਖ ਪ੍ਰਚਾਰਕ ਸਤਨਾਮ ਸਿੰਘ ਸਲੋਪੁਰੀ ਨੇ ਸ਼ਿਰਕਤ ਕੀਤੀ।ਸਰਦਾਰ ਸਲੋਪੁਰੀ ਨੇ ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਪੜ੍ਹਾਈ ਦੀਆਂ ਕਦਰਾਂ ਕੀਮਤਾਂ ਬਾਰੇ ਜਾਣੂ ਕਰਵਾਇਆ ।ਉਹਨਾਂ ਨੇ ਵਿਦਿਆਰਥੀਆਂ ਨੂੰ ਸਫਲਤਾ ਦੇ ਪੰਜ ਸਹਿਜ ਪਾਠ, ਸੈਲਫ ਸਟੱਡੀ, ਸਕਿਲਜ਼, ਸਕਾਲਰਸ਼ਿਪ, ਸ਼ੇਅਰਿੰਗ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਦੱਸਿਆ ਕਿ ਨੌਜਵਾਨ ਸਮਾਜ ਦਾ ਸਰਮਾਇਆ ਹੁੰਦੇ ਹਨ ਸਾਨੂੰ ਲੋੜ ਹੈ ਇਸ ਸਰਮਾਏ ਨੂੰ ਸੰਭਾਲਣ ਦੀ ਅਤੇ ਸਹੀ ਦਿਸ਼ਾ ਦੇਣ ਦੀ।ਸਹੀ ਦਿਸ਼ਾ ਹੀ ਸਮਾਜ ਦੀ ਸੋਚ ਬਦਲੇਗੀ ਅਤੇ ਚੰਗੇ ਸਮਾਜ ਦੀ ਸਿਰਜਣਾ ਕਰੇਗੀ।ਜੇਕਰ ਅਸੀਂ ਆਪਣਾ ਜੀਵਨ ਖੁਸ਼ੀਆਂ ਨਾਲ ਭਰਪੂਰ ਕਰਨਾ ਚਾਹੁੰਦੇ ਹਾਂ ਤਾਂ ਅਸੀਂ ਆਪ ਅਤੇ ਆਪਣੇ ਬੱਚਿਆਂ ਨੂੰ ਸੰਸਾਰੀ ਵਿੱਦਿਆ ਦੇਣ ਦੇ ਨਾਲ ਨਾਲ ਨੈਤਿਕ ਅਤੇ ਅਧਿਆਤਮਕ ਵਿੱਦਿਆ ਵੀ ਦਈਏ ਅਤੇ ਉੱਚੇ ਜੀਵਨ ਵਾਲੇ ਅਧਿਆਪਕ ਆਈਏਐੱਸ. ਆਈਪੀਐੱਸ, ਜੱਜ, ਵਕੀਲ, ਡਾਕਟਰ ਆਦਿ ਬਣਾਈਏ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਵੱਲੋਂ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਗਿਆ ਕਿ ਅਸੀਂ ਆਪਣੇ ਜੀਵਨ ਦੇ ਤੱਤ ਨੂੰ ਪਹਿਚਾਣੀਏ, ਕਮਾਈਏ ਅਤੇ ਆਪਣੇ ਅੰਦਰ ਵੱਧ ਤੋਂ ਵੱਧ ਚੰਗੇ ਗੁਣਾਂ ਨੂੰ ਭਰੀਏ ਅਤੇ ਸੱਚੇ ਸੁੱਚੇ ਰੋਲ ਮਾਡਲ ਬਣ ਕੇ ਸਮਾਜ ਵਿੱਚ ਚੜ੍ਹਦੀ ਕਲਾ ਨਾਲ ਵਿਚਰੀਏ।




# ਮਸਾਣੀਆਂ ਵਿਖੇ ਲੱਗੇ ਮੁਫਤ ਮੈਡੀਕਲ ਕੈਂਪ ਦਾ 627 ਮਰੀਜ਼ਾਂ ਨੇ ਲਿਆ ਲਾਹਾ

ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਜਨ ਜਨ ਤੱਕ ਸਿਹਤ ਸਹੂਲਤਾਂ ਪਹੁੰਚਾਉਣ ਦੇ ਮਕਸਦ ਨਾਲ ਸਿਹਤ ਵਿਭਾਗ ਵੱਲੋਂ ਡਾਇਰੈਕਟਰ ਆਯੂਰਵੇਦ ਅਤੇ ਡਾਇਰੈਕਟਰ ਹੋਮਿਓਪੈਥੀ ਦੇ ਦਿਸਾ ਨਿਰਦੇਸਾਂ ਤਹਿਤ ਆਯੂਰਵੈਦਿਕ ਹਸਪਤਾਲ ਮਸਾਣੀਆਂ ਦੇ ਇੰਚਾਰਜ ਡਾਕਟਰ ਅਮਿਤ ਵਰਮਾ ਦੀ ਅਗਵਾਈ ਹੇਠ ਵਿਸਾਲ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿੱਚ 627 ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ। ਕੈਂਪ ਦੌਰਾਨ ਮਾਹਿਰ ਆਯੂਰਵੈਦਿਕ ਅਤੇ ਹੋਮਿਓਪੈਥੀ ਡਾਕਟਰਾਂ ਵੱਲੋਂ ਮਰੀਜਾਂ ਦਾ ਚੈੱਕ ਅਪ ਕੀਤਾ ਗਿਆ ਅਤੇ ਉਨਾਂ ਨੂੰ ਮੁਫਤ ਦਵਾਈਆਂ ਵੰਡੀਆਂ ਗਈਆਂ। ਡਾ. ਅਮਿਤ ਵਰਮਾ ਨੇ ਦੱਸਿਆ ਕਿ ਇਸ ਮੌਕੇ ਆਏ ਹੋਏ ਮਰੀਜ਼ਾਂ ਨੂੰ ਲੋੜ ਮੁਤਾਬਿਕ ਯੋਗਾ ਵੀ ਕਰਵਾਇਆ ਗਿਆ ਅਤੇ ਉਨ੍ਹਾਂ ਦੇ ਵੱਖ-ਵੱਖ ਤਰ੍ਹਾਂ ਦੇ ਇਲਾਜ ਕੀਤੇ ਗਏ। ਇੱਥੇ ਦੱਸਣਾ ਬਣਦਾ ਹੈ ਕਿ ਜਿਵੇਂ ਪੇਟ ਦੀਆਂ ਬਿਮਾਰੀਆਂ, ਲੀਵਰ ਦੀਆਂ ਬਿਮਾਰੀਆਂ, ਚਮੜੀ ਰੋਗ, ਔਰਤਾਂ ਦੀਆਂ ਬਿਮਾਰੀਆਂ, ਛਾਤੀ ਦੇ ਰੋਗ, ਖਾਂਸੀ ਅਤੇ ਦਮਾ ਆਦਿ ਹੱਡੀਆਂ ਅਤੇ ਜੋੜਾਂ ਦੀਆਂ ਬਿਮਾਰੀਆਂ ਅਤੇ ਗਲਤ ਆਹਾਰ-ਵਿਵਹਾਰ ਤੋਂ ਪੈਦਾ ਹੋਏ ਰੋਗਾਂ ਦੇ ਇਲਾਜ ਵਿੱਚ ਆਯੁਰਵੈਦਿਕ ਅਤੇ ਹੋਮਿਓਪੈਥੀ ਇਲਾਜ ਬਹੁਤ ਕਾਰਗਰ ਸਿੱਧ ਹੁੰਦਾ। ਇਸ ਕੈਂਪ ਵਿੱਚ ਡਾ. ਪੌਰਸ ਪੰਜਾਬ ਸਿੰਘ ਪੰਜ ਗਰਾਈਆਂ ਅਤੇ ਉਨ੍ਹਾਂ ਦੀ ਟੀਮ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਬਹੁਤ ਹੀ ਸ਼ਲਾਘਾਯੋਗ ਸਨ। ਇਸ ਮੌਕੇ ਡਾ. ਮਨਦੀਪ ਕੌਰ, ਉਪ ਵੈਦ ਸੰਦੀਪ ਕੁਮਾਰ, ਉਪਵੈਦ ਮਹਿਕਦੀਪ ਸਿੰਘ, ਡਾ. ਹਰਜਿੰਦਰ ਕੌਰ, ਡਾ. ਅਮਰਿੰਦਰ ਸਿੰਘ ਕਲੇਰ, ਡਾ. ਰਾਜੂ ਕੁਮਾਰ, ਉਪਵੈਦ ਮੈਡਮ ਸਰਈਆ, ਡਾ. ਪੰਜਾਬ ਸਿੰਘ, ਅਮਨਦੀਪ ਅਤੇ ਪਿੰਡ ਮਸਾਣੀਆਂ ਦੇ ਸਰਪੰਚ ਪ੍ਰਭ ਜੀਤ ਸਿੰਘ ਹਾਜ਼ਰ ਸਨ।




# ਭਾਜਪਾ ਆਗੂਆਂ ਦੀ ਗ੍ਰਿਫਤਾਰੀ ਸਰਕਾਰ ਦੀ ਬੁਖਲਾਹਟ ਦੀ ਨਿਸ਼ਾਨੀ : ਹਰਦੀਪ ਗਿੱਲ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਪੰਜਾਬ ਸਰਕਾਰ ਖਿਲਾਫ ਅਰਥੀ ਫੂਕ ਮੁਜ਼ਾਹਰਿਆਂ ਦੀ ਲੜੀ ਤਹਿਤ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਵਿਖੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਅਤੇ ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਹਰਦੀਪ ਸਿੰਘ ਗਿੱਲ ਦੀ ਅਗਵਾਈ ਵਿੱਚ ਪਿੰਡ ਮੇਹਰਬਾਨਪੁਰਾ ਵਿਚ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਪੁਤਲਾ ਸਾੜਿਆ ਗਿਆ।ਇਸ ਮੌਕੇ ਬੋਲਦਿਆਂ ਹਰਦੀਪ ਗਿੱਲ ਤੇ ਬੁਲਾਰਿਆਂ ਨੇ ਕਿਹਾ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਭਾਜਪਾ ਦੀ ਵੱਧ ਰਹੀ ਲੋਕਪ੍ਰਿਯਤਾ ਤੋਂ ਬੁਖਲਾ ਗਈ ਹੈ।ਭਾਜਪਾ ਦੇ ਆਗੂਆਂ ਤੇ ਵਰਕਰਾਂ ਨੂੰ ਨਜਾਇਜ਼ ਹਿਰਾਸਤ ਵਿੱਚ ਰੱਖਣਾ ਅਤੇ ਪੰਜਾਬ ਪੁਲਸ ਰਾਹੀਂ ਲੋਕ ਭਲਾਈ ਸਕੀਮਾਂ ਦੇ ਕੈਂਪ ਬੰਦ ਕਰਵਾਉਣਾ ਪੰਜਾਬ ਸਰਕਾਰ ਦੀ ਬੁਖਲਾਹਟ ਦੀ ਨਿਸ਼ਾਨੀ ਹੈ।ਇਹ ਲੋਕਤੰਤਰ 'ਤੇ ਸਿੱਧਾ ਹਮਲਾ ਹੈ।ਉਨ੍ਹਾਂ ਆਖਿਆ ਕਿ ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਇਸਦਾ ਆਮ ਆਦਮੀ ਦੀ ਭਲਾਈ ਨਾਲ ਕੋਈ ਲੈਣਾ-ਦੇਣਾ ਨਹੀਂ।ਭਾਜਪਾ ਤਾਂ ਸਿਰਫ਼ ਇਹ ਯਕੀਨੀ ਬਣਾ ਰਹੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਜਨ-ਕਲਿਆਣੀ ਯੋਜਨਾਵਾਂ ਦਾ ਲਾਭ ਹਰ ਗਰੀਬ, ਬੇਰੁਜ਼ਗਾਰ, ਕਿਸਾਨ, ਦਲਿਤ, ਮਹਿਲਾ ਅਤੇ ਨੌਜਵਾਨ ਤੱਕ ਪਹੁੰਚੇ।ਇਸ ਲੋਕ ਭਲਾਈ ਕੰਮ 'ਚ ਕੁਝ ਵੀ ਗਲਤ ਜਾਂ ਗੈਰ-ਕਾਨੂੰਨੀ ਨਹੀਂ।ਅਸਲ ਵਿੱਚ ਇਹ ਕਦਮ ਆਪ ਸਰਕਾਰ ਦੀ ਬੇਵਸੀ ਅਤੇ ਲੋਕਤੰਤਰ ਵਿਰੋਧੀ ਸੋਚ ਨੂੰ ਬੇਨਕਾਬ ਕਰਦਾ ਹੈ।ਹਰਦੀਪ ਗਿੱਲ ਨੇ ਕਿਹਾ ਕਿ ਭਾਜਪਾ ਦੇ ਵਰਕਰ ਕਿਸੇ ਧੱਕੇ ਅੱਗੇ ਨਹੀਂ ਝੁਕਣਗੇ ਅਤੇ ਗਰੀਬ ਵਰਗ ਦੀ ਬੇਹਤਰੀ ਲਈ ਹਰ ਸੰਭਵ ਉਪਰਾਲੇ ਕਰਨਗੇ।



# ਸਿੱਖਿਆ ਵਿਭਾਗ ਨੇ 27 ਪ੍ਰੋਫੈਸਰਾਂ ਨੂੰ ਤਰੱਕੀ ਦੇ ਕੇ ਬਣਾਇਆ ਪ੍ਰਿੰਸੀਪਲ : ਬੈਂਸ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸੂਬੇ ਵਿੱਚ ਉਚੇਰੀ ਸਿੱਖਿਆ ਨੂੰ ਹੋਰ ਮਜ਼ਬੂਤ ਕਰਨ ਅਤੇ ਇਸ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਪੰਜਾਬ ਦੇ ਉਚੇਰੀ ਸਿੱਖਿਆ ਵਿਭਾਗ ਨੇ 27 ਐਸੋਸੀਏਟ ਪ੍ਰੋਫੈਸਰਾਂ/ਪ੍ਰੋਫੈਸਰਾਂ ਨੂੰ ਪ੍ਰਿੰਸੀਪਲ (ਕਾਲਜ ਕਾਡਰ) ਵਜੋਂ ਤਰੱਕੀ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਇਨ੍ਹਾਂ ਪਦਉੱਨਤੀਆਂ ਤੋਂ ਬਾਅਦ ਹੁਣ ਪ੍ਰਮੋਸ਼ਨਲ ਕੋਟੇ ਦੀਆਂ ਸਾਰੀਆਂ ਸੀਟਾਂ ਭਰ ਗਈਆਂ ਹਨ। ਹਾਲ ਹੀ ਵਿੱਚ ਹੋਈ ਡੀ.ਪੀ.ਸੀ. ਦੌਰਾਨ ਕੁੱਲ 27 ਨਾਵਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਨ੍ਹਾਂ ਵਿੱਚੋਂ 13 ਫੈਕਲਟੀ ਨੂੰ ਤੁਰੰਤ ਪ੍ਰਭਾਵ ਨਾਲ ਤਰੱਕੀ ਦਿੱਤੀ ਗਈ ਹੈ, ਜਦੋਂਕਿ ਬਾਕੀ 14 ਨੂੰ ਦਸੰਬਰ 2025 ਤੱਕ ਸੀਟਾਂ ਦੀ ਉਪਲਬਧਤਾ ਅਨੁਸਾਰ ਤਰੱਕੀ ਦਿੱਤੀ ਜਾਵੇਗੀ। ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪ੍ਰਿੰਸੀਪਲਾਂ ਦੀਆਂ ਸਿੱਧੇ ਕੋਟੇ ਦੀਆਂ ਆਸਾਮੀਆਂ ਵੀ ਜਲਦੀ ਭਰੀਆਂ ਜਾਣਗੀਆਂ।

# ਸਾਲਾਨਾ ਜੋੜ ਮੇਲਾ ਗੋਇੰਦਵਾਲ ਸਾਹਿਬ ਦੇ ਪ੍ਰੋਗਰਾਮ ਸੰਬੰਧੀ ਇਸ਼ਤਿਹਾਰ ਜਾਰੀ

ਸ੍ਰੀ ਗੋਇੰਦਵਾਲ ਸਾਹਿਬ ਕਾਬਲ ਸਿੰਘ ਮੱਲ੍ਹੀ)-ਸਾਲਾਨਾ 451ਵਾਂ ਜੋੜ ਮੇਲਾ ਸ੍ਰੀ ਗੁਰੂ ਅਮਰਦਾਸ ਜੀ ਦੀ ਯਾਦ ਵਿੱਚ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੋਗਰਾਮਾਂ ਦੀ ਰੂਪ ਰੇਖਾ ਤਿਆਰ ਕੀਤੀ ਗਈ। ਉਸ ਦੇ ਸਬੰਧ ਵਿੱਚ ਇਸ਼ਤਿਹਾਰ ਜਾਰੀ ਕੀਤਾ ਗਿਆ ।ਇਸ ਸਬੰਧ ਵਿੱਚ ਗੁਰਦੁਆਰਾ ਬਾਉਲੀ ਸਾਹਿਬ ਦੇ ਮੈਨੇਜਰ ਗੁਰਾ ਸਿੰਘ ਮਾਨ ਨੇ ਦੱਸਿਆ ਕਿ ਆਉਣ ਵਾਲੀ ਪੰਜ ਛੇ ਸਤੰਬਰ ਦਿਨ ਸ਼ਨੀ ਐਤਵਾਰ ਨੂੰ ਜੋੜ ਮੇਲਾ ਮਨਾਇਆ ਜਾ ਰਿਹਾ ਹੈ ਜਿਸ ਦੇ ਸਬੰਧ ਵਿੱਚ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਨੇ ਕਿਹਾ ਕਿ ਸਭਾ ਸੁਸਾਇਟੀਆਂ ਅਤੇ ਸੰਤਾਂ ਮਹਾਂਪੁਰਸ਼ਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਆਉਣ ਵਾਲੀਆਂ ਸੰਗਤਾਂ ਲਈ ਚਾਹ ਪਾਣੀ ਅਤੇ ਲੰਗਰਾਂ ਦਾ ਖਾਸ ਪ੍ਰਬੰਧ ਕਰਨ ਤਾਂ ਜੋ ਕਿਸੇ ਕਿਸਮ ਦੀ ਕਮੀ ਨਾ ਰਹਿ ਸਕੇ ।

ਉਨ੍ਹਾਂ ਨੇ ਦੱਸਿਆ ਕਿ ਪ੍ਰਸ਼ਾਸਨ ਨੂੰ ਵੀ ਬੇਨਤੀ ਕੀਤੀ ਗਈ ਹੈ ਕਿ ਉਹ ਢੁੱਕਵੇਂ ਤੇ ਪੁਖਤਾ ਪ੍ਰਬੰਧ ਕਰਨ, ਟਰੈਫਿਕ ਦੀ ਸਮੱਸਿਆ ਨੂੰ ਨਜਿੱਠਣ ਵਾਸਤੇ ਟਰੈਫਿਕ ਪੁਲਸ ਆਪਣਾ ਕੰਮ ਸਾਂਭੇ। ਇਸ ਸਬੰਧ ਵਿੱਚ ਉਨ੍ਹਾਂ ਨੇ ਕਿਹਾ ਕਿ ਰਿਹਾਇਸ਼, ਲੰਗਰ ਅਤੇ ਹੋਰ ਜ਼ਰੂਰੀ ਸਹੂਲਤਾਂ ਜੋ ਸੰਗਤਾਂ ਨੂੰ ਚਾਹੀਦੀਆਂ ਹਨ, ਉਨ੍ਹਾਂ ਨੂੰ ਮੁਕੰਮਲ ਕਰ ਲਿਆ ਗਿਆ ਹੈ ।ਰਾਗੀ, ਢਾਡੀ ਜਥੇ ਸੰਗਤਾਂ ਨੂੰ ਗੁਰੂ ਦਾ ਕੀਰਤਨ ਅਤੇ ਗੁਰੂ ਜਸ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਗੁਰਾ ਸਿੰਘ ਮਾਨ, ਐਡੀਸ਼ਨਲ ਮੈਨੇਜਰ ਸਰਬਜੀਤ ਸਿੰਘ, ਐਡੀਸ਼ਨਲ ਮੈਨੇਜਰ ਨਿਰਮਲ ਸਿੰਘ, ਮੀਤ ਮੈਨੇਜਰ ਗੁਰਪ੍ਰੀਤ ਸਿੰਘ, ਰਿਕਾਰਡ ਕੀਪਰ ਰਸ਼ਪਾਲ ਸਿੰਘ, ਰਿਕਾਰਡ ਕੀਪਰ ਹਰਪ੍ਰੀਤ ਸਿੰਘ, ਖਜਾਨਚੀ ਪਰਮਜੀਤ ਸਿੰਘ, ਅਕਾਊਂਟੈਂਟ ਲਵਪ੍ਰੀਤ ਸਿੰਘ, ਜਸਬੀਰ ਸਿੰਘ ਏਸੀ, ਜਸਵਿੰਦਰ ਸਿੰਘ ਏਸੀ, ਰਵਿੰਦਰ ਸਿੰਘ ਇੰਚਾਰਜ ਨਿਵਾਸ, ਸਤਬੀਰ ਸਿੰਘ ਇੰਚਾਰਜ ਕੜਾਹ ਪ੍ਰਸ਼ਾਦ, ਗੁਰਜੀਤ ਸਿੰਘ ਸਟੋਰ ਕੀਪਰ, ਮਨਜੀਤ ਸਿੰਘ ਸਟੋਰ ਕੀਪਰ, ਸਤਨਾਮ ਸਿੰਘ ਇੰਚਾਰਜ ਲੰਗਰ, ਨਿਹਾਲ ਸਿੰਘ ਕਥਾਵਾਚਕ ਕਮ ਹੈੱਡ ਗ੍ਰੰਥੀ, ਰਣਜੀਤ ਸਿੰਘ ਗ੍ਰੰਥੀ, ਪ੍ਰਗਟ ਸਿੰਘ ਇੰਚਾਰਜ ਅਖੰਡ ਪਾਠ ਸਾਹਿਬ ਅਤੇ ਜੈਮਲ ਸਿੰਘ ਕਲਰਕ ਆਦਿ ਹਾਜ਼ਰ ਸਨ।



# ਭਲਕ ਦੀ ਜੇਤੂ ਰੈਲੀ 'ਚ ਬੀਕੇਯੂ ਕਾਦੀਆਂ ਦੇ ਮੈਂਬਰ ਕਰਨਗੇ ਭਰਵੀਂ ਸ਼ਮੂਲੀਅਤ: ਸਨੇਰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)—ਬੀਕੇਯੂ ਕਾਦੀਆਂ ਦੇ ਨਿਧੜਕ ਆਗੂ ਬਲਾਕ ਦੇ ਪ੍ਰਧਾਨ ਸੁਖਦੇਵ ਸਿੰਘ ਸਨੇਰ ਨੇ ਇੱਕ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ 24 ਅਗਸਤ ਦੀ ਜੇਤੂ ਰੈਲੀ ਵਿੱਚ ਮੈਂਬਰ ਵੱਡੀ ਤਾਦਾਦ 'ਚ ਭਾਗ ਲੈਣਗੇ। ਉਨ੍ਹਾਂ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਰਾਜਸੀ ਸ਼ਤਰੰਜੀ ਚਾਲਾਂ ਨਾਲ ਕਿਸਾਨਾਂ ਦੀ ਜ਼ਮੀਨ ਨੂੰ ਹੜੱਪਣ ਦੀ ਕੋਸ਼ਿਸ਼ ਹੋ ਰਹੀ ਹੈ। ਉਨਾਂ ਕਿਸਾਨ ਜਥੇਬੰਦੀ ਦੇ ਵੱਖ-ਵੱਖ ਇਕਾਈਆਂ ਦੇ ਪ੍ਰਧਾਨਾਂ ਅਹੁਦੇਦਾਰਾਂ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਕਿ 24 ਤਰੀਕ ਨੂੰ ਸਮਰਾਲਾ ਵਿਖੇ ਹੋ ਰਹੀ ਜੇਤੂ ਰੈਲੀ ਵਿੱਚ ਆਪਾਂ ਸਭ ਨੇ ਵੱਧ ਤੋਂ ਵੱਧ ਭਾਗ ਲੈਣਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਨੱਥਾ ਸਿੰਘ, ਆਤਮਾ ਸਿੰਘ ਇਕਾਈ ਪ੍ਰਧਾਨ ਮਸੂਰਦੇਵਾ, ਦਰਸ਼ਨ ਸਿੰਘ ਮੀਹਾਂ ਸਿੰਘ ਵਾਲਾ, ਪ੍ਰੀਤਮ ਸਿੰਘ ਮੀਹਾਂ ਸਿੰਘ ਵਾਲਾ, ਗੁਰਪ੍ਰੀਤ ਸਿੰਘ ਜੱਜ, ਮਨਦੀਪ ਸਿੰਘ ਅਲੀਪੁਰ, ਹਰਪ੍ਰੀਤ ਸਿੰਘ ਲੌਂਗੋ ਦੇਵਾ, ਜਸਪ੍ਰੀਤ ਸਿੰਘ ਲੌਂਗੋ ਦੇਵਾ, ਪਾਲ ਸਿੰਘ ਸਨੇਰ, ਨੰਬਰਦਾਰ ਮੋਹਨ ਸਿੰਘ ਫੇਰੋਕੇ, ਬਚਿੱਤਰ ਸਿੰਘ ਬੱਢਾ, ਸਰਵਣ ਸਿੰਘ ਵਿਰਕ, ਬਲਜਿੰਦਰ ਸਿੰਘ ਇਕਾਈ ਪ੍ਰਧਾਨ ਜੀਰਾ, ਕਸ਼ਮੀਰ ਸਿੰਘ ਸੀਰਾ ਜ਼ੀਰਾ, ਬਾਬਾ ਤਰਸੇਮ ਸਿੰਘ ਤਲਵੰਡੀ ਮੰਗੇ ਖਾਂ, ਸਰਪੰਚ ਪਰਮਜੀਤ ਸਿੰਘ ਇਕਾਈ ਪ੍ਰਧਾਨ ਬੋੜਾਂਵਾਲੀ, ਸੁਖਦੇਵ ਸਿੰਘ ਇਕਾਈ ਪ੍ਰਧਾਨ ਵਾੜਾ, ਰਾਜ ਸਿੰਘ ਇਕਾਈ ਪ੍ਰਧਾਨ ਜੀਰਾ, ਅੰਮ੍ਰਿਤਪਾਲ ਸਿੰਘ ਇਕਾਈ ਪ੍ਰਧਾਨ ਸਾਧੂ ਵਾਲਾ, ਬਾਬਾ ਗੁਰਚਰਨ ਸਿੰਘ, ਜੈਦੀਪ ਸਿੰਘ ਇਕਾਈ ਪ੍ਰਧਾਨ ਸੰਤੂਵਾਲਾ, ਜਗਬੀਰ ਸਿੰਘ ਇਕਾਈ ਪ੍ਰਧਾਨ ਹੋਲਾਂਵਾਲੀ ਆਦਿ ਮੈਂਬਰ ਹਾਜ਼ਰ ਸਨ।



# ਰੋਸ ਵਜੋਂ ਭਾਜਪਾ ਆਗੂਆਂ ਨੇ ਫੂਕਿਆ ਸੂਬਾ ਸਰਕਾਰ ਦਾ ਪੁਤਲਾ

ਛੇਹਰਟਾ, (ਮਨੋਜ ਕੁਮਾਰ)-ਕੇਂਦਰ ਸਰਕਾਰ ਦੀਆਂ ਨੀਤੀਆਂ ਘਰ-ਘਰ ਪਹੁੰਚਾਉਣ 'ਤੋਂ ਰੋਕੇ ਜਾਣ ਖ਼ਿਲਾਫ਼ ਸ਼ੁੱਕਰਵਾਰ ਨੂੰ ਭਾਜਪਾ ਆਗੂਆਂ ਤੇ ਵਰਕਰਾਂ ਨੇ ਖੰਡਵਾਲਾ ਚੌਕ ਵਿਚ ਸੂਬਾ ਸਰਕਾਰ ਦਾ ਪੁਤਲਾ ਫੂਕਿਆ। ਇਸ ਮੌਕੇ ਪੰਜਾਬ ਭਾਜਪਾ ਵਪਾਰ ਮੰਡਲ ਦੇ ਸੂਬਾ ਸਕੱਤਰ ਰਮਨ ਕੁਮਾਰ ਛੇਹਰਟਾ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਹਦਾਇਤਾਂ 'ਤੇ ਭਾਜਪਾ ਦੇ ਆਗੂਆਂ ਤੇ ਵਰਕਰਾਂ ਨੂੰ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਤੋਂ ਰੋਕਿਆ ਜਾ ਰਿਹਾ ਹੈ। ਸੂਬਾ ਸਰਕਾਰ ਦੀਆਂ ਹਦਾਇਤਾਂ 'ਤੇ ਭਾਜਪਾ ਆਗੂਆਂ ਤੇ ਵਰਕਰਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ, ਜੋ ਕਿ ਗੈਰ-ਜਮਹੂਰੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਪ੍ਰਣਾਲੀ ਵਿਚ ਹਰ ਇਕ ਨੂੰ ਆਪਣੀ ਪਾਰਟੀ ਸਰਕਾਰ ਦੀਆਂ ਨੀਤੀਆਂ ਦੇ ਪ੍ਰਚਾਰ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਜਿੰਨੇ ਮਰਜ਼ੀ ਗੈਰ-ਕਾਨੂੰਨੀ ਹੱਥ ਕੰਡੇ ਅਪਣਾ ਲਵੇ, ਉਹ ਲਗਾਤਾਰ ਕੇਂਦਰ ਸਰਕਾਰ ਦੀਆਂ ਕਿਸਾਨ, ਮਜ਼ਦੂਰ ਤੇ ਲੋਕ ਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦੇ ਯਤਨ ਜਾਰੀ ਰੱਖਣਗੇ। ਇਸ ਮੌਕੇ ਹੋਰਨਾਂ ਆਗੂਆਂ ਨੇ ਵੀ ਸੰਬੋਧਨ ਕੀਤਾ। ਅੰਤ ਵਿਚ ਸੂਬਾ ਸਰਕਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਜੋਗਿੰਦਰ ਅੱਠਵਾਲ, ਨਰਾਇਣਗੜ੍ਹ ਮੰਡਲ ਦੇ ਸਾਬਕਾ ਪ੍ਰਧਾਨ ਅਸ਼ਵਨੀ ਬਾਵਾ, ਵਿੱਕੀ ਰੀਕੋ, ਸੂਰਜ ਮੈਦਾਨ ਵਿਪਨ ਨਈਅਰ, ਹੇਮੰਤ ਤਿਵਾੜੀ, ਸ਼ੇਖਰ ਮਹਿਤਾ ਆਦਿ ਹਾਜ਼ਰ ਸਨ।




## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-100 | 05/09/25 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ):18104/F1, 11058/R1, 14633/F1, 12014/F1, 14632/R1, 14632/F1, 14633/F2, 14542/F1, 14633/R1 & 20424/F1. |
| EAFZR-SLR25-101 | 08/09/25 ਨੂੰ 11:00 Hrs. | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 12422/F1, 14682/F1, 14680/F1, 15532/F1, 22552/F1, 12032/F1, 22424/F1, 22126/F1, 14622/F1 & 22446/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ।

2550/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਸਰਕਾਰ ਖਿਲਾਫ ਸੰਘਰਸ਼ ਦਾ ਐਲਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ (ਪੀ ਪੀ ਪੀ ਐੱਫ) ਨੇ ਪੁਰਾਣੀ ਪੈਨਸ਼ਨ ਪ੍ਰਤੀ ਪੰਜਾਬ ਸਰਕਾਰ ਦੇ ਪੂਰਨ ਨਕਾਰਾਤਮਕ ਰਵੱਈਏ ਖਿਲਾਫ ਸੰਘਰਸ਼ ਦਾ ਐਲਾਨ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਫਰੰਟ ਦੇ ਸੂਬਾ ਕਨਵੀਨਰ ਅਤਿੰਦਰਪਾਲ ਸਿੰਘ, ਦੋਆਬਾ ਜੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ ਅਤੇ ਮਨਜੀਤ ਸਿੰਘ ਦਸੂਹਾ ਆਦਿ ਆਗੂਆਂ ਨੇ ਦੱਸਿਆ ਕਿ ਆਪ ਸਰਕਾਰ ਦੀ ਪੈਨਸਨ ਲਾਗੂ ਕਰਨ ਦੀ ਨਾਕਾਮੀ ਖਿਲਾਫ ਫਰੰਟ ਵੱਲੋਂ 1 ਤੋਂ 15 ਅਕਤੂਬਰ ਤੱਕ ਜ਼ਿਲ੍ਹਾ ਪੱਧਰੀ ਕਨਵੈਨਸ਼ਨਾਂ ਕਰਕੇ ਪੰਜਾਬ ਸਰਕਾਰ ਖਿਲਾਫ ਸ਼ਹਿਰਾਂ ਵਿੱਚ ਰੋਸ ਮਾਰਚ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਫਰੰਟ ਵੱਲੋਂ ਐੱਨ.ਐੱਮ.ਓ.ਪੀ.ਐੱਸ. ਦੀ 25 ਨਵੰਬਰ ਨੂੰ ਦਿੱਲੀ 'ਚ ਕੀਤੀ ਜਾਣ ਵਾਲੀ ਦੇਸ਼ ਪੱਧਰੀ ਰੈਲੀ ਦਾ ਸਮਰਥਨ ਕਰਦਿਆਂ ਰੈਲੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਫਰੰਟ ਦੇ ਜ਼ਿਲ੍ਹਾ ਜਨਰਲ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਵਿੱਤ ਸਕੱਤਰ ਨੰਦ ਰਾਮ, ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਪ੍ਰਵੀਨ ਸੇਰਪੁਰ ਅਤੇ ਬਲਬੀਰ ਸਿੰਘ ਧਾਮੀ ਆਦਿ ਆਗੂਆਂ ਨੇ ਕਿਹਾ ਕਿ ਕੇਂਦਰੀ ਮੋਦੀ ਸਰਕਾਰ ਨੇ ਸੰਸਦ ਦੇ ਮੌਨਸੂਨ ਸੈਸ਼ਨ ਵਿੱਚ ਪੁਰਾਣੀ ਪੈਨਸ਼ਨ ਦੀ ਬਹਾਲੀ ਤੋਂ ਕੋਰਾ ਇਨਕਾਰ ਕਰਕੇ ਦੇਸ਼ ਦੇ ਲੱਖਾਂ ਐੱਨ.ਪੀ.ਐੱਸ ਮੁਲਾਜ਼ਮਾਂ ਦੀ ਸੰਵਿਧਾਨਕ ਅਤੇ ਹੱਕੀ ਮੰਗ ਦਾ ਮੁੜ ਨਿਰਾਦਰ ਕੀਤਾ ਹੈ। ਜਿਸ ਦੇ ਖਿਲਾਫ ਮੁਲਾਜ਼ਮਾਂ ਵਿੱਚ ਤਿੱਖਾ ਰੋਸ ਹੈ। ਇਸ ਮੌਕੇ ਪ੍ਰਦੀਪ ਗੁਰੂ, ਜਰਨੈਲ ਡਘਾਮ, ਅਜੇ ਕੁਮਾਰ, ਕਰਨੈਲ ਸਿੰਘ, ਬਲਜਿੰਦਰ ਸਹੋਤਾ, ਮਨਜੀਤ ਸਿੰਘ ਸੈਣੀ, ਰਜਿੰਦਰ ਹੇਜਮਾਂ, ਜਸਮੀਤ ਸਿੰਘ, ਅਮਨਦੀਪ ਸਿੰਘ ਬੁੱਧੀ ਪਿੰਡ, ਜਸਵਿੰਦਰ ਝਿੰਗੜ, ਜੀਵਨ ਕੁਮਾਰ ਸੰਧੂ, ਜਸਵੀਰ ਬੋਦਲ, ਦਲਜੀਤ ਮੰਡ, ਬਲਕਾਰ ਸਿੰਘ, ਬਲਕਾਰ ਪੁਰੀਕਾ, ਸੰਜੀਵ ਕਲਸੀ, ਪਰਮਜੀਤ ਸਿੰਘ ਆਦਿ ਵੀ ਹਾਜ਼ਰ ਸਨ।

# ਸਮਾਜਿਕ ਸੁਰੱਖਿਆ ਵਿਭਾਗ ਦੇ 2 ਨਵ-ਨਿਯੁਕਤ ਕਰਮਚਾਰੀਆਂ ਨੂੰ ਡਾ. ਬਲਜੀਤ ਕੌਰ ਵੱਲੋਂ ਨਿਯੁਕਤੀ ਪੱਤਰ



**ਚੰਡੀਗੜ੍ਹ (ਗੁਰਜੀਤ ਬਿੱਲਾ)-** ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਪੰਜਾਬ ਭਵਨ ਵਿਖੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵਿੱਚ ਤਰਸ ਦੇ ਅਧਾਰ 'ਤੇ ਨਿਯੁਕਤ 2 ਨਵੇਂ ਕਲਰਕਾਂ ਨੂੰ ਨਿਯੁਕਤੀ ਪੱਤਰ ਸੌਂਪੇ।ਡਾ. ਬਲਜੀਤ ਕੌਰ ਨੇ ਕਿਹਾ ਕਿ ਤਰਸ ਦੇ ਅਧਾਰ 'ਤੇ ਦਿੱਤੀਆਂ ਗਈਆਂ ਨੌਕਰੀਆਂ ਦਾ ਮਕਸਦ ਉਹਨਾਂ ਪਰਵਾਰਾਂ ਨੂੰ ਆਰਥਿਕ ਸਹਾਰਾ ਪ੍ਰਦਾਨ ਕਰਨਾ ਹੈ ਜਿਨ੍ਹਾਂ ਦੇ ਘਰ-ਪਰਵਾਰ ਦੇ ਮੁਖੀ ਦੀ ਅਚਾਨਕ ਮੌਤ ਕਾਰਨ ਉਹ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੀ ਨਿਯੁਕਤੀ ਨਾ ਸਿਰਫ਼ ਪ੍ਰਭਾਵਿਤ ਪਰਵਾਰ ਨੂੰ ਨਵੀਂ ਉਮੀਦ ਦਿੰਦੀ ਹੈ, ਸਗੋਂ ਸਰਕਾਰ ਦੇ ਸੰਵੇਦਨਸ਼ੀਲ ਤੇ ਮਨੁੱਖਤਾ-ਭਰੇ ਰੁਖ ਨੂੰ ਵੀ ਦਰਸਾਉਂਦੀ ਹੈ।ਇਸ ਮੌਕੇ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਰੋਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰਕੇ ਯੁਵਾ ਵਰਗ ਨੂੰ ਹੌਸਲਾ ਦਿੱਤਾ ਜਾਵੇ। ਉਨ੍ਹਾਂ ਨੇ ਨਵੇਂ ਨਿਯੁਕਤ ਕੀਤੇ ਮੁਲਾਜ਼ਮਾਂ ਨੂੰ ਤਨਦੇਹੀ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਅਤੇ ਲੋਕਾਂ ਦੀ ਸੇਵਾ ਭਾਵਨਾ ਨਾਲ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਾਰਦਰਸ਼ੀ ਅਤੇ ਲੋਕ-ਹਿਤੈਸ਼ੀ ਨੀਤੀਆਂ ਰਾਹੀਂ ਯੁਵਾ ਪੀੜ੍ਹੀ ਨੂੰ ਰੋਜ਼ਗਾਰ ਦੇ ਮੌਕੇ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇਸ ਮੌਕੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਜਾਇੰਟ ਸਕੱਤਰ ਆਨੰਦ ਸਾਗਰ ਸ਼ਰਮਾ, ਡਿਪਟੀ ਡਾਇਰੈਕਟਰ ਅਮਰਜੀਤ ਸਿੰਘ ਭੁੱਲਰ ਅਤੇ ਗੁਲਬਹਾਰ ਤੁਰ ਵੀ ਮੌਜੂਦ ਸਨ।

# ਭੋਗ 'ਤੇ ਵਿਸ਼ੇਸ਼ — ਚਿਰਾਂ ਤੱਕ ਚੇਤਿਆਂ 'ਚ ਵੱਸਦਾ ਰਹੇਗਾ ਰੰਗਲਾ ਸੱਜਣ ਠੇਕੇਦਾਰ ਮਹਿੰਦਰ ਪਾਲ



ਠੇਕੇਦਾਰ ਮਹਿੰਦਰ ਪਾਲ ਕਸਬਾ ਸ਼ਾਹਕੋਟ ਦੇ ਉਨ੍ਹਾਂ ਵਿਅਕਤੀਆਂ ਵਿੱਚ ਸ਼ੁਮਾਰ ਸਨ, ਜਿਹੜੇ ਆਪਣੇ ਪਰਵਾਰ ਤੋਂ ਇਲਾਵਾ ਸਮਾਜ ਦੀ ਬਿਹਤਰੀ ਲਈ ਚੰਗਾ ਚਿਤਵਦੇ ਤੇ ਚੰਗਾ ਕਰਦੇ ਵੀ। ਉਹ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਇੱਕ ਮਜ਼ਦੂਰ ਪਰਵਾਰ ਵਾਲਾ ਹੈ।ਆਪਣੀ ਮਿਹਨਤੀ ਤੇ ਸੁਭਾਵਕ ਪ੍ਰਵਿਰਤੀ ਕਾਰਨ ਅੱਜ ਉਨ੍ਹਾਂ ਦੇ ਪਰਿਵਾਰ ਦਾ ਆਰਥਿਕ, ਸਮਾਜਿਕ ਤੇ ਸਿਆਸੀ ਖੇਤਰ ਵਿੱਚ ਸਤਿਕਾਰਤ ਰੁਤਬਾ ਹੈ। ਮਹਿੰਦਰ ਪਾਲ ਹੁਰਾਂ ਨੇ ਆਪਣੇ ਵੱਡੇ ਭਰਾ ਕੇਵਲ ਕ੍ਰਿਸ਼ਨ ਪਾਸੋਂ ਯੋਗ ਅਗਵਾਈ ਲਈ ਤੇ ਉਨ੍ਹਾਂ ਵਰਗੇ ਹੀ ਹੋ ਨਿੱਬੜੇ।ਕੇਵਲ ਕ੍ਰਿਸ਼ਨ ਹੁਰੀਂ ਨਗਰ ਪੰਚਾਇਤ ਸ਼ਾਹਕੋਟ ਦੇ ਮੀਤ ਪ੍ਰਧਾਨ ਹੁੰਦਿਆਂ ਪ੍ਰਧਾਨਗੀ ਵਾਲਾ ਮੁਕਾਬਲਾ ਰੱਖਦੇ ਸਨ।ਹਰ ਸਿਆਸੀ ਪਾਰਟੀ ਉਨ੍ਹਾਂ ਦੀ ਸਾਫ਼ ਸੁਥਰੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਰਹੀ ਹੈ।ਇਹੋ ਸਥਾਨ ਠੇਕੇਦਾਰ ਮਹਿੰਦਰ ਪਾਲ ਨੇ ਹਾਸਲ ਕੀਤਾ।ਮਹਿੰਦਰ ਪਾਲ ਹੁਰਾਂ ਨੇ ਐੱਫ ਸੀ ਆਈ ਵਿੱਚ ਸ਼ਾਨਦਾਰ ਪਾਰੀ ਖੇਡਦਿਆਂ ਵੀ ਕੀਤੀ।ਵਿਭਾਗ ਵੱਲੋਂ ਉਹ 28 ਫਰਵਰੀ 2018 ਨੂੰ ਸੇਵਾ ਮੁਕਤ ਹੋਏ ਸਨ।ਮਹਿੰਦਰ ਪਾਲ ਦੇ ਪੁੱਤਰ ਸੁਖਮਿੰਦਰ ਪਾਲ ਨੇ ਵੀ ਆਪਣੇ ਤਾਇਆ ਕੇਵਲ ਕ੍ਰਿਸ਼ਨ ਘਈ ਤੇ ਬਾਪ ਮਹਿੰਦਰ ਪਾਲ ਦੀ ਸਿਆਸੀ ਤੇ ਸਮਾਜਿਕ ਸ਼ਵੀ ਨੂੰ ਕਾਇਮ ਹੀ ਨਹੀਂ ਰੱਖਿਆ ਸਗੋਂ ਹੋਰ ਸਨਮਾਨਯੋਗ ਬਣਾਇਆ।ਸੁਖਮਿੰਦਰ ਪਾਲ ਨੇ ਨਗਰ ਪੰਚਾਇਤ ਸ਼ਾਹਕੋਟ ਦੇ ਮੈਂਬਰ ਵਜੋਂ ਜ਼ਿੰਮੇਵਾਰੀ ਨਿਭਾਉਂਦਿਆਂ ਪਨਸਪ ਦੇ ਠੇਕੇਦਾਰ ਵਜੋਂ ਵੀ ਨਮਾਣਾ ਖੱਟਿਆ। ਮਹਿੰਦਰ ਪਾਲ ਦੇ ਦੂਸਰੇ ਬੇਟੇ ਰਜਿੰਦਰ ਕੁਮਾਰ ਵਿੱਚੋਂ ਵੀ ਆਪਣੇ ਬਾਪ ਦੀ ਸ਼ਖ਼ਸੀਅਤ ਝਲਕਦੀ ਹੈ।ਇੱਕ ਗੱਲਬਾਤ ਦੌਰਾਨ ਸੁਖਮਿੰਦਰ ਪਾਲ ਕੋਲੋਂ ਪਤਾ ਲੱਗਾ ਕਿ ਉਨ੍ਹਾਂ ਦੇ ਪਿਤਾ ਸੱਤਰਾਂ ਨੂੰ ਟੱਪ ਚੁੱਕੇ ਸਨ।ਐਪਰ ਉਨ੍ਹਾਂ ਦੇ ਚਿਹਰੇ ਦੀ ਸਦਾ ਬਹਾਰ ਮੁਸਕਰਾਹਟ ਤੇ ਸਮਾਜਿਕ ਗਤੀਵਿਧੀਆਂ ਨੇ ਹਮੇਸ਼ਾ ਜਵਾਨ ਉਮਰ ਦਾ ਅਕਸ ਬਣਾਈ ਰੱਖਿਆ।ਮਹਿੰਦਰ ਪਾਲ ਦੀ ਸਦਾ ਬਹਾਰ ਮੁਸਕਰਾਹਟ ਤੋਂ ਸਰਦਾਰ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦਾ ਕਿਸੇ ਥਾਂ ਲਿਖਿਆ ਕਥਨ ਚੇਤਿਆਂ 'ਚ ਆ ਗਿਆ ਹੈ ਕਿ ਦੁਨੀਆ ਹੱਸਦੇ ਚਿਹਰੇ ਵੇਖਣਾ ਚਾਹੁੰਦੀ ਹੈ। ਲੱਗਦਾ ਹੈ ਕਿ ਪ੍ਰੀਤ ਲੜੀ ਦਾ ਉਕਤ ਕਥਨ ਮਹਿੰਦਰ ਪਾਲ ਦੇ ਅੰਦਰ ਸੁਭਾਅ 'ਚ ਵਸਦਾ ਰਿਹਾ ਹੋਵੇਗਾ। ਮਹਿੰਦਰ ਪਾਲ ਜਿੱਥੇ ਆਪਣੇ ਦੋਹਾਂ ਪੁੱਤਰਾਂ ਨਾਲ ਦੋਸਤੀ ਵਰਗਾ ਰਿਸ਼ਤਾ ਰੱਖਦਾ ਸੀ, ਤਿੰਨਾਂ ਧੀਆਂ ਦੀਆਂ ਸਧਰਾਂ ਨੂੰ ਵੀ ਪੂਰਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਿਹਾ।

ਮਹਿੰਦਰ ਪਾਲ ਹੁਰਾਂ ਦੇ ਵਿਛੋੜੇ ਦਾ ਸੱਲ ਤਾਂ ਬਹੁਤ ਵੱਡਾ ਹੈ ਪਰ ਤਸੱਲੀ ਇਸ ਗੱਲ ਦੀ ਹੈ ਕਿ ਉਹ ਆਪਣੇ ਪਿੱਛੇ ਖਿੜੀ ਹੋਈ ਪਰਿਵਾਰਕ ਫੁਲਵਾੜੀ ਛੱਡ ਕੇ ਗਏ ਹਨ। ਦੋਸਤਾਂ ਵਿੱਚ ਮਹਿੰਦਰ ਪਾਲ ਨੂੰ ਮੋਹ ਨਾਲ ਯਾਦ ਕੀਤਾ ਜਾਂਦਾ ਸੀ ਤੇ ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਵੀ ਰੰਗਲਾ ਸੱਜਣ ਚਿਰਾਂ ਤੱਕ ਚੇਤਿਆਂ 'ਚ ਵੱਸਦਾ ਰਹੇਗਾ।

ਅੱਜ ਉਨ੍ਹਾਂ ਨਮਿੱਤ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਸ਼ਾਹਕੋਟ ਵਿਖੇ ਹੋਵੇਗੀ।

**ਗਿਆਨ ਸੈਦਪੁਰੀ**
**98725-40447**

# ਚਾਰ ਰੋਜ਼ਾ ਜ਼ਿਲ੍ਹਾ ਕਬੱਡੀ ਖੇਡਾਂ ਤਹਿਤ ਲੜਕੀਆਂ ਦੇ ਮੁਕਾਬਲੇ ਸਮਾਪਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਇਥੋਂ ਦੇ ਐਸ ਜੀ ਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਚੱਲ ਰਹੀਆਂ ਜਿਲ੍ਹਾ ਸਕੂਲ ਨੈਸ਼ਨਲ ਸਟਾਈਲ ਕਬੱਡੀ ਖੇਡਾਂ ਤਹਿਤ ਲੜਕੀਆਂ ਦੇ ਦੋ ਰੋਜਾ ਮੁਕਾਬਲੇ ਸਮਾਪਤ ਹੋ ਗਏ। ਜਦੋਂ ਕਿ ਤੀਜੇ ਦਿਨ ਦੇ ਮੁੰਡਿਆਂ ਦੇ ਮੁਕਾਬਲਿਆਂ ਦੀ ਸ਼ੁਰੂਆਤ ਸਕੂਲ ਪ੍ਰਬੰਧਕ ਕਮੇਟੀ ਦੇ ਪੱਤਰ ਵਿਹਾਰਕ, ਸੀਨੀਅਰ ਐਡਵੋਕੇਟ ਅਤੇ ਸਰਵਿਸਿਜ ਦੇ ਸਾਬਕਾ ਕੋਚ ਐਡਵੋਕੇਟ ਪਾਖਰ ਸਿੰਘ ਭੱਠਲ ਵੱਲੋਂ ਕੀਤੀ ਗਈ। ਉਹਨਾਂ ਭਾਗ ਲੈਣ ਵਾਲੀਆਂ ਟੀਮਾਂ ਨਾਲ ਜਾਣ ਪਹਿਚਾਣ ਕੀਤੀ। ਐਡਵੋਕੇਟ ਭੱਠਲ ਨੇ ਬੋਲਦਿਆਂ ਕਿਹਾ ਕਿ ਹਰੇਕ ਵਿਦਿਆਰਥੀ ਨੂੰ ਖੇਡਾਂ 'ਚ ਭਾਗ ਲੈਣਾ ਬਹੁਤ ਜਰੂਰੀ ਹੈ ਕਿਉਂਕਿ ਖੇਡਾਂ ਨਾਲ ਹੀ ਹਰੇਕ ਮਨੁੱਖ ਦਾ ਮਾਨਸਿਕ ਵਿਕਾਸ ਹੋ ਸਕਦਾ ਹੈ। ਇਸ ਤੋਂ ਪਹਿਲਾਂ ਜਿਲ੍ਹਾ ਕਬੱਡੀ ਟੂਰਨਾਮੈਂਟ ਦੀ ਕਨਵੀਨਰ ਅਤੇ ਜੋਨਲ ਪ੍ਰਧਾਨ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਨੇ ਦੱਸਿਆ ਕਿ ਪਹਿਲੇ ਦੋ ਦਿਨ ਲੜਕੀਆਂ ਦੇ ਟੂਰਨਾਮੈਂਟ ਹੋ ਚੁੱਕੇ ਹਨ। ਹੁਣ ਅਗਲੇ ਦੋ ਦਿਨ ਮੁੰਡਿਆਂ ਦੇ ਮੁਕਾਬਲੇ ਹੋਣਗੇ। ਜਿਸ ਵਿੱਚ ਨੈਸਨਲ ਸਟਾਈਲ ਕਬੱਡੀ ਦੇ 14 ,17 ਅਤੇ 19 ਸਾਲ ਉਮਰ ਵਰਗ ਦੇ



ਮੁਕਾਬਲਿਆਂ ਦੇ ਜੇਤੂ ਸੂਬਾ ਪੱਧਰੀ ਖੇਡਾਂ ਵਿੱਚ ਭਾਗ ਲੈ ਸਕਣਗੇ। ਇਸ ਤੋਂ ਪਹਿਲਾਂ ਜੋਨਲ ਸਕੱਤਰ ਅਸੋਕ ਰਾਣਾ ਅਤੇ ਉਪ ਕਨਵੀਨਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਲੜਕੀਆਂ ਦੇ 19 ਸਾਲ ਉਮਰ ਵਰਗ ਵਿੱਚ ਸ੍ਰੀ ਆਨੰਦਪੁਰ ਸਾਹਿਬ ਨੇ ਪਹਿਲਾ ਜਦੋਂ ਕਿ ਰੂਪਨਗਰ ਨਾਲ ਦੂਸਰਾ ਅਤੇ ਤਖਤਗੜ੍ਹ ਜੋਨ ਨੇ ਤੀਜਾ ਸਥਾਨ ਹਾਸਲ ਕੀਤਾ।

# ਫ੍ਰੀ ਮੈਡੀਕਲ ਚੈੱਕਅੱਪ ਕੈਂਪ ਲਗਾਇਆ



**ਜਲੰਧਰ (ਰਾਜੇਸ਼ ਥਾਪਾ)-** ਚੜ੍ਹਦੀ ਕਲਾ ਸਪੋਰਟਸ ਐਂਡ ਯੂਥ ਕਲੱਬ ਕੋਟ ਖ਼ੁਰਦ, ਜਲੰਧਰ ਵੱਲੋਂ ਇੱਕ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਪਿੰਡ ਬੰਡਾਲਾ ਜ਼ਿਲ੍ਹਾ ਜਲੰਧਰ ਵਿਖੇ ਲਗਾਇਆ ਗਿਆ। ਜਿਸਦੇ ਵਿੱਚ ਪੰਜਾਹ ਵਿਅਕਤੀਆਂ ਦੇ ਮੈਡੀਕਲ ਟੈਸਟ ਕੀਤੇ ਗਏ ਤੇ ਮੌਕੇ ਤੇ ਹੀ ਆਯੁਰਵੈਦਿਕ ਦਵਾਈਆਂ ਵੀ ਦਿੱਤੀਆਂ ਗਈਅ। ਚੜ੍ਹਦੀ ਕਲਾ ਸਪੋਰਟਸ ਅਤੇ ਯੂਥ ਕਲੱਬ ਦੀ ਮੁਖੀ ਹਰਵਿੰਦਰ ਕੌਰ ਨੇ ਦੱਸਿਆ ਕਿ ਇਸ ਮੈਡੀਕਲ ਕੈਂਪ ਲਈ ਚੰਡੀਗੜ੍ਹ ਤੋਂ ਮੈਡੀਕਲ ਟੀਮ ਆਈ ਸੀ ਜਿਸ ਵਿੱਚ ਡਾਕਟਰ ਤਜਿੰਦਰ ਕੌਰ ਜਿਨ੍ਹਾਂ ਨੇ ਟੈਸਟ ਕੀਤੇ ਤੇ ਸੁਰਿੰਦਰ ਕੁਮਾਰ ਭੂਮਲਾ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ ਤੇ ਸ੍ਰੀਮਤੀ ਮਨਜੀਤ ਕੌਰ, ਜਸਪ੍ਰੀਤ ਕੌਰ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੰਤੋਖ ਸਿੰਘ ਦਾ ਬਹੁਤ ਸਹਿਯੋਗ ਰਿਹਾ।

# ਪ੍ਰਸ਼ਾਸਨ ਵੱਲੋਂ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਕੀਤੇ ਸੁਚਾਰੂ ਪ੍ਰਬੰਧ : ਜਸਪ੍ਰੀਤ ਸਿੰਘ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਸਬ ਡਵੀਜਨ ਦੇ ਉਨ੍ਹਾਂ ਪਿੰਡਾਂ ਦਾ ਦੌਰਾ ਕੀਤਾ ਜਿੱਥੇ ਸੰਭਾਵੀ ਹੜ੍ਹਾਂ ਦੀ ਸਥਿਤੀ ਬਣਦੀ ਹੈ। ਉਨ੍ਹਾਂ ਨੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਭਰੋਸਾ ਦਿੱਤਾ ਕਿ ਸਾਰੇ ਸੁਚਾਰੂ ਪ੍ਰਬੰਧ ਕੀਤੇ ਹੋਏ ਹਨ। ਲੋਕਾਂ ਨੂੰ ਅਫਵਾਹਾ ਤੇ ਬਿਲਕੁਲ ਯਕੀਨ ਨਹੀ ਕਰਨਾ ਚਾਹੀਦਾ, ਪ੍ਰਸਾਸ਼ਨ ਵੱਲੋਂ ਫਲੱਡ ਕੰਟਰੋਲ ਰੂਮ ਸਥਾਪਿਤ ਕੀਤਾ ਹੋਇਆ ਹੈ, ਅਤੇ ਸਾਡੇ ਅਧਿਕਾਰੀ ਕਰਮਚਾਰੀ ਨਿਰੰਤਰ ਇਲਾਕੇ ਵਿਚ ਨਜ਼ਰ ਰੱਖ ਰਹੇ ਹਨ। ਬੁਰਜ ਪਿੰਡ ਦਾ ਦੌਰਾ ਕਰਨ ਮੌਕੇ ਉਨ੍ਹਾਂ ਪਿੰਡਾਂ ਦੇ ਲੋਕਾਂ ਨਾਲ ਐਸ.ਡੀ.ਐਮ ਨੇ ਗੱਲਬਾਤ ਕੀਤੀ ਅਤੇ ਦੱਸਿਆ ਕਿ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ ਹਾਲੇ ਖਤਰੇ ਦੇ ਨਿਸ਼ਾਤ ਤੋ 14 ਫੁੱਟ ਹੇਠਾ ਹੈ। ਉਨ੍ਹਾਂ ਨੇ ਦੱਸਿਆ ਕਿ ਭਾਖੜਾ ਡੈਮ ਦੀ ਪਾਣੀ ਦੀ ਸਮਰੱਥਾ 1680 ਫੁੱਟ ਹੈ ਅਤੇ ਇਸ ਸਮੇਂ ਪਾਣੀ ਦਾ ਪੱਧਰ 1666 ਦੇ ਕਰੀਬ ਹੈ।



ਉਨ੍ਹਾਂ ਨੇ ਕਿਹਾ ਕਿ ਅਸੀ ਪਸ਼ੂ ਧੰਨ ਅਤੇ ਲੋਕਾਂ ਦੀਆਂ ਫਸਲਾਂ ਦਾ ਵੀ ਧਿਆਨ ਰੱਖ ਰਹੇ ਹਾਂ, ਕੁਝ ਥਾਵਾਂ ਤੇ ਫਸਲਾ ਦੇ ਨੁਕਸਾਨੇ ਜਾਣ ਬਾਰੇ ਪਤਾ ਲੱਗਾ ਹੈ, ਜਿਸ ਬਾਰੇ ਨਾਇਬ ਤਹਿਸੀਲਦਾਰ ਕਰਨਵੀਰ ਮਾਨ ਨੂੰ ਹਦਾਇਤ ਕਰ ਦਿੱਤੀ ਹੈ ਕਿ ਉਹ ਆਪਣੀ ਟੀਮ ਨਾਲ ਸਮੁੱਚੇ ਇਲਾਕੇ ਦਾ ਦੌਰਾ ਕਰਨ। ਉਨ੍ਹਾਂ ਨੇ ਦੱਸਿਆ ਕਿ ਨਾਇਬ ਤਹਿਸੀਲਦਾਰ ਨੂਰਪੁਰ ਬੇਦੀ ਮੈਡਮ ਸੁਨੀਤਾ ਨੇ ਬੀਤੀ ਦੇਰ ਸ਼ਾਮ ਸਬ ਤਹਿਸੀਲ ਨੂਰਪੁਰ ਬੇਦੀ ਦੇ ਪਿੰਡ ਅਮਰਪੁਰ ਬੇਲਾ ਦਾ ਦੌਰਾ ਕਰਕੇ ਸਥਿਤੀ ਦਾ ਜਾਇਜਾ ਲਿਆ ਹੈ। ਉਨ੍ਹਾਂ ਨੇ ਮੌਜੂਦਾ ਹਾਲਾਤ ਬਾਰੇ ਦੱਸਿਆ ਕਿ ਹਾਲਾਤ ਸੁਧਰ ਰਹੇ ਹਨ, ਪਾਣੀ ਦਾ ਪੱਧਰ ਨਿਰੰਤਰ ਘੱਟ ਰਿਹਾ ਹੈ, ਜਲਦ ਹੀ ਹਾਲਾਤ ਆਮ ਵਰਗੇ ਹੋ ਜਾਣਗੇ।

# ਝੋਨੇ ਨੂੰ ਪਈ ਬਿਮਾਰੀ ਨੇ ਕਿਸਾਨਾਂ ਨੂੰ ਕੀਤਾ ਕੱਖੋਂ ਹੌਲੇ



**ਨੰਗਲ (ਹਰਭਜਨ ਢਿੱਲੋਂ)-** ਇਸ ਵਾਰ ਝੋਨੇ ਦੀ ਫਸਲ ਨੂੰ ਇੱਕ ਵਾਰ ਫਿਰ ਬਿਮਾਰੀ ਨੇ ਘੇਰ ਲਿਆ ਹੈ। ਝੋਨੇ ਦਾ ਪੌਦਾ ਵਧਣ ਤੋਂ ਰੁਕ ਗਿਆ। ਨਜ਼ਦੀਕੀ ਪਿੰਡ ਸੰਗਤਪੁਰ ਦੇ ਕਿਸਾਨ ਮਹਿੰਦਰ ਸਿੰਘ, ਬਲਵੀਰ ਸਿੰਘ, ਤਿਲਕਰਾਜ, ਧਿਆਨ ਸਿੰਘ ਨੇ ਦੱਸਿਆ ਕਿ ਉਹਨਾਂ ਨੇ ਨਵਾਂ ਬੀਜ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ 132 ਪੀ ਆਰ ਲਿਆਂਦਾ ਕਿ ਇਸ ਵਾਰ ਫਸਲ ਝੋਨੇ ਦੀ ਫਸਲ ਚੰਗੀ ਹੋਵੇਗੀ। ਲੰਬਾ ਸਮਾਂ ਲਾਈਨ ਵਿੱਚ ਲੱਗਣ ਤੋਂ ਬਾਅਦ ਬੀਜ ਪ੍ਰਾਪਤ ਹੋਇਆ। ਪਰ ਹੁਣ ਜਦੋਂ ਨਿਸਰਨ ਦਾ ਮੌਕਾ ਆਇਆ ਤਾਂ ਪੌਦਾ ਇਕਦਮ ਰੁਕ ਗਿਆ। ਉਹਨਾਂ ਨੇ ਦੱਸਿਆ ਕਿ ਉਸ ਨਾਲ ਲੱਗਦੇ 126 ਪੀ ਆਰ ਝੋਨੇ ਦਾ ਬੀਜ ਬੀਜਿਆ ਸੀ ਪਰ ਉਹ ਬੀਜ ਸਹੀ ਹੈ। ਉਸ ਨੂੰ ਕੋਈ ਵੀ ਬਿਮਾਰੀ ਨਹੀਂ ਲੱਗੀ। ਇਸੇ ਤਰ੍ਹਾਂ ਬੀਜ 131 ਪੀ ਆਰ ਨੂੰ ਵੀ ਬਿਮਾਰੀ ਨੇ ਘੇਰ ਲਿਆ ਹੈ। ਕਿਸਾਨਾਂ ਨੂੰ ਕੋਈ ਸਮਝ ਨਹੀਂ ਆ ਰਹੀ ਕਿ ਉਹ ਕੀ ਕਰਨ। ਉਹਨਾਂ ਨੂੰ ਵਧੇਰੇ ਖਰਚਾ ਕਰਕੇ ਤਿਆਰ ਕੀਤੀ ਫਸਲ ਬਰਬਾਦ ਹੁੰਦੀ ਨਜਰ ਆ ਰਹੀ ਹੈ। ਇਸ ਸਬੰਧੀ ਖੇਤੀਬਾੜੀ ਮਾਹਰਾਂ ਨਾਲ ਵੀ ਗੱਲ ਕੀਤੀ ਗਈ ਤਾਂ ਉਹਨਾਂ ਨੇ ਦੱਸਿਆ ਕਿ ਜ਼ਿਆਦਾਤਰ 132 ਪੀ ਆਰ ਤੇ ਬਿਮਾਰੀ ਫੈਲ ਰਹੀ ਹੈ। ਇਸ 'ਤੇ ਵਾਇਰਸ ਦਾ ਲਗਾਤਾਰ ਹਮਲਾ ਹੋ ਰਿਹਾ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਜਦੋਂ ਉਹਨਾਂ ਨੂੰ ਯੂਨੀਵਰਸਿਟੀ ਨੇ ਬੀਜ ਦਿੱਤਾ ਫਿਰ ਇਹ ਘਟੀਆ ਬੀਜ ਦੀ ਸਪਲਾਈ ਕਿਉਂ ਨਹੀਂ ਰੋਕੀ ਗਈ। ਕਿਸਾਨਾਂ ਨੇ ਮੰਗ ਕੀਤੀ ਕਿ ਉਹਨਾਂ ਦੀ ਬੀਜੀ ਹੋਈ ਝੋਨੇ ਦੀ ਫਸਲ ਦੀ ਗਿਰਦਾਵਰੀ ਕਰਵਾ ਕੇ ਉਹਨਾਂ ਨੂੰ ਬਣਦਾ ਢੁਕਵਾਂ ਮੁਆਵਜ਼ਾ ਫੌਰੀ ਦਿੱਤਾ ਜਾਵੇ। ਇਸੇ ਤਰ੍ਹਾਂ ਦੀ ਬਿਮਾਰੀ ਫੈਲਣ ਦੀਆਂ ਹੋਰ ਵੀ ਪਿੰਡਾਂ ਵਿੱਚ ਕਿਸਾਨਾਂ ਕੋਲੋਂ ਸ਼ਿਕਾਇਤਾਂ ਮਿਲ ਰਹੀਆਂ ਹਨ।

# ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਇੱਕ ਹੋਰ ਵਿਤਕਰਾ

**• 10 ਲੱਖ ਰਾਸ਼ਨ ਕਾਰਡ ਧਾਰਕਾਂ ਦੇ ਨਾਂਅ ਸੂਚੀ 'ਚੋਂ ਹਟਾਉਣ ਦਾ ਤੁਗਲਕੀ ਫਰਮਾਨ ਗਰੀਬਾਂ ਨਾਲ ਸਿੱਧਾ ਜ਼ੁਲਮ : ਮੋਹਿੰਦਰ ਭਗਤ**



**ਜਲੰਧਰ (ਸ਼ੈਲੀ ਐਲਬਰਟ)-** ਮੋਹਿੰਦਰ ਭਗਤ ਕੈਬਨਿਟ ਮੰਤਰੀ ਨੇ ਕੇਂਦਰ ਦੀ ਭਾਜਪਾ ਸਰਕਾਰ ਦੇ ਨਵੇਂ ਫੈਸਲੇ ਦੀ ਕੜੀ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਦੇ ਲੱਖਾਂ ਗਰੀਬ ਪਰਵਾਰਾਂ ਦੇ ਮੂੰਹੋਂ ਰੋਟੀ ਛੀਨਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਜਪਾ ਸਰਕਾਰ ਨੇ 10 ਲੱਖ ਰਾਸ਼ਨ ਕਾਰਡ ਧਾਰਕਾਂ ਦੇ ਨਾਂਅ ਸੂਚੀ ਵਿੱਚੋਂ ਹਟਾਉਣ ਦਾ ਤੁਗਲਕੀ ਫਰਮਾਨ ਜਾਰੀ ਕਰਕੇ ਸਾਬਤ ਕਰ ਦਿੱਤਾ ਹੈ ਕਿ ਉਹ ਗਰੀਬਾਂ ਦੇ ਹਿੱਤਾਂ ਦੀ ਥਾਂ ਸਿਰਫ ਰਾਜਨੀਤਿਕ ਬਦਲੇ ਦੀ ਨੀਤੀ 'ਤੇ ਚੱਲ ਰਹੀ ਹੈ। ਮੋਹਿੰਦਰ ਭਗਤ ਨੇ ਕਿਹਾ ਕਿ ਇਹ ਫੈਸਲਾ ਨਾ ਸਿਰਫ ਗਰੀਬਾਂ ਵਾਸਤੇ ਘਾਤਕ ਹੈ, ਸਗੋਂ ਸਮਾਜਕ ਨਿਆਂ ਅਤੇ ਮਨੁੱਖੀ ਅਧਿਕਾਰਾਂ ਦੇ ਵੀ ਖਿਲਾਫ ਹੈ। ਮੋਹਿੰਦਰ ਭਗਤ ਨੇ ਦੋਸ਼ ਲਾਇਆ ਕਿ ਭਾਜਪਾ ਸਰਕਾਰ ਹਮੇਸ਼ਾ ਪੰਜਾਬ ਨਾਲ ਵਿਤਕਰੇ ਦੀ ਨੀਤੀ ਅਪਣਾਉਂਦੀ ਆ ਰਹੀ ਹੈ। ਕਦੇ ਕਿਸਾਨਾਂ ਨਾਲ, ਕਦੇ ਉਦਯੋਗਾਂ ਨਾਲ ਤੇ ਹੁਣ ਗਰੀਬਾਂ ਨਾਲ। ਇਹ ਨੀਤੀ ਸਿਰਫ ਪੰਜਾਬੀਆਂ ਨੂੰ ਹੱਕੋਂ ਵਾਂਝਾ ਕਰਨ ਦੀ ਸੋਚ ਹੈ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਮਾਨ ਸਰਕਾਰ ਅਤੇ ਆਮ ਆਦਮੀ ਪਾਰਟੀ ਗਰੀਬਾਂ ਦੇ ਹੱਕਾਂ ਦੀ ਰੱਖਿਆ ਲਈ ਹਰ ਮੰਚ 'ਤੇ ਲੜਾਈ ਲੜੇਗੀ। ਮੋਹਿੰਦਰ ਭਗਤ ਨੇ ਭਾਜਪਾ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਪੰਜਾਬ ਦੇ ਗਰੀਬਾਂ ਦੀ ਰੋਟੀ 'ਤੇ ਕੋਈ ਡਾਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕੇਂਦਰ ਸਰਕਾਰ ਨੂੰ ਤੁਰੰਤ ਇਹ ਫੈਸਲਾ ਰੱਦ ਕਰਕੇ ਗਰੀਬਾਂ ਦੇ ਹੱਕਾਂ ਦੀ ਪੁਨਰ ਸਥਾਪਨਾ ਕਰਨੀ ਚਾਹੀਦੀ ਹੈ।

# ਪੰਜਾਬ ਦੇ ਮੌਜੂਦਾ ਤੇ ਸਾਬਕਾ ਅੰਤਰਰਾਸ਼ਟਰੀ ਫੁੱਟਬਾਲ ਖਿਡਾਰੀਆਂ ਨੇ ਵਾਈ ਐਫ ਸੀ ਦੇ ਨਵੇਂ ਖੇਡ ਕੰਪਲੈਕਸ ਦਾ ਕੀਤਾ ਦੌਰਾ

**ਗੁਰਾਇਆ (ਬਿੰਦਰ ਸੁਮਨ)** ਯੂਥ ਫੁਟਬਾਲ ਕਲੱਬ ਰੁੜਕਾ ਕਲਾਂ ਜੋ ਕਿ ਪਿਛਲੇ 25 ਸਾਲਾਂ ਤੋਂ ਬੱਚਿਆਂ ਅਤੇ ਨੌਜਵਾਨਾਂ (ਲੜਕੇ ਲੜਕੀਆਂ) ਦੇ ਸਰਬਪੱਖੀ ਵਿਕਾਸ ਲਈ ਕੰਮ ਕਰਦੀ ਆ ਰਹੀ ਹੈ। ਉਥੇ ਹੀ ਇਸ ਕਲੱਬ ਦੇ ਹੁਣ ਤੱਕ ਤਕਰੀਬਨ 100 ਤੋਂ ਵੱਧ ਰਾਸ਼ਟਰੀ ਅਤੇ 25 ਦੇ ਕਰੀਬ ਅੰਤਰਰਾਸ਼ਟਰੀ ਫੁੱਟਬਾਲ ਖਿਡਾਰੀ ਪੈਦਾ ਕੀਤੇ ਹਨ। ਉੱਥੇ ਇਸ ਕਲੱਬ ਵੱਲੋਂ ਖੇਡਾਂ ਦੇ ਮਿਆਰ ਨੂੰ ਹੋਰ ਉੱਪਰ ਚੁੱਕਣ ਲਈ ਮਲਟੀ ਖੇਡ ਕੰਪਲੈਕਸ ਬਣਾਇਆ ਗਿਆ ਹੈ ਜਿੱਥੇ ਫੁੱਟਬਾਲ, ਕਬੱਡੀ, ਕ੍ਰਿਕਟ ਦੇ ਨਾਲ ਨਾਲ ਬਾਸਕਟਬਾਲ, ਟੇਬਲ ਟੈਨਿਸ, ਬੈਡਮਿੰਟਨ, ਪਿਕਲ ਬਾਲ ਆਦਿ ਖੇਡਾਂ ਨੂੰ ਹੋਰ ਉਤਸਾਹਿਤ ਕੀਤਾ ਜਾ ਰਿਹਾ ਹੈ। ਪਿਛਲੇ ਦਿਨੀਂ ਪੰਜਾਬ ਭਰ ਤੋਂ ਮੌਜੂਦਾ ਤੇ ਸਾਬਕਾ ਰਾਸਟਰੀ ਅਤੇ ਅੰਤਰਰਾਸਟਰੀ ਫੁੱਟਬਾਲ ਖਿਡਾਰੀਆਂ ਨੇ ਵਾਈ ਐਫ ਸੀ ਦੇ ਮਲਟੀ ਖੇਡ ਕੰਪਲੈਕਸ ਦਾ ਦੌਰਾ ਕੀਤਾ ਜਿਨ੍ਹਾਂ 'ਚ ਅਮਰਿੰਦਰ ਸਿੰਘ (ਅੰਤਰਰਾਸ਼ਟਰੀ



ਖਿਡਾਰੀ), ਗੁਰਕੀਰਤ ਨਨੀ (ਅੰਤਰਰਾਸ਼ਟਰੀ ਖਿਡਾਰੀ), ਹਰਮਨਜੋਤ ਖਾਬੜਾ (ਅੰਤਰਰਾਸ਼ਟਰੀ ਖਿਡਾਰੀ), ਕਰਨਜੀਤ ਸਿੰਘ (ਅੰਤਰਰਾਸ਼ਟਰੀ ਖਿਡਾਰੀ), ਮਨਜੀਤ ਸਿੰਘ ( ਅੰਤਰਰਾਸ਼ਟਰੀ ਖਿਡਾਰੀ), ਹਰਪ੍ਰੀਤ ਸਿੰਘ (ਅੰਤਰਰਾਸ਼ਟਰੀ ਖਿਡਾਰੀ) ਜੋ ਕਿ ਹੁਣ ਨਾਮਧਾਰੀ ਫੁੱਟਬਾਲ ਕਲੱਬ ਵਿੱਚ ਹੈਡ ਕੋਚ ਵਜੋਂ ਭੂਮਿਕਾ ਨਿਭਾ ਰਹੇ ਹਨ, ਸੁਖਵਿੰਦਰ ਸਿੰਘ (ਫੌਰਮਰ ਖਿਡਾਰੀ) ਮਨਵੀਰ ਸਿੰਘ (ਏ. ਜੀ. ਪੰਜਾਬ ਫੁਟਬਾਲ ਟੀਮ), ਕਰਨਦੀਪ ਸਿੰਘ (ਰੀਅਲ ਕਸਮੀਰ ਫੁਟਬਾਲ ਕਲੱਬ), ਪ੍ਰਤੀਕ ਜੋਸੀ ਹੈਡ ਕੋਚ ਐ ਲ .ਸੀ .ਐ ਫ .ਸੀ , ਆਸਿਮ ਹਸਨ ਫੁੱਟਬਾਲ ਕੋਚ, ਵਿਵੇਕ ਗੁਲਾਟੀ ਫੁੱਟਬਾਲ ਮੈਨੇਜਰ, ਅਨਵਰ ਅਲੀ (ਅੰਤਰਰਾਸਟਰੀ ਖਿਡਾਰੀ)ਜੋ ਕਿ ਵਾਈ.ਐਫ.ਸੀ. ਰੁੜਕਾ ਕਲਾਂ ਵਿੱਚ ਹੈਡ ਕੋਚ ਵਜੋਂ ਭੂਮਿਕਾ ਨਿਭਾ ਰਹੇ ਹਨ ਨੇ ਸ਼ਿਰਕਤ ਕੀਤੀ। ਅੰਤ ਵਿੱਚ ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਜੀ ਵੱਲੋਂ ਆਏ ਹੋਏ ਖਿਡਾਰੀਆਂ ਦਾ ਧੰਨਵਾਦ ਕੀਤਾ। ਇਸ ਸਮੇਂ ਕੁਲਵੰਤ ਸਿੰਘ ਬੰਟੀ ਫੁੱਟਬਾਲ ਕੋਚ, ਅੰਮ੍ਰਿਤਪਾਲ ਸਿੰਘ (ਕੋਚ), ਹਰਸ (ਹੈਡ ਆਫ ਐਕਸੀਲੈਂਸ), ਸੁਖਵਿੰਦਰ ਫੁਟਬਾਲ ਕੋਚ,ਸੰਦੀਪ ਸਿੰਘ,ਜਸਦੀਪ ਸਿੰਘ ਅਤੇ ਸਮੂਹ ਵਾਈ.ਐਫ.ਸੀ. ਸਟਾਫ ਹਾਜ਼ਰ ਸੀ।

# ਵੋਟ ਚੋਰੀ ਦੇਸ਼ ਦੇ ਲੋਕਤੰਤਰ ਨੂੰ ਵੱਡਾ ਖਤਰਾ : ਸੋਢੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਸੋਢੀ ਰਾਮ ਪੰਜਾਬ ਮੀਤ ਚੇਅਰਮੈਨ ਸੈੱਲ ਨੇ ਵੋਟ ਚੋਰੀ ਦੇ ਮਾਮਲੇ ਨੂੰ ਲੈ ਕੇ ਬਹੁਤ ਹੀ ਗੰਭੀਰ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਦੀ ਨਜ਼ਰ ਵਿੱਚ ਵੋਟ ਚੋਰੀ ਦੇਸ਼ ਦੇ ਲੋਕਤੰਤਰ ਨੂੰ ਸਭ ਤੋਂ ਵੱਡਾ ਖਤਰਾ ਹੈ। ਸੋਢੀ ਰਾਮ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਵੋਟ ਦੇ ਅਧਿਕਾਰ ਦੀ ਰੱਖਿਆ ਲਈ ਦੇਸ਼ ਭਗਤਾਂ ਨੇ ਆਪਣੀਆਂ ਜਾਨਾਂ ਤੱਕ ਵੀ ਵਾਰ ਦਿੱਤੀਆਂ ਸਨ। ਉੱਨਾਂ ਦੀ ਇਸ ਇਤਿਹਾਸਕ ਕੁਰਬਾਨੀ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਉੱਨਾਂ ਦੇ ਇਸ ਪਾਏਯੋਗਦਾਨ ਨੂੰ ਧਿਆਨ ਵਿੱਚ ਰੱਖਦੇ ਹੋਏ, ਵੋਟ ਚੋਰੀ ਨੂੰ ਕਿਸੇ ਵੀ ਕੀਮਤ ਤੇ ਬਰਦਾਸਤ ਨਹੀਂ ਕੀਤਾ ਜਾਵੇਗਾ।



# ਡਿਪਟੀ ਕਮਿਸ਼ਨਰ ਵੱਲੋਂ ਨਵ-ਨਿਯੁਕਤ 54 ਪਟਵਾਰੀਆਂ ਦਾ ਸਵਾਗਤ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-** ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਵਲੋਂ ਜਲੰਧਰ ਵਿਖੇ ਨਵੇਂ ਨਿਯੁਕਤ 54 ਪਟਵਾਰੀਆਂ ਦਾ ਸਵਾਗਤ ਕਰਦਿਆਂ ਉਹਨਾਂ ਨੂੰ ਪੂਰੀ ਲਗਨ, ਮਿਹਨਤ ਤੇ ਜ਼ਿੰਮੇਵਾਰੀ ਨਾਲ ਲੋਕਾਂ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਨਵ ਨਿਯੁਕਤ ਪਟਵਾਰੀਆਂ ਨੂੰ ਵਧਾਈ ਦਿੰਦਿਆਂ ਡਾ.ਅਗਰਵਾਲ ਨੇ ਕਿਹਾ ਕਿ ਉਹ ਬਹੁਤ ਖੁਸ਼ਕਿਸਮਤ ਹਨ ਕਿ ਉਹਨਾਂ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਪਟਵਾਰੀਆਂ ਨੂੰ ਮਾਲ ਵਿਭਾਗ ਦੀ ਰੀੜ੍ਹ ਦੀ ਹੱਡੀ ਦੱਸਦਿਆਂ ਕਿਹਾ ਕਿ ਇਹਨਾਂ 'ਤੇ ਗਿਰਦਾਵਰੀ, ਜ਼ਮੀਨ ਦੀ ਨਿਸ਼ਾਨਦੇਹੀ, ਮਾਲ ਵਿਭਾਗ ਦੇ ਰਿਕਾਰਡ ਦੀ ਸੰਭਾਲ ਅਤੇ ਜਮੀਨੀ ਪੱਧਰ 'ਤੇ ਕੀਤੀਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਸਮੇਤ ਕਈ ਅਹਿਮ ਜਿੰਮੇਵਾਰੀਆਂ ਹੁੰਦੀਆਂ ਹਨ। ਡਿਪਟੀ ਕਮਿਸ਼ਨਰ ਨੇ ਨਵ ਨਿਯੁਕਤ ਪਟਵਾਰੀਆਂ ਨੂੰ ਆਪਣੀ ਡਿਊਟੀ ਪੂਰੀ ਜਿੰਮੇਵਾਰੀ ਤੇ ਲਗਨ ਨਾਲ ਨਿਭਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ।



# ਨਨਕਾਣਾ ਸਾਹਿਬ ਖ਼ਾਲਸਾ ਸਕੂਲ ਦਾ ਬਲਾਕ ਟੂਰਨਾਮੈਂਟ 'ਚ ਸ਼ਾਨਦਾਰ ਪ੍ਰਦਰਸ਼ਨ

**ਸੁਲਤਾਨਪੁਰ ਲੋਧੀ (ਹਨੀ)** ਨਨਕਾਣਾ ਸਾਹਿਬ ਖ਼ਾਲਸਾ ਸੀਨੀਅਰ ਸਕੈਂਡਰੀ ਸਕੂਲ ਦੇ ਵਿਦਿਆਰਥੀਆਂ ਨੇ ਬਲਾਕ ਪੱਧਰੀ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਰਾਹੀਂ ਸਕੂਲ, ਮਾਪਿਆਂ, ਅਧਿਆਪਕਾਂ ਅਤੇ ਪੂਰੇ ਪ੍ਰਬੰਧਕੀ ਤੰਤਰ ਦਾ ਮਾਣ ਵਧਾਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਨਿਧੀ ਸੰਗੋਤਰਾ ਨੇ ਦੱਸਿਆ ਕਿ ਹੋਣਹਾਰ ਵਿਦਿਆਰਥੀ ਅਰਮਾਨ ਅੰਡਰ -19 ਵਰਗ 'ਚ 100 ਮੀਟਰ, 200 ਮੀਟਰ ਅਤੇ ਲੰਮੀ ਛਾਲ ਵਿੱਚ ਜੇਤੂ ਰਿਹਾ। ਸ਼ੰਬੂ ਅੰਡਰ-19 ਵਰਗ 'ਚ 400 ਮੀਟਰ ਦੌੜ ਵਿੱਚ ਪਹਿਲੇ, ਰੋਬਿਨ ਅੰਡਰ 17 ਵਰਗ 400 ਮੀਟਰ ਦੌੜ 'ਚ ਦੂਜੇ, ਰਨਬੀਰ ਅੰਡਰ 14 ਵਰਗ ਸ਼ਾਟ ਪੁੱਟ ਵਿੱਚ ਪਹਿਲੇ, ਪ੍ਰਿੰਸ ਅੰਡਰ 17 ਵਰਗ ਸ਼ਾਟ ਪੁੱਟ ਵਿੱਚ ਪਹਿਲੇ ਤੇ ਡਿਸਕਸ ਥਰੋ ਵਿੱਚ ਦੂਜੇ ਸਥਾਨ 'ਤੇ ਰਿਹਾ।ਕਮਲਪ੍ਰੀਤ ਅੰਡਰ 19 ਸ਼ਾਟ ਪੁੱਟ ਅਤੇ ਡਿਸਕਸ ਥਰੋ ਵਿੱਚ ਪਹਿਲੇ, ਬਿਕਰਮ ਅੰਡਰ ਸ਼ਾਟ ਪੁੱਟ ਵਿੱਚ ਦੂਜੇ ਸਥਾਨ 'ਤੇ ਰਿਹਾ।ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਮੋਹਿਤ ਅਤੇ ਮੰਗਾ ਦੀ ਚੋਣ ਜ਼ਿਲ੍ਹਾ ਪੱਧਰ 'ਤੇ ਕਬੱਡੀ ਟੀਮ 'ਚ ਚੋਣ ਹੋਈ ਹੈ।ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਡਾਇਰੈਕਟਰ ਸਕੂਲ ਅਤੇ ਇੰਜੀਨੀਅਰ ਨਿਮਰਤਾ ਕੌਰ ਪ੍ਰਸ਼ਾਸ਼ਕ ਨੇ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ।



# ਰਾਸ਼ਟਰੀ ਨੇਤਰਦਾਨ ਪੰਦਰਵਾੜਾ 25 ਤੋਂ 8 ਸਤੰਬਰ ਤੱਕ ਮਨਾਏਗੀ ਸੁਸਾਇਟੀ : ਸੰਜੀਵ ਅਰੋੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰੋਟਰੀ ਆਈ ਬੈਂਕ ਅਤੇ ਕਾਰਨੀਅਲ ਟ੍ਰਾਂਸਪਲਾਂਟੇਸਨ ਸੋਸਾਇਟੀ ਵੱਲੋਂ ਇੱਕ ਵਿਸੇਸ ਮੀਟਿੰਗ ਪ੍ਰਧਾਨ ਅਤੇ ਪ੍ਰਮੁੱਖ ਸਮਾਜਸੇਵੀ ਸੰਜੀਵ ਅਰੋੜਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਚੇਅਰਮੈਨ ਸ੍ਰੀ ਜੇ. ਬੀ. ਬਹਲ ਵਿਸੇਸ ਤੌਰ 'ਤੇ ਹਾਜ਼ਰ ਸਨ। ਮੀਟਿੰਗ ਦੌਰਾਨ 40ਵੇਂ ਰਾਸ਼ਟਰੀ ਨੇਤਰਦਾਨ ਪੰਦਰਵਾੜਾ ਮਨਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸੰਜੀਵ ਅਰੋੜਾ ਨੇ ਦੱਸਿਆ ਕਿ ਰਾਸਟਰੀ ਨੇਤਰਦਾਨ ਪੰਦਰਵਾੜੇ ਦੀ ਸ਼ੁਰੂਆਤ ਐਸ.ਟੀ. ਕਾਲਜ ਆਫ ਨਰਸਿੰਗ ਐਂਡ ਮੈਡੀਕਲ ਸਾਇੰਸ, ਮਹਿਲਾਂਵਾਲੀ ਤੋਂ ਕੀਤੀ ਜਾਵੇਗੀ, ਜਿੱਥੇ ਮੈਡੀਕਲ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਅਤੇ ਸਟਾਫ ਨੂੰ ਨੇਤਰਦਾਨ ਬਾਰੇ ਜਾਗਰੂਕ ਕੀਤਾ ਜਾਵੇਗਾ। ਸਰਕਾਰ ਵੱਲੋਂ ਵੀ ਸਹਿਰ ਦੇ ਵੱਖ-ਵੱਖ ਥਾਵਾਂ 'ਤੇ ਜਾਗਰੂਕਤਾ ਫੈਲਾਈ ਜਾਂਦੀ ਹੈ। ਉਸੇ ਤਰ੍ਹਾਂ ਰੋਟਰੀ ਆਈ ਬੈਂਕ ਵੱਲੋਂ ਪੰਦਰਵਾੜੇ ਦੌਰਾਨ ਵੱਖ-ਵੱਖ ਸਕੂਲਾਂ, ਕਾਲਜਾਂ, ਕੋਚਿੰਗ ਸੈਂਟਰਾਂ ਅਤੇ ਮੁਹੱਲਾ ਪੱਧਰ 'ਤੇ ਲੋਕਾਂ ਨੂੰ ਨੇਤਰਦਾਨ ਲਈ ਪ੍ਰੇਰਿਤ ਕੀਤਾ ਜਾਵੇਗਾ ਤਾਂ ਜੋ ਜਿਨ੍ਹਾਂ ਦੀ ਜ਼ਿੰਦਗੀ ਵਿੱਚ ਅੰਧਕਾਰ ਹੈ ਉਹਨਾਂ ਨੂੰ ਰੋਸਨੀ ਮਿਲ ਸਕੇ। ਇਸ ਮੌਕੇ ਚੇਅਰਮੈਨ ਜੇ. ਬੀ. ਬਹਲ ਨੇ ਕਿਹਾ ਕਿ ਕਾਰਨੀਅਲ ਅੰਧੇਪਨ ਨਾਲ ਪੀੜਤ ਮਰੀਜਾਂ ਦੀ ਗਿਣਤੀ ਬਹੁਤ ਵੱਧ ਹੈ ਪਰ ਕਾਰਨੀਆ ਦੀ ਕਲੈਕਸਨ ਉਸ ਹਿਸਾਬ ਨਾਲ ਘੱਟ ਹੈ। ਇਸ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ ਕਿ ਮਰਨ ਤੋਂ ਬਾਦ ਨੇਤਰਦਾਨ ਕਰਨ ਲਈ ਪ੍ਰਣ-ਪੱਤਰ ਜਰੂਰ ਭਰਨ। ਉਨ੍ਹਾਂ ਕਿਹਾ ਕਿ ਜੀਵਨ ਵਿੱਚ ਵਿਅਕਤੀ ਕਈ ਕਿਸਮ ਦੇ ਦਾਨ ਕਰਦਾ ਹੈ ਪਰ ਇਹੋ ਇਕ ਦਾਨ ਹੈ ਜੋ ਸਿਰਫ ਮਰਨ ਤੋਂ ਬਾਅਦ ਕੀਤਾ ਜਾਂਦਾ ਹੈ। ਇਸ ਲਈ ਸਾਨੂੰ ਜੀਉਂਦੇ ਜੀ ਨੇਤਰਦਾਨ ਪ੍ਰਣ-ਪੱਤਰ ਭਰਨੇ ਚਾਹੀਦੇ ਹਨ ਕਿਉਂਕਿ ਇੱਕ ਵਿਅਕਤੀ ਦੀਆਂ ਅੱਖਾਂ ਨਾਲ ਦੋ ਹਨ੍ਹੇਰੀ ਜਿੰਦਗੀਆਂ ਰੋਸਨ ਹੋ ਸਕਦੀਆਂ ਹਨ।ਉਨ੍ਹਾਂ ਕਿਹਾ ਕਿ ਪੰਦਰਵਾੜੇ ਦੇ ਆਖਰੀ ਦਿਨ ਰਿਆਤ ਬਾਹਰਾ ਗਰੁੱਪ ਆਫ ਇੰਸਟੀਟਿਊਟ ਵਿੱਚ ਨੇਤਰਦਾਨ ਸੰਬੰਧੀ ਸਮਾਰੋਹ ਕਰਵਾਇਆ ਜਾਵੇਗਾ। ਇਸ ਮੌਕੇ ਵੀਨਾ ਚੋਪੜਾ, ਮਦਨ ਲਾਲ ਮਹਾਜਨ, ਵਿਜੈ ਅਰੋੜਾ, ਦਵਿੰਦਰ ਅਰੋੜਾ, ਜਸਬੀਰ ਕੰਵਰ, ਅਸਵਨੀ ਦੱਤਾ, ਕ੍ਰਿਸ਼ਨ ਕਿਸ਼ੋਰ, ਈਸਾਨ ਜੈਨ ਆਦਿ ਮੌਜੂਦ ਸਨ।



# ਸ੍ਰੀ ਹਨੂਮਤ ਇੰਸਟੀਚਿਊਟ ਵਿਖੇ ਕਰਵਾਇਆ ਵਿਸ਼ਵ ਉੱਦਮੀ ਦਿਵਸ ਨੂੰ ਸਮਰਪਿਤ ਸੈਮੀਨਾਰ

**ਗੁਰਾਇਆ (ਬਿੰਦਰ ਸੁਮਨ)** ਸ੍ਰੀ ਹਨੂੰਮਾਨ ਇੰਸਟੀਚਿਊਟ (ਸ਼ਿਮਟ) ਵਿਖੇ ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਦੀ ਅਗਵਾਈ ਹੇਠ ਵਿਸ਼ਵ ਉੱਦਮੀ ਦਿਵਸ ਨੂੰ ਸਮਰਪਿਤ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਐਪਿਕ ਪੈਰਾਡਾਈਜ਼ ਦੇ ਸੰਸਥਾਪਕ ਨਿਰਦੇਸ਼ਕ ਯੁਵਰਾਜ ਸ਼ਰਮਾ ਮੁੱਖ ਬੁਲਾਰੇ ਵਜੋਂ ਹਾਜ਼ਰ ਆਏ। ਸੈਮੀਨਾਰ ਦਾ ਵਿਸ਼ਾ 'ਆਪਣੀ ਉੱਦਮੀ ਯਾਤਰਾ ਨੂੰ ਕਿਵੇਂ ਹੁਲਾਰਾ ਦੇਈਏ' ਸੀ? ਮੁੱਖ ਬੁਲਾਰੇ ਯੁਵਰਾਜ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਵਿਸ਼ਵ ਉੱਦਮੀ ਦਿਵਸ ਇੱਕ ਵਿਸ਼ਵ ਵਿਆਪੀ ਆਯੋਜਨ ਹੈ, ਜੋ ਦੁਨੀਆ ਭਰ ਦੇ ਉੱਦਮੀਆਂ ਦੇ ਯੋਗਦਾਨ ਨੂੰ ਮਾਨਤਾ ਦਿੰਦਾ ਹੈ ਅਤੇ ਉਨ੍ਹਾਂ ਦਾ ਸਨਮਾਨ ਕਰਦਾ ਹੈ। ਇਹ ਦਿਨ ਉੱਦਮਤਾ, ਨਵੀਨਤਾ ਅਤੇ ਲੀਡਰਸ਼ਿਪ ਦਾ ਜਸ਼ਨ ਮਨਾਉਣ ਦੇ ਨਾਲ-ਨਾਲ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਮਹੱਤਵਪੂਰਨ ਪਹਿਲੂਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਮਰਪਿਤ ਹੈ।ਉਨ੍ਹਾਂ ਸੈਮੀਨਾਰ ਦੇ ਵਿਸ਼ੇ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਕਿਸੇ ਵੀ ਨਵੀਂ ਕਾਰੋਬਾਰੀ ਯੋਜਨਾ ਨੂੰ ਲਾਗੂ ਕਰਨ ਤੋਂ ਪਹਿਲਾਂ, ਟਾਰਗੇਟ ਮਾਰਕੀਟ ਦੀਆਂ ਜ਼ਰੂਰਤਾਂ ਅਤੇ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ।ਫਿਰ ਆਪਣੇ ਵਿਚਾਰ ਨੂੰ ਟਾਰਗੇਟ ਗਾਹਕਾਂ ਨਾਲ ਸਾਂਝਾ ਕਰਕੇ ਫੀਡਬੈਕ ਪ੍ਰਾਪਤ ਕੀਤੀ ਜਾਂਦੀ ਹੈ।ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਤੁਹਾਡੇ ਵਿਚਾਰ ਲਈ ਇੱਕ ਮਜ਼ਬੂਤ ਬਾਜ਼ਾਰ ਹੋਵੇ। ਫਿਰ ਆਪਣੀ ਕਾਰੋਬਾਰੀ ਯੋਜਨਾ ਵਿੱਚ ਆਪਣੇ ਟੀਚਿਆਂ, ਰਣਨੀਤੀ ਅਤੇ ਵਿੱਤੀ ਅਨੁਮਾਨਾਂ ਨੂੰ ਸਪਸ਼ਟ ਤੌਰ 'ਤੇ ਪਰਿਭਾਸ਼ਿਤ ਕਰੋ।ਉਨ੍ਹਾਂ ਕਿਹਾ ਕਿ ਬਾਜ਼ਾਰ ਵਿੱਚ ਕਿਸੇ ਵੀ ਕਾਰੋਬਾਰ ਨੂੰ ਸ਼ੁਰੂ ਕਰਨ ਲਈ ਇੱਕ ਪ੍ਰਭਾਵਸ਼ਾਲੀ ਰਣਨੀਤੀ ਹੋਣੀ ਚਾਹੀਦੀ ਹੈ। ਆਪਣੇ ਗਾਹਕਾਂ ਤੱਕ ਪਹੁੰਚਣ ਲਈ ਵੱਖ-ਵੱਖ ਮਾਰਕੀਟਿੰਗ ਚੈਨਲਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।ਇਸ ਦੌਰਾਨ, ਉਨ੍ਹਾਂ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਅਤੇ ਉਨ੍ਹਾਂ ਦੀ ਉਤਸੁਕਤਾ ਨੂੰ ਸੰਤੁਸ਼ਟ ਕੀਤਾ। ਮਹਿਮਾਨ ਬੁਲਾਰੇ ਨੂੰ ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਅਤੇ ਅਕਾਦਮਿਕ ਡੀਨ ਦੀਪਕ ਠਾਕੁਰ ਵਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਭਰੋਸਾ ਦਿੱਤਾ ਕਿ ਵਿਦਿਆਰਥੀਆਂ ਲਈ ਅਜਿਹੇ ਜਾਣਕਾਰੀ ਭਰਪੂਰ ਸਮਾਗਮ ਭਵਿੱਖ ਵਿੱਚ ਵੀ ਜਾਰੀ ਰਹਿਣਗੇ।



# 5 ਅਣਅਧਿਕਾਰਤ ਕਲੋਨੀਆਂ ਨੂੰ ਢਾਹਿਆ

**ਹੁਸ਼ਿਆਰਪੁਰ (ਓ ਪੀ ਰਾਣਾ, ਬੀ ਐਸ ਸੈਣੀ)-** ਜ਼ਿਲ੍ਹਾ ਟਾਊਨ ਪਲਾਨਰ ਸੰਜੇ ਕੁਮਾਰ ਨੇ ਦੱਸਿਆ ਕਿ 20 ਅਗਸਤ ਨੂੰ ਡਿਊਟੀ ਮੈਜਿਸਟ੍ਰੇਟ ਤੇ ਪੁਲਸ ਫੋਰਸ ਦੀ ਮੌਜੂਦਗੀ ਵਿਚ ਪਿੰਡ ਗਾਲੜੀਆਂ ਤਹਿਸੀਲ ਮੁਕੇਰੀਆਂ, ਪਿੰਡ ਜ਼ਾਹਿਦਪੁਰ ਅਵਾਣਾ ਤਹਿਸੀਲ ਮੁਕੇਰੀਆਂ, ਪਿੰਡ ਨੰਗਲ ਬਿਹਾਲਾ ਸਬ-ਤਹਿਸੀਲ ਹਾਜੀਪੁਰ, ਪਿੰਡ ਬੇਗਪੁਰ ਕਮਲੂਹ ਸਬ-ਤਹਿਸੀਲ ਹਾਜੀਪੁਰ ਅਤੇ ਪਿੰਡ ਹਰਿਆਣਾ ਤਹਿਸੀਲ ਹੁਸ਼ਿਆਰਪੁਰ ਵਿਚ ਵਿਕਸਤ ਪੰਜ ਅਣਅਧਿਕਾਰਤ ਕਲੋਨੀਆਂ ਨੂੰ ਢਾਹ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਅਣਅਧਿਕਾਰਤ ਕਲੋਨੀਆਂ ਵਿਰੁੱਧ ਇਹ ਮੁਹਿੰਮ ਭਵਿੱਖ ਵਿਚ ਵੀ ਜਾਰੀ ਰਹੇਗੀ। ਨਾਲ ਹੀ ਆਮ ਲੋਕਾਂ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਅਜਿਹੀਆਂ ਗੈਰ-ਕਾਨੂੰਨੀ ਕਲੋਨੀਆਂ ਵਿਚ ਪਲਾਟ ਨਾ ਖਰੀਦਣ ਅਤੇ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।



# ਰਿਹਾਇਸ਼ੀ ਪਲਾਟਾਂ 'ਚੋਂ ਦਲਿਤ ਮਜ਼ਦੂਰਾਂ ਨੂੰ ਉਜਾੜਨ ਦੇ ਯਤਨਾਂ ਦਾ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਵਿਰੋਧ

**ਕਰਤਾਰਪੁਰ :** ਇੱਕ ਪਾਸੇ ਪੇਂਡੂ ਮਜ਼ਦੂਰਾਂ ਦੇ ਸੰਘਰਸ਼ ਦੌਰਾਨ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਨਾਲ ਪੰਜਾਬ ਸਰਕਾਰ ਦੀ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਸਬ ਕਮੇਟੀ ਵਲੋਂ ਮੀਟਿੰਗ ਵਿੱਚ ਕੀਤੇ ਫੈਸਲੇ ਤਹਿਤ ਹਾਜ਼ਰ ਪੰਚਾਇਤ ਵਿਭਾਗ ਦੇ ਡਾਇਰੈਕਟਰ ਪੰਜਾਬ ਨੂੰ ਪੰਚਾਇਤੀ ਜ਼ਮੀਨਾਂ ਵਿੱਚ ਬੈਠੇ ਮਜ਼ਦੂਰਾਂ ਨੂੰ ਉਜਾੜਨ ਦੀ ਥਾਂ ਰਿਹਾਇਸ਼ੀ ਪਲਾਟਾਂ ਦੇ ਮਾਲਕੀ ਹੱਕ ਦੇਣ ਦੇ ਹੁਕਮ ਦਿੱਤੇ ਗਏ ਸਨ ਪ੍ਰੰਤੂ ਇਹਨਾਂ ਹੁਕਮਾਂ ਨੂੰ ਅਫਸਰਸ਼ਾਹੀ ਟਿੱਚ ਸਮਝ ਰਹੀ ਹੈ। ਨੇੜਲੇ ਪਿੰਡ ਦਿਆਲਪੁਰ ਵਿਖੇ ਅੱਜ ਫਿਰ ਪੰਚਾਇਤੀ ਜ਼ਮੀਨ 'ਚ ਕਾਬਜ਼ ਦਲਿਤ ਮਜ਼ਦੂਰਾਂ ਨੂੰ ਬੇਦਖਲ ਕਰਨ ਲਈ ਮਾਲ ਮਹਿਕਮੇ ਦੇ ਅਧਿਕਾਰੀਆਂ ਨੇ ਵਾਰੰਟ ਕੱਢੇ ਸਨ। ਜਿਸ ਦੇ ਵਿਰੋਧ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਪੇਂਡੂ ਮਜ਼ਦੂਰਾਂ ਨੇ ਮੋਰਚਾ ਲਗਾਈ ਰੱਖਿਆ। ਜਿਸ ਸਦਕਾ ਇੱਕ ਫਿਰ ਮਜ਼ਦੂਰਾਂ ਦਾ ਉਜਾੜਾ ਟਲ ਗਿਆ। ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸਮੀਰ ਸਿੰਘ ਘੁੱਗਸ਼ੋਰ ਨੇ ਦੋਸ ਲਗਾਇਆ ਕਿ ਹਲਕਾ ਵਿਧਾਇਕ ਪੇਂਡੂ ਚੌਧਰੀਆਂ ਅਤੇ ਅਫਸਰਸਾਹੀ ਨਾਲ ਮਿਲ ਕੇ ਪਿੰਡ ਦਿਆਲਪੁਰ ਅਤੇ ਬੱਖੂਨੰਗਲ ਦੀ ਦਲਿਤ ਮਜ਼ਦੂਰਾਂ ਦੇ ਕਬਜ਼ੇ ਹੇਠਲੀ ਜ਼ਮੀਨ ਤੋਂ ਉਹਨਾਂ ਨੂੰ ਉਜਾੜ ਕੇ ਇਹ ਜ਼ਮੀਨ ਇੱਕ ਕਾਰਪੋਰੇਟਰ, ਫੈਕਟਰੀ ਮਾਲਕ ਨੂੰ ਦੇਣ ਲਈ ਲਗਾਤਾਰ ਯਤਨ ਕਰ ਰਹੇ ਹਨ। ਜਿਸ ਦਾ ਉਹਨਾਂ ਦੀ ਜਥੇਬੰਦੀ ਅਤੇ ਦਲਿਤ ਮਜ਼ਦੂਰ ਵਿਰੋਧ ਕਰ ਰਹੇ ਹਨ। ਕਾਂਗਰਸ ਸਰਕਾਰ ਦੇ ਸਮੇਂ ਹੋਰਨਾਂ ਪਿੰਡਾਂ ਵਾਂਗ ਦਿਆਲਪੁਰ ਵਿਖੇ ਪੰਜਾਬ ਸਰਕਾਰ ਦੀ ਬੇਘਰੇ ਅਤੇ ਬੇਜ਼ਮੀਨੇ ਕਿਰਤੀਆਂ ਨੂੰ 5-5 ਮਰਲੇ ਦੇ ਰਿਹਾਇਸੀ ਪਲਾਟ ਦੇਣ ਦੀ ਸਕੀਮ ਤਹਿਤ ਪਲਾਟ ਲੈਣ ਲਈ ਯੂਨੀਅਨ ਦੇ ਝੰਡੇ ਹੇਠ ਪੇਂਡੂ ਮਜ਼ਦੂਰਾਂ ਨੇ ਸੰਘਰਸ਼ ਕੀਤਾ। ਲੰਬੀ ਜੱਦੋਜਹਿਦ ਕਰਕੇ ਪਿੰਡ ਵਿੱਚ ਗ੍ਰਾਮ ਸਭਾ ਅਜਲਾਸ 'ਚ 5-5 ਮਰਲੇ ਦੇ ਰਿਹਾਇਸ਼ੀ ਪਲਾਟ ਅਲਾਟ ਕਰਾਉਣ ਲਈ ਮਤਾ ਪਾਸ ਕਰਵਾਇਆ ਗਿਆ। ਅਲਾਟਮੈਂਟ ਲਈ ਅਫਸਰਸ਼ਾਹੀ ਵਲੋਂ ਬਣਦੀ ਕਾਰਵਾਈ ਅਮਲ ਵਿੱਚ ਨਾ ਲਿਆਉਣ ਉਪਰੰਤ ਕਈ ਮਹੀਨਿਆਂ ਬਾਅਦ ਅੱਕੇ ਮਜ਼ਦੂਰਾਂ ਨੇ ਸਿੱਧੀ ਕਾਰਵਾਈ ਕਰਦਿਆਂ ਪੰਚਾਇਤੀ ਜ਼ਮੀਨ 'ਚ ਰਿਹਾਇਸ਼ ਕਰ ਲਈ। ਮਜ਼ਦੂਰਾਂ ਵਿਰੁੱਧ ਪੇਂਡੂ ਚੌਧਰੀਆਂ, ਅਫਸਰਸ਼ਾਹੀ ਅਤੇ ਹਾਕਮ ਧਿਰ ਦੇ ਸਿਆਸਤਦਾਨਾਂ ਨੇ ਗੱਠਜੋੜ ਬਣਾਇਆ ਹੋਇਆ ਹੈ। ਜੋ ਮਜ਼ਦੂਰਾਂ ਨੂੰ ਮਿਲਣ ਵਾਲੇ ਪਲਾਟਾਂ ਦੀ ਅਲਾਟਮੈਂਟ ਦੇ ਕਾਨੂੰਨੀ ਅਧਿਕਾਰ ਦਾ ਵਿਰੋਧ ਕਰ ਰਹੇ ਹਨ। ਮੌਜੂਦਾ ਸਰਕਾਰ ਵੀ ਮਜ਼ਦੂਰ ਵਿਰੋਧੀ ਗੱਠਜੋੜ ਨਾਲ ਖੜ੍ਹੀ ਹੈ।ਉਨ੍ਹਾਂ ਕਿਹਾ ਕਿ ਕਿਸਾਨ ਮਜਦੂਰ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤੀ ਲੋਕਾਂ ਵਲੋਂ ਵਿਰੋਧ ਉਪਰੰਤ ਭਗਵੰਤ ਮਾਨ ਸਰਕਾਰ ਦੀ ਪੇਂਡੂ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਨਾਲ 14 ਸਤੰਬਰ 2022 ਅਤੇ 31 ਅਗਸਤ 2023 ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਸਬ ਕਮੇਟੀ ਵਲੋਂ ਮੀਟਿੰਗਾਂ ਦੌਰਾਨ ਹਾਜ਼ਰ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਚੰਡੀਗੜ੍ਹ ਨੂੰ ਪੰਚਾਇਤੀ ਜ਼ਮੀਨਾਂ ਵਿੱਚ ਕਾਬਜ਼ ਬੇਜ਼ਮੀਨੇ ਮਜ਼ਦੂਰਾਂ ਨੂੰ ਰਿਹਾਇਸ਼ੀ ਪਲਾਟਾਂ ਚੋਂ ਉਜਾੜਨ ਦੀ ਥਾਂ ਮਾਲਕੀ ਹੱਕ ਦੇਣ ਲਈ ਆਦੇਸ਼ ਕੀਤੇ ਸਨ। ਉਨ੍ਹਾਂ ਐਲਾਨ ਕੀਤਾ ਕਿ ਦਲਿਤ ਮਜ਼ਦੂਰਾਂ ਦਾ ਉਜਾੜਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸਦਾ ਡੱਟ ਕੇ ਵਿਰੋਧ ਕਰਾਂਗੇ। ਇਸ ਮੌਕੇ ਯੂਨੀਅਨ ਦੇ ਸੂਬਾ ਯੂਥ ਵਿੰਗ ਆਗੂ ਗੁਰਪ੍ਰੀਤ ਸਿੰਘ ਚੀਦਾ, ਤਹਿਸੀਲ ਸਕੱਤਰ ਸਰਬਜੀਤ ਕੌਰ ਕੁੱਦੋਵਾਲ ਅਤੇ ਤਹਿਸੀਲ ਆਗੂ ਬਲਵਿੰਦਰ ਕੌਰ ਦਿਆਲਪੁਰ ਆਦਿ ਨੇ ਸੰਬੋਧਨ ਕੀਤਾ।



# ਖੇਡਾਂ ਵਤਨ ਪੰਜਾਬ ਦੀਆਂ-ਜ਼ਿਲ੍ਹੇ 'ਚ ਬਲਾਕ ਪੱਧਰੀ ਖੇਡਾਂ 4 ਤੋਂ 12 ਸਤੰਬਰ ਤੱਕ ਕਰਾਈਆਂ ਜਾਣਗੀਆਂ : ਜ਼ਿਲ੍ਹਾ ਖੇਡ ਅਫਸਰ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਡੀ)-** ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2025 ਤਹਿਤ ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰੀ ਖੇਡਾਂ 03 ਸਤੰਬਰ ਤੋਂ 23 ਨਵੰਬਰ ਤੱਕ ਕਰਵਾਈਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫਸਰ ਵੰਦਨਾ ਚੌਹਾਨ ਨੇ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਦਾ ਉਦਘਾਟਨ 29 ਅਗਸਤ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਖੇਡਾਂ ਦੀ ਸ਼ੁਰੂਆਤ ਤੋਂ ਪਹਿਲਾਂ ਟਾਰਚ ਰਿਲੇਅ ਹੋਵੇਗੀ ਜੋ 20 ਅਗਸਤ ਤੋਂ ਜਿਲ੍ਹਾ ਸੰਗਰੂਰ ਤੋਂ ਸ਼ੁਰੂ ਹੋ ਕੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਦੀ ਹੁੰਦੀ ਹੋਈ 29 ਅਗਸਤ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਪਹੁੰਚੇਗੀ ਜਿੱਥੋਂ ਹੁਸ਼ਿਆਰਪੁਰ ਲਈ ਰਵਾਨਾ ਹੋਵੇਗੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਬਲਾਕ ਪੱਧਰੀ ਖੇਡਾਂ 4 ਸਤੰਬਰ ਤੋਂ 12 ਸਤੰਬਰ ਤੱਕ ਵੱਖ-ਵੱਖ ਬਲਾਕਾਂ ਵਿੱਚ ਹੋਣਗੀਆਂ। ਉਨ੍ਹਾਂ ਦੱਸਿਆ ਕਿ ਬਲਾਕ ਨਵਾਸ਼ਹਿਰ ਵਿੱਚ 4-5 ਸਤੰਬਰ, ਬਲਾਕ ਬਲਾਚੌਰ ਅਤੇ ਸੜੋਆ ਵਿੱਚ 8-9 ਸਤੰਬਰ ਅਤੇ ਬਲਾਕ ਬੰਗਾ ਵਿਖੇ 11-12 ਸਤੰਬਰ ਨੂੰ ਵੱਖ-ਵੱਖ ਉਮਰ ਵਰਗ ਦੀਆਂ ਖੇਡਾਂ ਹੋਣਗੀਆਂ ਜਿਨ੍ਹਾਂ ਵਿੱਚ ਅਥਲੈਟਿਕਸ, ਵਾਲੀਬਾਲ, ਸ਼ੂਟਿੰਗ ਤੇ ਵਾਲੀਬਾਲ ਸ਼ਮੈਸ਼ਿੰਗ, ਕਬੱਡੀ ਸਰਕਲ, ਖੋ-ਖੋ ਸ਼ਾਮਲ ਹਨ।

# ਭਾਜਪਾ ਦਾ ਜ਼ਿਲ੍ਹਾ ਪ੍ਰਧਾਨ ਪੁਲਸ ਵੱਲੋਂ ਗ੍ਰਿਫਤਾਰ, ਦੁਪਹਿਰ ਬਾਅਦ ਛੱਡਿਆ

**ਬਲਾਚੌਰ (ਜਸਵਿੰਦਰ ਬੈਂਸ)-** ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਜਿਵੇਂ ਆਯੁਸ਼ਮਾਨ ਭਾਰਤ, ਕਿਸਾਨ ਸਨਮਾਨ ਨਿਧੀ, ਈ ਸ਼੍ਰਮ ਕਾਰਡ ਅਤੇ ਹੋਰ ਸਹੂਲਤਾਂ ਆਮ ਲੋਕਾਂ ਤੱਕ ਪਹੁੰਚਾਉਣ ਲਈ 1 ਜੁਲਾਈ



ਤੋਂ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਕੈਂਪ ਲਗਾਏ ਜਾ ਰਹੇ ਹਨ। ਇਸੇ ਤਰ੍ਹਾਂ ਅੱਜ ਪਿੰਡ ਬਣਾ ਵਿਖੇ ਕੈਂਪ ਲਗਾਉਣ ਲਈ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਦੀ ਅਗਵਾਈ ਵਿੱਚ ਟੀਮ ਜਦੋਂ ਪਿੰਡ ਬਣਾ ਵਿਖੇ ਪਹੁੰਚੀ ਤਾਂ ਮੌਕੇ 'ਤੇ ਪੁਲਸ ਫੋਰਸ ਬੜੀ ਵੱਡੀ ਗਿਣਤੀ ਵਿੱਚ ਤਾਇਨਾਤ ਸੀ। ਜਿਨ੍ਹਾਂ ਵਲੋਂ ਕੈਂਪ ਲਗਾਉਣ ਤੋਂ ਰੋਕਿਆ ਗਿਆ ਅਤੇ ਲੋਕਾਂ ਨੂੰ ਕੈਂਪ ਤੋਂ ਜ਼ਬਰਦਸਤੀ ਵਾਪਸ ਭੇਜਣਾ ਸ਼ੁਰੂ ਕਰ ਦਿੱਤਾ। ਜਦੋਂ ਜ਼ਿਲ੍ਹਾ ਪ੍ਰਧਾਨ ਨੇ ਮੌਕੇ 'ਤੇ ਜਾ ਕੇ ਪੁਲਸ ਮੁਲਾਜ਼ਮਾਂ ਨੂੰ ਪੁੱਛਿਆ ਕਿ ਤੁਸੀਂ ਲੋਕਾਂ ਦੀ ਭਲਾਈ ਲਈ ਲਗਾਏ ਕੈਂਪ ਨੂੰ ਕਿਉਂ ਰੁਕਵਾ ਰਹੇ ਹੋ ਤਾਂ ਉਨ੍ਹਾਂ ਨੇ ਕੋਈ ਤਸੱਲੀਬਖ਼ਸ਼ ਜਵਾਬ ਨਾ ਦਿੱਤਾ ਅਤੇ ਪੁਲਸ ਅਧਿਕਾਰਿਆਂ ਨੇ ਦੱਸਿਆ ਕਿ ਉਪਰਲੇ ਅਧਿਕਾਰੀਆਂ ਦਾ ਹੁਕਮ ਹੈ। ਜਦੋਂ ਬੀਜੇਪੀ ਦੇ ਕਾਰਜਕਰਤਾਵਾਂ ਨੇ ਕੈਂਪ ਲਗਾਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਫੋਰਸ ਵਲੋਂ ਰਾਜਵਿੰਦਰ ਸਿੰਘ ਲੱਕੀ ਅਤੇ ਉਨ੍ਹਾਂ ਦੇ ਸਾਥੀਆਂ ਰਾਣਾ ਅਮਨ ਕੌਸ਼ਲ ਐਡਵੋਕੇਟ, ਪਰਵੀਨ ਪੁਰੀ , ਜਸਵੰਤ ਖਰਲ ਨੂੰ ਜ਼ਬਰਦਸਤੀ ਫੜ ਕੇ ਗੱਡੀ ਵਿੱਚ ਬਿਠਾ ਲਿਆ ਅਤੇ ਜ਼ਿਲ੍ਹੇ ਦੇ ਵੱਖ ਵੱਖ ਰਸਤਿਆਂ ਵਿਚ ਘੁਮਾਉਂਦੇ ਰਹੇ ਅਤੇ ਅੰਤ ਵਿਚ ਬਲਾਚੌਰ ਡੀ ਐਸ ਪੀ ਦਫਤਰ ਵਿਖੇ ਬੈਠਾ ਲਿਆ ਅਤੇ ਕਾਫ਼ੀ ਲੰਬਾ ਸਮਾਂ ਬੈਠਾਉਣ ਤੋਂ ਬਾਅਦ ਛੱਡ ਦਿੱਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਰਿੰਦਰ ਕੌਰ ਥਾਂਦੀ, ਨਰਿੰਦਰ ਨਾਥ ਸੂਦਨ ਜ਼ਿਲ੍ਹਾ ਕੈਸ਼ੀਅਰ, ਕਮਲ ਸ਼ਰਮਾ, ਨਰਿੰਦਰ ਭਾਟੀਆ, ਪੰਕਜ ਕੁਮਾਰ ਜ਼ਿਲ੍ਹਾ ਯੂਥ ਪ੍ਰਧਾਨ ਗੁਰਨਾਮ ਸਿੰਘ ਕਿਸਾਨਾ, ਸ਼੍ਰੀਰਾਮ ਸਰਕਲ ਪ੍ਰਧਾਨ, ਨਰੇਸ਼ ਵਰਮਾ, ਵਿਜੇ ਟਕਾਰਲਾ, ਸ਼ਿਵ ਸ਼ਰਮਾ ਅਤੇ ਹੋਰ ਬਹੁਤ ਸਾਰੇ ਕਾਰਜਕਰਤਾ ਹਾਜ਼ਰ ਸਨ।